Space for Available for Advertising
WWW.PREETNEWS.COM
WWW.PREETNAMA.COM
preetnamausa @gmail.com

ਨਿਊਯਾਰਕ
# ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 295, ਮਿਤੀ : 14 ਮਾਰਚ ਤੋਂ 20 ਮਾਰਚ, 2025 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਖਾਲਿਸਤਾਨ ਹਮਾਇਤੀ ਗੁਰਪਤਵੰਤ ਪੰਨੂ ਦੇ ਕਤਲ ਦੀ ਕਥਿਤ ਸਾਜ਼ਿਸ਼ ਬਾਰੇ ਅਮਰੀਕਾ ਵਿੱਚ ਰਹਿੰਦੇ ਭਾਰਤੀਆਂ ਨੂੰ ਕਿੰਨਾ ਪਤਾ, ਸਰਵੇ ’ਚ ਹੋਏ ਵੱਡੇ ਖੁਲਾਸੇ



ਇੱਕ ਨਵੇਂ ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ ਭਾਰਤੀ ਅਮਰੀਕਨ ਭਾਰਤ ਦੇ ਭਵਿੱਖ ਬਾਰੇ ਆਸ਼ਾਵਾਦੀ ਹੋ ਰਹੇ ਹਨ, ਪਰ ਡੌਨਲਡ ਟਰੰਪ ਦੇ ਦੂਜੀ ਵਾਰ ਸੱਤਾ ਵਿੱਚ ਆਉਣ ਤੋਂ ਬਾਅਦ ਅਮਰੀਕਾ-ਭਾਰਤ ਸਬੰਧਾਂ ਨੂੰ ਲੈ ਕੇ ਉਨ੍ਹਾਂ ਵਿੱਚ ਗਹਿਰੀਆਂ ਚਿੰਤਾਵਾਂ ਹਨ। ਅਕਤੂਬਰ ਵਿੱਚ ਕਾਰਨੇਗੀ ਐਂਡੋਮੈਂਟ ਫਾਰ ਇੰਟਰਨੈਸ਼ਨਲ ਪੀਸ ਅਤੇ YouGov ਦੁਆਰਾ ਕਰਵਾਏ ਗਏ 2024 ਦੇ ਭਾਰਤੀ-ਅਮਰੀਕਨ ਸਰਵੇਖਣ ਵਿੱਚ ਭਾਰਤੀ-ਅਮਰੀਕਨ ਰਾਜਨੀਤਿਕ ਦ੍ਰਿਸ਼ਟੀਕੋਣ ਦੀ ਪੜਤਾਲ ਕੀਤੀ ਗਈ। ਪਿਛਲੇ ਸਾਲ ਭਾਰਤ ਅਤੇ ਅਮਰੀਕਾ ਵਿੱਚ ਦੋ ਮਹੱਤਵਪੂਰਨ ਚੋਣਾਂ ਹੋਈਆਂ, ਜਿਸ ਦੌਰਾਨ ਦੋਵਾਂ ਦੇਸ਼ਾਂ ਵਿਚਕਾਰ ਭਾਈਵਾਲੀ ਮਜ਼ਬੂਤ ਹੋਈ, ਪਰ ਕਦੇ ਕਦਾਈਂ ਤਣਾਅਪੂਰਨ ਵੀ ਰਹੀ। ਭਾਰਤੀ ਅਰਬਪਤੀ ਗੌਤਮ ਅਡਾਨੀ ਦੇ ਖਿਲਾਫ਼ ਅਮਰੀਕੀ ਅਦਾਲਤ ਵੱਲੋਂ ਇਲਜ਼ਾਮ ਤੈਅ ਕਰਨੇ ਅਤੇ ਅਮਰੀਕੀ ਧਰਤੀ ’ਤੇ ਭਾਰਤ ਦੀ ਹਮਾਇਤ ਨਾਲ ਹੱਤਿਆ ਦੀ ਸਾਜ਼ਿਸ਼ ਰਚਣ ਦੇ ਇਲਜ਼ਾਮਾਂ ਨੂੰ ਲੈ ਕੇ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਵਧ ਗਿਆ। ਅਮਰੀਕਾ ਵਿੱਚ 50 ਲੱਖ ਤੋਂ ਜ਼ਿਆਦਾ ਭਾਰਤੀ ਮੂਲ ਦੇ ਲੋਕਾਂ ਨਾਲ ਸਰਵੇਖਣ ਵਿੱਚ ਕੁਝ ਮੁੱਖ ਸਵਾਲ ਪੁੱਛੇ ਗਏ। ਅਮਰੀਕਾ ਵਿਚ ਰਹਿ ਰਹੇ ਭਾਰਤੀ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਦੇ ਅਮਰੀਕਾ-ਭਾਰਤ ਸਬੰਧਾਂ ਨੂੰ ਸੰਭਾਲਣ ਦੇ ਤਰੀਕੇ ਨੂੰ ਕਿਵੇਂ ਦੇਖਦੇ ਹਨ? ਕੀ ਉਹ ਡੋਨਾਲਡ ਟਰੰਪ ਨੂੰ ਬਿਹਤਰ ਵਿਕਲਪ ਮੰਨਦੇ ਹਨ? ਅਤੇ ਉਹ 2024 ਦੀਆਂ ਚੋਣਾਂ ਤੋਂ ਬਾਅਦ ਭਾਰਤ ਦੀ ਦਿਸ਼ਾ ਦਾ ਮੁਲਾਂਕਣ ਕਿਵੇਂ ਕਰਦੇ ਹਨ? ਇੱਥੇ ਰਿਪੋਰਟ ਦੇ ਕੁਝ ਮੁੱਖ ਸਿੱਟੇ ਸਾਹਮਣੇ ਆਏ ਹਨ ਜੋ 1,206 ਭਾਰਤੀ-ਅਮਰੀਕਨ ਬਾਲਗ ਨਿਵਾਸੀਆਂ ਦੇ ਰਾਸ਼ਟਰੀ ਪੱਧਰ ’ਤੇ ਕੀਤੇ ਗਏ ਔਨਲਾਈਨ ਸਰਵੇਖਣ ’ਤੇ ਆਧਾਰਿਤ ਹਨ।

**ਭਾਰਤ ਸਬੰਧੀ ਟਰੰਪ ਬਨਾਮ ਬਾਇਡਨ**

ਅਮਰੀਕਾ ਵਿੱਚ ਰਹਿੰਦੇ ਭਾਰਤੀਆਂ ਨੇ ਟਰੰਪ ਦੇ ਪਹਿਲੇ ਕਾਰਜਕਾਲ ਦੀ ਤੁਲਨਾ ਵਿੱਚ ਅਮਰੀਕਾ-ਭਾਰਤ ਸਬੰਧਾਂ ਨੂੰ ਲੈ ਕੇ ਬਾਇਡਨ ਪ੍ਰਸ਼ਾਸਨ ਨੂੰ ਵਧੇਰੇ ਅਨੁਕੂਲ ਮੰਨਿਆ ਹੈ। ਪੋਲਿੰਗ ਦੌਰਾਨ ਟਰੰਪ ਦੇ ਦੂਜੇ ਕਾਰਜਕਾਲ ਦੀ ਤੁਲਨਾ ਵਿੱਚ ਸੰਭਾਵਿਤ ਰਾਸ਼ਟਰਪਤੀ ਵਜੋਂ ਕਮਲਾ ਹੈਰਿਸ ਪ੍ਰਸ਼ਾਸਨ ਨੂੰ ਦੁਵੱਲੇ ਸਬੰਧਾਂ ਲਈ ਬਿਹਤਰ ਮੰਨਿਆ ਗਿਆ। ਪੱਖਪਾਤੀ ਧਰੁਵੀਕਰਨ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। 66 ਫ਼ੀਸਦ ਭਾਰਤੀ-ਅਮਰੀਕਨ ਰਿਪਬਲੀਕਨ ਮੰਨਦੇ ਹਨ ਕਿ ਟਰੰਪ ਅਮਰੀਕਾ-ਭਾਰਤ ਸਬੰਧਾਂ ਲਈ ਬਿਹਤਰ ਸਨ, ਜਦੋਂ ਕਿ ਸਿਰਫ਼ 8 ਫ਼ੀਸਦ ਡੈਮੋਕ੍ਰੇਟਸ ਇਸ ਨਾਲ ਸਹਿਮਤ ਹਨ। ਇਸ ਦੇ ਉਲਟ, 15% ਰਿਪਬਲਿਕਨਾਂ ਦੇ ਮੁਕਾਬਲੇ ਅੱਧੇ ਭਾਰਤੀ-ਅਮਰੀਕਨ ਡੈਮੋਕ੍ਰੇਟਸ ਬਾਇਡਨ ਦੇ ਹੱਕ ਵਿੱਚ ਹਨ। ਕਿਉਂਕਿ ਜ਼ਿਆਦਾਤਰ ਭਾਰਤੀ ਅਮਰੀਕਨ ਡੈਮੋਕ੍ਰੇਟ ਹਨ, ਇਸ ਨਾਲ ਬਾਇਡਨ ਨੂੰ ਸਮੁੱਚਾ ਵਾਧਾ ਮਿਲਦਾ ਹੈ। ਵ ?ਹਾਈਟ ਹਾਊਸ ਵਿਖੇ ਫਰਵਰੀ ਵਿੱਚ ਹੋਈ ਮੀਟਿੰਗ ਦੌਰਾਨ ਟਰੰਪ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੋਵਾਂ ਨੇ ਇੱਕ-ਦੂਜੇ ਦੀ ਅਗਵਾਈ ਦੀ ਪ੍ਰਸ਼ੰਸਾ ਕੀਤੀ, ਪਰ ਟਰੰਪ ਨੇ ਭਾਰਤ ਦੇ ਉੱਚ ਵਪਾਰਕ ਟੈਰਿਫ ਦੀ ਆਲੋਚਨਾ ਕਰਦੇ ਹੋਏ ਇਸ ਨੂੰ ’ਵੱਡੀ ਸਮੱਸਿਆ’ ਕਰਾਰ ਦਿੱਤਾ।

**ਭਾਰਤ ਦੇ ਭਵਿੱਖ ਬਾਰੇ ਕੀ ਰਾਇ**

47 ਫ਼ੀਸਦੀ ਭਾਰਤੀ ਅਮਰੀਕਨਾਂ ਦਾ ਮੰਨਣਾ ਹੈ ਕਿ ਭਾਰਤ ਸਹੀ ਦਿਸ਼ਾ ਵਿੱਚ ਅੱਗੇ ਵਧ ਰਿਹਾ ਹੈ, ਜੋ ਚਾਰ ਸਾਲ ਪਹਿਲਾਂ ਦੇ ਮੁਕਾਬਲੇ 10 ਫੀਸਦੀ ਵੱਧ ਹੈ। ਪ੍ਰਧਾਨ ਮੰਤਰੀ ਵਜੋਂ ਮੋਦੀ ਦੀ ਕਾਰਗੁਜ਼ਾਰੀ ਨੂੰ ਵੀ ਓਨੀ ਹੀ ਗਿਣਤੀ ਵਿੱਚ ਲੋਕ ਪਸੰਦ ਕਰਦੇ ਹਨ। ਇਸ ਤੋਂ ਇਲਾਵਾ 10 ਵਿੱਚੋਂ ਚਾਰ ਉੱਤਰਦਾਤਾ ਮਹਿਸੂਸ ਕਰਦੇ ਹਨ ਕਿ ਭਾਰਤ ਦੀਆਂ 2024 ਦੀਆਂ ਚੋਣਾਂ ਜਿਨ੍ਹਾਂ ਵਿੱਚ ਮੋਦੀ ਦੀ ਪਾਰਟੀ ਨੂੰ ਬਹੁਮਤ ਨਹੀਂ ਮਿਲਿਆ, ਇਹ ਦੇਸ਼ ਨੂੰ ਵਧੇਰੇ ਲੋਕਤੰਤਰੀ ਬਣਾਵੇਗਾ। ਸਰਵੇਖਣ ਵਿੱਚ ਪਾਇਆ ਗਿਆ ਕਿ ਬਹੁਤ ਭਾਰਤੀ ਅਮਰੀਕਨ ਮੋਦੀ ਦਾ ਸਮਰਥਨ ਕਰਦੇ ਹਨ ਅਤੇ ਮੰਨਦੇ ਹਨ ਕਿ ਭਾਰਤ ਸਹੀ ਰਸਤੇ ’ਤੇ ਹੈ, ਫਿਰ ਵੀ ਉਨ੍ਹਾਂ ਵਿੱਚੋਂ ਅੱਧੇ ਲੋਕ ਅਮਰੀਕੀ ਧਰਤੀ ’ਤੇ ਕਥਿਤ ਹੱਤਿਆ ਦੀ ਕੋਸ਼ਿਸ਼ ਤੋਂ ਅਣਜਾਣ ਹਨ। ਕੀ ਇਹ ਸੂਚਨਾ ਤੱਕ ਪਹੁੰਚ ਵਿੱਚ ਅੰਤਰ, ਚੋਣਵੇਂ ਮੁੱਦਿਆਂ ਨਾਲ ਜੁੜਨਾ ਜਾਂ ਵਿਆਪਕ ਰਾਸ਼ਟਰਵਾਦੀ ਭਾਵਨਾ ਦੇ ਪੱਖ ਵਿੱਚ ਕੁਝ ਕਾਰਵਾਈਆਂ ਨੂੰ ਨਜ਼ਰਅੰਦਾਜ਼ ਕਰਨ ਦੀ ਪ੍ਰਵਿਰਤੀ ਨੂੰ ਦਰਸਾਉਂਦਾ ਹੈ? ਅਧਿਐਨ ਦੇ ਸਹਿ-ਲੇਖਕ ਮਿਲਨ ਵੈਸ਼ਨਵ ਨੇ ਕਿਹਾ, ”ਇਸ ਦਾ ਸਹੀ ਕਾਰਨ ਦੱਸਣਾ ਔਖਾ ਹੈ, ਪਰ ਸਾਡਾ ਮੰਨਣਾ ਹੈ ਕਿ ਇਸ ਦਾ ਸਬੰਧ ਚੋਣਵੇਂ ਮੁੱਦਿਆਂ ਨਾਲ ਜੁੜਨ ਨਾਲ ਹੈ।” ਕਾਰਨੇਗੀ ਦੁਆਰਾ 2020 ਵਿੱਚ ਇਕੱਤਰ ਕੀਤੇ ਗਏ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਲਗਭਗ 60% ਭਾਰਤੀ ਅਮਰੀਕਨ ਨਿਯਮਤ ਤੌਰ ’ਤੇ ਸਰਕਾਰ ਅਤੇ ਜਨਤਕ ਮਾਮਲਿਆਂ ’ਤੇ ਨਜ਼ਰ ਰੱਖਦੇ ਹਨ, ਜਦੋਂਕਿ ਇੱਕ ਮਹੱਤਵਪੂਰਨ ਹਿੱਸਾ ”ਸਿਰਫ਼ ਥੋੜ੍ਹੇ ਸਮੇਂ ਲਈ’ ਇਸ ਵਿੱਚ ਸ਼ਾਮਲ ਹੁੰਦਾ ਹੈ। ਵੈਸ਼ਨਵ ਨੇ ਕਿਹਾ, ”ਅਕਸਰ ਲੋਕ ਖ਼ਬਰਾਂ, ਸੋਸ਼ਲ ਮੀਡੀਆ ਅਤੇ ਦੋਸਤਾਂ ਅਤੇ ਪਰਿਵਾਰ ਨਾਲ ਗੱਲਬਾਤ ਦੇ ਆਧਾਰ ’ਤੇ ਵਿਆਪਕ ਧਾਰਨਾ ਬਣਾ ਲੈਂਦੇ ਹਨ। ਹਾਲ ਹੀ ਵਿੱਚ ਅਮਰੀਕਾ ਵਿੱਚ ਖ਼ਬਰਾਂ ਦੇ ਆਏ ਹੜ੍ਹ ਨੂੰ ਦੇਖਦੇ ਹੋਏ, ਇਹ ਪੂਰੀ ਤਰ੍ਹਾਂ ਹੈਰਾਨੀਜਨਕ ਨਹੀਂ ਹੈ ਕਿ ’ਭਾੜੇ ਲਈ ਕਤਲ’ ਦੀ ਸਾਜ਼ਿਸ਼ ਭਾਈਚਾਰੇ ਦੇ ਇੱਕ ਵੱਡੇ ਵਰਗ ਤੱਕ ਨਹੀਂ ਪਹੁੰਚ ਸਕੀ ਹੋਵੇਗੀ।” ਭਾਰਤੀ ਅਮਰੀਕਨ, ਟਰੰਪ ਬਾਰੇ ਸੁਚੇਤ ਰਹਿੰਦੇ ਹਨ ਅਤੇ ਆਮ ਤੌਰ ’ਤੇ ਅਮਰੀਕਾ-ਭਾਰਤ ਸਬੰਧਾਂ ਲਈ ਬਾਇਡਨ ਜਾਂ ਹੈਰਿਸ ਦਾ ਪੱਖ ਲੈਂਦੇ ਹਨ, ਪਰ ਦੂਜੇ ਪਾਸੇ ਉਹ ਭਾਰਤ ਵਿੱਚ ਮੋਦੀ ਦੀ ਵਾਪਸੀ ਦਾ ਜ਼ੋਰਦਾਰ ਸਮਰਥਨ ਕਰਦੇ ਹਨ। ਮੋਦੀ ਦੀਆਂ ਰਾਸ਼ਟਰਵਾਦੀ ਨੀਤੀਆਂ ਦੇ ਮੱਦੇਨਜ਼ਰ, ਇਸ ਤਰ੍ਹਾਂ ਮੁੱਦਿਆਂ ਤੋਂ ਪਰੇ ਹੋਣ ਦੇ ਕੀ ਕਾਰਨ ਹਨ? ਕੀ ਇਹ ਵਿਚਾਰਧਾਰਾ ਨਾਲੋਂ ਜ਼ਿਆਦਾ ਵਿਅਕਤੀਗਤ ਪ੍ਰਭਾਵ ਤੋਂ ਪ੍ਰੇਰਿਤ ਹੈ? ਮਿਲਨ ਵੈਸ਼ਨਵ ਨੇ ਕਿਹਾ, ”ਇਹ ’ਜਿੱਥੇ ਤੁਸੀਂ ਬੈਠਦੇ ਹੋ, ਉੱਥੇ ਹੀ ਤੁਸੀਂ ਖੜ੍ਹੇ ਹੁੰਦੇ ਹੋ’ ਵਾਲਾ ਮਾਮਲਾ ਹੈ।” ਉਨ੍ਹਾਂ ਨੇ ਸਬੰਧਿਤ ਅਧਿਐਨ ਵਿੱਚ ਕਿਹਾ, ”ਅਸੀਂ ਇਸ ਪ੍ਰਸ਼ਨ ਦਾ ਗਹਿਰਾਈ ਨਾਲ ਅਧਿਐਨ ਕੀਤਾ ਹੈ ਅਤੇ ਸਿੱਟਾ ਕੱਢਿਆ ਹੈ ਕਿ ਭਾਰਤੀ ਅਮਰੀਕੀ ਆਮ ਤੌਰ ’ਤੇ ਭਾਰਤ ਦੇ ਮੁਕਾਬਲੇ ਅਮਰੀਕਾ ਦੇ ਨੀਤੀਗਤ ਮੁੱਦਿਆਂ ’ਤੇ ਜ਼ਿਆਦਾ ਉਦਾਰ ਵਿਚਾਰ ਰੱਖਦੇ ਹਨ।” ”ਉਦਾਹਰਨ ਵਜੋਂ, ਮੁਸਲਿਮ ਭਾਰਤੀ-ਅਮਰੀਕਨ ਜੋ ਭਾਰਤ ਅਤੇ ਅਮਰੀਕਾ ਦੋਵਾਂ ਵਿੱਚ ਘੱਟ ਗਿਣਤੀ ਹਨ, ਉਹ ਲਗਾਤਾਰ ਜ਼ਿਆਦਾ ਉਦਾਰਵਾਦੀ ਦ੍ਰਿਸ਼ਟੀਕੋਣ ਰੱਖਦੇ ਹਨ, ਉੱਥੇ ਹੀ ਹਿੰਦੂ ਭਾਰਤੀ-ਅਮਰੀਕਨ ਅਮਰੀਕਾ ਵਿੱਚ ਉਦਾਰਵਾਦੀ ਵਿਚਾਰ ਪ੍ਰਗਟ ਕਰਦੇ ਹਨ (ਜਿੱਥੇ ਉਹ ਘੱਟ ਗਿਣਤੀ ਹਨ), ਪਰ ਭਾਰਤ ਵਿੱਚ ਜ਼ਿਆਦਾ ਰੂੜੀਵਾਦੀ ਰੁਖ਼ ਰੱਖਦੇ ਹਨ, ਜਿੱਥੇ ਉਹ ਬਹੁਗਿਣਤੀ ਹਨ।” ਵੈਸ਼ਨਵ ਨੇ ਕਿਹਾ, ”ਦੂਜੇ ਸ਼ਬਦਾਂ ਵਿੱਚ ਕਿਸੇ ਵਿਅਕਤੀ ਦੀ ਬਹੁਗਿਣਤੀ ਜਾਂ ਘੱਟਗਿਣਤੀ ਸਥਿਤੀ ਉਸ ਦੇ ਰਾਜਨੀਤਿਕ ਵਿਚਾਰਾਂ ਨੂੰ ਆਕਾਰ ਦੇਣ ਵਿੱਚ ਮੁੱਖ ਭੂਮਿਕਾ ਨਿਭਾਉਂਦੀ ਹੈ।” ਜੇਕਰ ਭਾਰਤੀ ਅਮਰੀਕਨ ਟਰੰਪ ਨੂੰ ਦੁਵੱਲੇ ਸਬੰਧਾਂ ਲਈ ਖ਼ਤਰੇ ਵਜੋਂ ਦੇਖਦੇ ਹਨ, ਤਾਂ ਉਨ੍ਹਾਂ ਨੇ ਉਨ੍ਹਾਂ ਦੇ ਪਹਿਲੇ ਕਾਰਜਕਾਲ ਦੌਰਾਨ ਉਨ੍ਹਾਂ ਦਾ ਸਵਾਗਤ ਕਿਉਂ ਕੀਤਾ, ਜਿਵੇਂ ਕਿ ’ਹਾਊਡੀ ਮੋਦੀ’ ਵਰਗੇ ਸਮਾਗਮਾਂ ਵਿੱਚ ਦੇਖਿਆ ਗਿਆ ਸੀ? ਕੀ ਟਰੰਪ ਪ੍ਰਤੀ ਉਨ੍ਹਾਂ ਦੀ ਰਾਇ ਉਨ੍ਹਾਂ ਦੀਆਂ ਨੀਤੀਆਂ ਦੇ ਕਾਰਨ ਬਦਲ ਗਈ ਹੈ, ਜਾਂ ਕੀ ਇਹ ਰਾਜਨੀਤਿਕ ਧਾਰਨਾਵਾਂ ਵਿੱਚ ਬਦਲਾਅ ਦੇ ਕਾਰਨ ਹੈ? ਮਿਲਨ ਵੈਸ਼ਨਵ ਨੇ ਕਿਹਾ, ”ਸਾਨੂੰ ਇੱਕ ਘਟਨਾ ਜਾਂ ਭਾਰਤੀ-ਅਮਰੀਕਨ ਆਬਾਦੀ ਦੇ ਇੱਕ ਹਿੱਸੇ ਤੋਂ ਵੀ ਆਮ ਧਾਰਨਾ ਨਹੀਂ ਬਣਾਉਣੀ ਚਾਹੀਦੀ।“ ’ਹਾਊਡੀ ਮੋਦੀ’ ਵਿੱਚ 50,000 ਤੋਂ ਵੱਧ ਭਾਰਤੀ ਅਮਰੀਕਨ ਸਭ ਤੋਂ ਪਹਿਲਾਂ ਮੋਦੀ ਨੂੰ ਦੇਖਣ ਲਈ ਇਕੱਠੇ ਹੋਏ ਸਨ, ਨਾ ਕਿ ਟਰੰਪ ਨੂੰ ਦੇਖਣ ਲਈ। ਯਾਦ ਕਰੋ ਕਿ ਟਰੰਪ ਨੂੰ ਇਸ ਵਿੱਚ ਬਾਅਦ ਵਿੱਚ ਸ਼ਾਮਲ ਕੀਤਾ ਗਿਆ ਸੀ।÷ ”ਦੂਜਾ, ਇਹ ਵੰਨ-ਸੁਵੰਨਾ ਡਾਇਸਪੋਰਾ ਹੈ ਜਿਸ ਵਿੱਚ ਵੱਖ ਵੱਖ ਰਾਜਨੀਤਿਕ ਵਿਚਾਰ ਹਨ। ਜਦੋਂ ਕਿ ਇੱਕ ਬਹੁਤ ਵੱਡੀ ਘੱਟ ਗਿਣਤੀ ਵਜੋਂ ਭਾਰਤੀ ਅਮਰੀਕਨ ਲੋਕ ਡੈਮੋਕ੍ਰੇਟਿਕ ਪਾਰਟੀ ਵੱਲ ਬਹੁਤ ਜ਼ਿਆਦਾ ਝੁਕਾਅ ਰੱਖਦੇ ਹਨ। ਸਾਡਾ ਅਨੁਮਾਨ ਸੀ ਕਿ 2024 ਵਿੱਚ ਲਗਭਗ 30% ਟਰੰਪ ਦੇ ਅਧੀਨ ਰਿਪਬਲਿਕਨਾਂ ਦਾ ਸਮਰਥਨ ਕਰਨਗੇ।”

## ਕਤਲ ਦੀ ਸਾਜ਼ਿਸ਼ ਦੇ ਇਲਜ਼ਾਮਾਂ ’ਤੇ ਵਿਵਾਦ

ਅਮਰੀਕੀ ਧਰਤੀ ’ਤੇ ਇੱਕ ਵੱਖਵਾਦੀ ਦੀ ਹੱਤਿਆ ਕਰਨ ਦੀ ਕਥਿਤ ਭਾਰਤੀ ਸਾਜ਼ਿਸ਼ ਬਾਰੇ ਸਰਵੇ ਵਿੱਚ ਪੁੱਛੇ ਲੋਕਾਂ ਨੂੰ ਜ਼ਿਆਦਾ ਜਾਣਕਾਰੀ ਨਹੀਂ ਸੀ, ਸਿਰਫ਼ ਅੱਧੇ ਉੱਤਰਦਾਤਾਵਾਂ ਨੂੰ ਹੀ ਇਸ ਦੀ ਜਾਣਕਾਰੀ ਸੀ। ਅਕਤੂਬਰ ਵਿੱਚ ਅਮਰੀਕਾ ਨੇ ਇੱਕ ਸਾਬਕਾ ਭਾਰਤੀ ਖੁਫ਼ੀਆ ਅਧਿਕਾਰੀ ’ਤੇ ਆਜ਼ਾਦ ਸਿੱਖ ਰਾਜ, ਖਾਲਿਸਤਾਨ ਲਈ ਅਮਰੀਕਾ-ਆਧਾਰਿਤ ਸਮਰਥਕ ਗੁਰਪਤਵੰਤ ਸਿੰਘ ਪੰਨੂ ਦੀ ਕਥਿਤ ਤੌਰ ’ਤੇ ਹੱਤਿਆ ਦੀ ਸਾਜ਼ਿਸ਼ ਰਚਣ ਅਤੇ ਮਨੀ ਲਾਂਡਰਿੰਗ ਦਾ ਇਲਜ਼ਾਮ ਲਗਾਇਆ ਸੀ। ਇਹ ਪਹਿਲੀ ਵਾਰ ਹੈ ਜਦੋਂ ਭਾਰਤ ਸਰਕਾਰ ਉੱਤੇ ਵੱਖਵਾਦੀ ਦੀ ਹੱਤਿਆ ਦੀ ਕੋਸ਼ਿਸ਼ ਵਿੱਚ ਸਿੱਧੇ ਤੌਰ ’ਤੇ ਸ਼ਾਮਲ ਹੋਣ ਦੇ ਇਲਜ਼ਾਮ ਲਗਾਏ ਗਏ ਹਨ। ਭਾਰਤ ਨੇ ਇਸ ਸਬੰਧੀ ਕਿਹਾ ਹੈ ਕਿ ਉਹ ਅਮਰੀਕਾ ਦੀ ਜਾਂਚ ਵਿੱਚ ਸਹਿਯੋਗ ਕਰ ਰਿਹਾ ਹੈ। ਜਨਵਰੀ ਵਿੱਚ ਅਮਰੀਕਾ ਦੇ ਇਲਜ਼ਾਮਾਂ ਦੀ ਜਾਂਚ ਕਰਨ ਲਈ ਭਾਰਤ ਦੁਆਰਾ ਗਠਿਤ ਇੱਕ ਪੈਨਲ ਨੇ ਇੱਕ ਅਗਿਆਤ ਵਿਅਕਤੀ ਖਿਲਾਫ਼ ਕਾਨੂੰਨੀ ਕਾਰਵਾਈ ਦੀ ਸਿਫਾਰਸ਼ ਕੀਤੀ ਸੀ, ਜਿਸ ਬਾਰੇ ਮੰਨਿਆ ਜਾਂਦਾ ਹੈ ਕਿ ਉਹ ਸਾਬਕਾ ਖੁਫ਼ੀਆ ਏਜੰਟ ਹੈ। ਸਰਵੇਖਣ ਦੇ ਉੱਤਰਦਾਤਾਵਾਂ ਦੀ ਇੱਕ ਛੋਟੀ ਬਹੁਗਿਣਤੀ ਨੇ ਕਿਹਾ ਕਿ ਭਾਰਤ ਵੱਲੋਂ ’ਅਜਿਹੀ ਕਾਰਵਾਈ ਕਰਨਾ ਜਾਇਜ਼ ਨਹੀਂ ਹੋਵੇਗਾ ਅਤੇ ਜੇਕਰ ਸਥਿਤੀ ਨੂੰ ਉਲਟਾ ਦਿੱਤਾ ਗਿਆ ਤਾਂ ਅਮਰੀਕਾ ਬਾਰੇ ਵੀ ਉਨ੍ਹਾਂ ਦੀ ਇਹੀ ਭਾਵਨਾ ਹੋਵੇਗੀ। ਇਜ਼ਰਾਇਲ ਅਤੇ ਫਲਸਤੀਨ ਦੇ ਵਿਸ਼ੇ ਬਾਰੇ ਕੀ ਰਾਇ

ਭਾਰਤੀ ਅਮਰੀਕਨ ਪਾਰਟੀ ਲਾਈਨਾਂ ਦੇ ਆਧਾਰ ’ਤੇ ਵੰਡੇ ਹੋਏ ਹਨ, ਡੈਮੋਕ੍ਰੇਟਸ ਫਲਸਤੀਨੀਆਂ ਪ੍ਰਤੀ ਜ਼ਿਆਦਾ ਹਮਦਰਦੀ ਪ੍ਰਗਟ ਕਰਦੇ ਹਨ, ਜਦੋਂਕਿ ਰਿਪਬਲਿਕਨ ਇਜ਼ਰਾਈਲ ਦੇ ਪੱਖ ਵਿੱਚ ਹਨ। 10 ਵਿੱਚੋਂ ਚਾਰ ਉੱਤਰਦਾਤਾਵਾਂ ਦਾ ਮੰਨਣਾ ਹੈ ਕਿ ਇਜ਼ਰਾਈਲ-ਫਲਸਤੀਨ ਦੇ ਚੱਲ ਰਹੇ ਸੰਘਰਸ਼ ਵਿੱਚ ਬਾਇਡਨ ਇਜ਼ਰਾਈਲ ਦੇ ਬਹੁਤ ਜ਼ਿਆਦਾ ਸਮਰਥਕ ਰਹੇ ਹਨ। ਅਕਤੂਬਰ 2023 ਵਿੱਚ ਗਾਜ਼ਾ ਤੋਂ ਹਮਾਸ ਦੇ ਲੜਾਕਿਆਂ ਦੁਆਰਾ ਕੀਤੇ ਗਏ ਹਮਲੇ ਵਿੱਚ ਇਜ਼ਰਾਈਲ ਦੇ ਅੰਦਰ ਲਗਭਗ 1,200 ਲੋਕ ਮਾਰੇ ਗਏ, ਜਿਨ੍ਹਾਂ ਵਿੱਚ ਜ਼ਿਆਦਾਤਰ ਨਾਗਰਿਕ ਸਨ ਅਤੇ 251 ਲੋਕਾਂ ਨੂੰ ਬੰਧਕ ਬਣਾਇਆ ਗਿਆ ਸੀ। ਜ਼ਿਆਦਾਤਰ ਨੂੰ ਜੰਗਬੰਦੀ ਸਮਝੌਤਿਆਂ ਜਾਂ ਹੋਰ ਪ੍ਰਬੰਧਾਂ ਤਹਿਤ ਰਿਹਾਅ ਕਰ ਦਿੱਤਾ ਗਿਆ ਹੈ। ਹਮਾਸ ਦੁਆਰਾ ਸੰਚਾਲਿਤ ਸਿਹਤ ਮੰਤਰਾਲੇ ਦੇ ਅਨੁਸਾਰ, ਇਜ਼ਰਾਈਲ ਦੇ ਫੌਜੀ ਹਮਲੇ ਵਿੱਚ ਗਾਜ਼ਾ ਵਿੱਚ 48,000 ਤੋਂ ਵੱਧ ਫਲਸਤੀਨੀ ਮਾਰੇ ਗਏ ਹਨ, ਜਿਨ੍ਹਾਂ ਵਿੱਚ ਜ਼ਿਆਦਾਤਰ ਔਰਤਾਂ ਅਤੇ ਬੱਚੇ ਹਨ। ਨਾਜ਼ੁਕ ਜੰਗਬੰਦੀ ਨੂੰ ਵਧਾਉਣ ਲਈ ਗੱਲਬਾਤ, ਜਿਸ ਦਾ ਪਹਿਲਾ ਪੜਾਅ 1 ਮਾਰਚ ਨੂੰ ਖਤਮ ਹੋਇਆ ਸੀ, ਜਿਸ ਦੀ ਸੋਮਵਾਰ ਨੂੰ ਕਤਰ ਵਿੱਚ ਫਿਰ ਤੋਂ ਸ਼ੁਰੂ ਹੋਣ ਦੀ ਉਮੀਦ ਹੈ।

# ਸ੍ਰੀ ਹੇਮਕੁੰਟ ਸਾਹਿਬ ਰੋਪਵੇਅ ਪ੍ਰਾਜੈਕਟ ਅਤੇ ਮਹਾਰਾਸ਼ਟਰ 'ਚ ਸਿੱਖ ਆਨੰਦ ਕਾਰਜ ਮੈਰਿਜ ਐਕਟ ਲਾਗੂ ਕਰਨ ਲਈ, ਪ੍ਰਧਾਨ ਮੰਤਰੀ ਮੋਦੀ ਅਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦਾ ਧੰਨਵਾਦ : ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ

ਚੌਕ ਮਹਿਤਾ/ਅੰਮ੍ਰਿਤਸਰ : ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ 2,730 ਕਰੋੜ ਲਾਗਤ ਨਾਲ ਉਤਰਾਖੰਡ ਦੇ ਗੁਰਦੁਆਰਾ ਸ੍ਰੀ ਗੋਬਿੰਦਘਾਟ ਤੋਂ ਸ੍ਰੀ ਹੇਮਕੁੰਟ ਸਾਹਿਬ ਤਕ 12.4 ਕਿਲੋਮੀਟਰ ਲੰਬੇ ਰੋਪਵੇਅ ਪ੍ਰਾਜੈਕਟ ਨੂੰ ਮਨਜ਼ੂਰੀ ਦੇਣ ਅਤੇ ਮਹਾਰਾਸ਼ਟਰ 'ਚ ਸਿੱਖ ਆਨੰਦ ਕਾਰਜ ਮੈਰਿਜ ਐਕਟ ਲਾਗੂ ਕਰਨ ਲਈ ਚੁੱਕੇ ਗਏ ਇਤਿਹਾਸਕ ਕਦਮਾਂ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ ਅਤੇ ਸਮੁੱਚੀ ਨਾਨਕ ਨਾਮ ਲੇਵਾ ਸੰਗਤ ਨੂੰ ਵਧਾਈ ਦਿੱਤੀ ਹੈ। ਦਮਦਮੀ ਟਕਸਾਲ ਦੇ ਮੁਖੀ ਨੇ ਕਿਹਾ ਕਿ ਸ੍ਰੀ ਹੇਮਕੁੰਟ ਸਾਹਿਬ ਲਈ ਰੋਪਵੇਅ ਪ੍ਰੋਜੈਕਟ, ਸ੍ਰੀ ਕਰਤਾਰ ਪੁਰ ਕਾਰੀਡੋਰ ਅਤੇ ਵੀਰ ਬਾਲ ਦਿਵਸ ਤੋਂ ਬਾਅਦ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵੱਲੋਂ ਸਿੱਖ ਪੰਥ ਲਈ ਇਕ ਹੋਰ ਵੱਡਾ ਤੋਹਫ਼ਾ ਹੈ, ਜੋ ਉਨ੍ਹਾਂ ਦੀ ਸਿੱਖ ਪੰਥ ਪ੍ਰਤੀ ਸੁਹਿਰਦਤਾ ਦਾ ਪ੍ਰਮਾਣ ਹੈ। ਜਿਸ ਪ੍ਰਤੀ ਸਭ ਨੂੰ ਕਦਰ ਅਤੇ ਪ੍ਰਸੰਸਾ ਕਰਨੀ ਚਾਹੀਦੀ ਹੈ। ਸ੍ਰੀ ਹੇਮਕੁੰਟ ਸਾਹਿਬ, ਸਮੁੰਦਰੀ ਤਟ ਤੋਂ 13650 ਫੁੱਟ 'ਤੇ ਸਥਿਤ ਬੇਹੱਦ ਸੁੰਦਰ ਅਤੇ ਰਮਣੀਕ ਅਸਥਾਨ, ਸ੍ਰੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਪੂਰਬਲੇ ਜਨਮ ਦਾ ਤਪ ਸਥਾਨ ਹੈ। ਜਿਸ ਪ੍ਰਤੀ ਸਿੱਖ ਸੰਗਤਾਂ ਵਿਚ ਬੜੀ ਭਾਰੀ ਸ਼ਰਧਾ ਅਤੇ ਆਸਥਾ ਹੈ। ਰੋਪਵੇਅ ਦੇ ਮੁਕੰਮਲ ਹੋਣ ਨਾਲ ਯਾਤਰਾ ਦਾ ਸਮਾਂ ਘੱਟ ਜਾਵੇਗਾ ਅਤੇ ਜੋ ਸ਼ਰਧਾਲੂ ਉਮਰ ਜਾਂ ਸਰੀਰਕ ਤਕਾਜ਼ੇ ਕਾਰਨ ਪੈਦਲ ਉੱਪਰ ਜਾਣ ਜਾਂ ਘੋੜਿਆਂ ਦੀ ਸਵਾਰੀ ਕਰਨ 'ਚ ਅਸਮਰਥ ਹਨ, ਉਹ ਵੀ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਸੁਖਾਲੇ ਕਰ ਸਕਣਗੇ। ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀ ਸਿੱਖ ਆਨੰਦ ਕਾਰਜ ਮੈਰਿਜ ਐਕਟ ਨੂੰ ਕਾਨੂੰਨੀ ਮਾਨਤਾ ਦੇਣ ਅਤੇ ਇਸ ਨੂੰ ਤੁਰੰਤ ਰਾਜ ਭਰ ਵਿੱਚ ਲਾਗੂ ਕਰਨ ਲਈ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਨੇ ਮਹਾਰਾਸ਼ਟਰ ਚੋਣਾਂ ਦੌਰਾਨ ਸਿੱਖ ਭਾਈਚਾਰੇ ਨਾਲ ਕੀਤੇ ਗਏ ਵਾਅਦੇ ਨੂੰ ਪੂਰਾ ਕੀਤਾ, ਜਦੋਂ ਸਿੱਖ ਭਾਈਚਾਰੇ ਨੇ ਭਾਜਪਾ ਦੀ ਅਗਵਾਈ ਵਾਲੇ ਮਹਾਯੁਤੀ ਗੱਠਜੋੜ ਦਾ ਸਮਰਥਨ ਕੀਤਾ ਸੀ। ਉਨ੍ਹਾਂ ਕਿਹਾ ਕਿ ਸੂਬਾ ਪੱਧਰ @ਤੇ ਸਿੱਖ ਆਨੰਦ ਕਾਰਜ ਮੈਰਿਜ ਐਕਟ ਲਾਗੂ ਹੋਣ ਨਾਲ ਹੁਣ ਸਿੱਖ ਭਾਈਚਾਰੇ ਦੇ ਵਿਆਹ ਰਜਿਸਟ੍ਰੇਸ਼ਨ ਦੀ ਪੂਰੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਯਕੀਨੀ ਹੋ ਗਈ ਹੈ ਅਤੇ ਵਿਆਹ ਸਰਟੀਫਿਕੇਟ ਜਾਰੀ ਕਰਨ ਦੀ ਪ੍ਰਕਿਰਿਆ ਆਸਾਨ ਅਤੇ ਵਧੇਰੇ ਜਵਾਬਦੇਹ ਹੋ ਗਈ ਹੈ। ਦਮਦਮੀ ਟਕਸਾਲ ਦੇ ਮੁਖੀ ਨੇ ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਦੇ ਕਾਰਜਕਾਰੀ ਚੇਅਰਮੈਨ ਮਲਕੀਤ ਸਿੰਘ ਬਲ, 11 ਮੈਂਬਰੀ ਸਿੱਖ ਤਾਲਮੇਲ ਕਮੇਟੀ ਦੇ ਮੁਖੀ ਭਾਈ ਜਸਪਾਲ ਸਿੰਘ ਸਿੱਧੂ ਅਤੇ ਰਾਜ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਚਰਨਦੀਪ ਸਿੰਘ ਹੈਪੀ ਵੱਲੋਂ ਉਕਤ ਐਕਟ ਨੂੰ ਲਾਗੂ ਕਰਾਉਣ ਵਿੱਚ ਨਿਭਾਈ ਗਈ ਭੂਮਿਕਾ ਦੀ ਸ਼ਲਾਘਾ ਕੀਤੀ। ਇਹ ਜ਼ਿਕਰਯੋਗ ਹੈ ਕਿ ਉਪਰੋਕਤ ਕਮੇਟੀਆਂ ਅਤੇ ਸੰਸਥਾਵਾਂ ਵਿੱਚ ਸਿੱਖਾਂ ਦੀ ਪ੍ਰਤੀਨਿਧਤਾ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਵੱਲੋਂ 29 ਸਤੰਬਰ 2024 ਨੂੰ ਨਵੀਂ ਮੁੰਬਈ ਵਿੱਚ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਗਏ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਸ਼ਤਾਬਦੀ ਗੁਰਪੁਰਬ ਮੌਕੇ ਸਰਕਾਰ ਤੋਂ ਮਾਨਤਾ ਪ੍ਰਾਪਤ ਕਰਨ ਨਾਲ ਸੰਭਵ ਹੋਈ ਹੈ। ਅੱਜ ਇਹ ਕਮੇਟੀਆਂ ਅਤੇ ਸੰਸਥਾਵਾਂ ਮਹਾਰਾਸ਼ਟਰ ਸਰਕਾਰ ਵਿੱਚ ਆਪਣੀ ਸਿੱਧੀ ਅਤੇ ਪ੍ਰਭਾਵਸ਼ਾਲੀ ਭੂਮਿਕਾ ਨਿਭਾ ਰਹੀਆਂ ਹਨ।

## ਵਿਗੜਦੀ ਸਿਹਤ ਦੇ ਬਾਵਜੂਦ ਸੁਨੀਤਾ ਵਿਲੀਅਮਜ਼ ਨੇ ਸਪੇਸ 'ਚ ਬਣਾ 'ਤੇ 2 ਰਿਕਾਰਡ



ਨਿਊਯਾਰਕ- ਭਾਰਤੀ ਮੂਲ ਦੀ ਸੁਨੀਤਾ ਵਿਲੀਅਮਜ਼ ਬੀਤੇ ਕਈ ਮਹੀਨਿਆਂ ਤੋਂ ਸਪੇਸ ਵਿਚ ਹੈ। ਆਪਣੀ ਵਿਗੜਦੀ ਸਿਹਤ ਦੇ ਬਾਵਜੂਦ ਸੁਨੀਤਾ ਵਿਲੀਅਮਜ਼ ਨੇ ਪੁਲਾੜ ਵਿੱਚ ਦੋ ਰਿਕਾਰਡ ਆਪਣੇ ਨਾਂ ਕੀਤੇ ਹਨ। ਉਹ ਸਭ ਤੋਂ ਲੰਬੇ ਸਮੇਂ ਤੱਕ ਪੁਲਾੜ ਵਿੱਚ ਰਹਿਣ ਵਾਲੀ ਪਹਿਲੀ ਮਹਿਲਾ ਬਣ ਗਈ ਹੈ। ਉਹ ਨੌਂ ਮਹੀਨਿਆਂ ਤੋਂ ਵੱਧ ਸਮੇਂ ਤੋਂ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਆਈ.ਐਸ.ਐਸ) ਵਿੱਚ ਹੈ। ਸੁਨੀਤਾ ਸਭ ਤੋਂ ਲੰਬੀ ਸਪੇਸਵਾਕ ਕਰਨ ਵਾਲੀ ਪਹਿਲੀ ਮਹਿਲਾ ਵੀ ਬਣ ਗਈ ਹੈ। ਇਹ ਉਸਦੀ ਤੀਜੀ ਪੁਲਾੜ ਯਾਤਰਾ ਹੈ। ਹੁਣ ਤੱਕ ਉਹ ਤਿੰਨੋਂ ਯਾਤਰਾਵਾਂ ਵਿੱਚ ਨੌਂ ਵਾਰ ਸਪੇਸਵਾਕ ਕਰ ਚੁੱਕੀ ਹੈ। ਉਸਨੇ 62 ਘੰਟੇ 6 ਮਿੰਟ ਸਪੇਸਵਾਕ ਵਿੱਚ ਬਿਤਾਏ।

2006-07 ਵਿੱਚ ਆਪਣੀ ਪਹਿਲੀ ਪੁਲਾੜ ਯਾਤਰਾ ਦੌਰਾਨ ਸੁਨੀਤਾ ਨੇ 29 ਘੰਟੇ 17 ਮਿੰਟ ਲਈ ਸਪੇਸਵਾਕ ਕੀਤੀ। ਇਹ ਕਿਸੇ ਔਰਤ ਦੁਆਰਾ ਕੀਤੀ ਗਈ ਸਭ ਤੋਂ ਲੰਬੀ ਸਪੇਸਵਾਕ ਸੀ। ਇਸ ਤੋਂ ਪਹਿਲਾਂ ਇਹ ਰਿਕਾਰਡ ਕੈਥਰੀਨ ਥਾਰਨਟਨ ਦੇ ਨਾਂ ਸੀ। ਉਸਨੇ 21 ਘੰਟਿਆਂ ਤੋਂ ਵੱਧ ਸਮੇਂ ਤੱਕ ਸਪੇਸਵਾਕ ਕੀਤੀ। ਸੁਨੀਤਾ ਇੱਕ ਸੇਵਾਮੁਕਤ ਨੇਵੀ ਹੈਲੀਕਾਪਟਰ ਪਾਇਲਟ ਹੈ, ਜਦੋਂ ਕਿ ISS 'ਤੇ ਉਸਦੇ ਨਾਲ ਫਸਿਆ ਬੁਚ ਵਿਲਮੋਰ, ਇੱਕ ਸਾਬਕਾ ਲੜਾਕੂ ਜੈੱਟ ਪਾਇਲਟ ਹੈ। ਉਹ ਪਹਿਲਾਂ ਵੀ ਦੋ ਵਾਰ ਪੁਲਾੜ ਦੀ ਯਾਤਰਾ ਕਰ ਚੁੱਕੇ ਹਨ। ਸੁਨੀਤਾ ਭਾਰਤੀ ਮੂਲ ਦੀ ਦੂਜੀ ਅਮਰੀਕੀ ਪੁਲਾੜ ਯਾਤਰੀ ਹੈ।

ਨਿਊਯਾਰਕ- ਭਾਰਤੀ ਮੂਲ ਦੀ ਸੁਨੀਤਾ ਵਿਲੀਅਮਜ਼ ਬੀਤੇ ਕਈ ਮਹੀਨਿਆਂ ਤੋਂ ਸਪੇਸ ਵਿਚ ਹੈ। ਆਪਣੀ ਵਿਗੜਦੀ ਸਿਹਤ ਦੇ ਬਾਵਜੂਦ ਸੁਨੀਤਾ ਵਿਲੀਅਮਜ਼ ਨੇ ਪੁਲਾੜ ਵਿੱਚ ਦੋ ਰਿਕਾਰਡ ਆਪਣੇ ਨਾਂ ਕੀਤੇ ਹਨ। ਉਹ ਸਭ ਤੋਂ ਲੰਬੇ ਸਮੇਂ ਤੱਕ ਪੁਲਾੜ ਵਿੱਚ ਰਹਿਣ ਵਾਲੀ ਪਹਿਲੀ ਮਹਿਲਾ ਬਣ ਗਈ ਹੈ। ਉਹ ਨੌਂ ਮਹੀਨਿਆਂ ਤੋਂ ਵੱਧ ਸਮੇਂ ਤੋਂ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਆਈ.ਐਸ.ਐਸ) ਵਿੱਚ ਹੈ। ਸੁਨੀਤਾ ਸਭ ਤੋਂ ਲੰਬੀ ਸਪੇਸਵਾਕ ਕਰਨ ਵਾਲੀ ਪਹਿਲੀ ਮਹਿਲਾ ਵੀ ਬਣ ਗਈ ਹੈ। ਇਹ ਉਸਦੀ ਤੀਜੀ ਪੁਲਾੜ ਯਾਤਰਾ ਹੈ। ਹੁਣ ਤੱਕ ਉਹ ਤਿੰਨੋਂ ਯਾਤਰਾਵਾਂ ਵਿੱਚ ਨੌਂ ਵਾਰ ਸਪੇਸਵਾਕ ਕਰ ਚੁੱਕੀ ਹੈ। ਉਸਨੇ 62 ਘੰਟੇ 6 ਮਿੰਟ ਸਪੇਸਵਾਕ ਵਿੱਚ ਬਿਤਾਏ।2006-07 ਵਿੱਚ ਆਪਣੀ ਪਹਿਲੀ ਪੁਲਾੜ ਯਾਤਰਾ ਦੌਰਾਨ ਸੁਨੀਤਾ ਨੇ 29 ਘੰਟੇ 17 ਮਿੰਟ ਲਈ ਸਪੇਸਵਾਕ ਕੀਤੀ।

## 23 ਸਕਿੰਟਾਂ 'ਚ ਚੋਰੀ ਹੋ ਸਕਦੀ ਹੈ ਤੁਹਾਡੀ ਮਹਿੰਗੀ ਕਾਰ

ਲੰਡਨ : ਰੇਂਜ ਰੋਵਰ ਅਤੇ ਇਸ ਤਰ੍ਹਾਂ ਦੀਆਂ ਲੱਗਜ਼ਰੀ ਕਾਰਾਂ ਨੂੰ ਵਾਹਨ ਚੋਰ ਆਈਪੈਡ ਦੇ ਆਕਾਰ ਦੇ 'ਇਲੈਕਟ੍ਰੌਨਿਕ ਕੀ ਫ਼ੋਬ' ਦੀ ਵਰਤੋਂ ਕਰ ਕੇ ਸਿਰਫ਼ 23 ਸਕਿੰਟਾਂ 'ਚ ਚੋਰੀ ਕਰ ਸਕਦੇ ਹਨ। ਬ੍ਰਿਟੇਨ 'ਚ ਅਜਿਹੀਆਂ ਚੋਰੀਆਂ 'ਚ ਕਾਫ਼ੀ ਵਾਧਾ ਹੋਇਆ ਹੈ। ਸਾਲ 2023-24 'ਚ 1,30,000 ਤੋਂ ਵੱਧ ਅਜਿਹੇ ਮਹਿੰਗੇ ਵਾਹਨ ਚੋਰੀ ਹੋਏ ਸਨ। 2 ਚੋਰ ਮਿਲ ਕੇ ਗੈਜੇਟਸ ਦੀ ਮਦਦ ਨਾਲ ਅਜਿਹੀ ਚੋਰੀ ਕਰਦੇ ਹਨ। ਇਨ੍ਹਾਂ ਚੋਰਾਂ 'ਚੋਂ ਇੱਕ ਕੋਲ ਇੱਕ ਰੀਲੇਅ ਬੌਕਸ ਹੁੰਦਾ ਹੈ, ਜੋ ਤੁਹਾਡੇ ਘਰ ਅੰਦਰ ਰੱਖੀ ਕਾਰ ਦੀ ਇਲੈਕਟ੍ਰੌਨਿਕ ਚਾਬੀ ਤੋਂ ਆਉਣ ਵਾਲੇ ਸਿਗਨਲਾਂ ਨੂੰ ਵਧਾਉਂਦਾ ਹੈ। ਇਹ ਸਿਗਨਲ ਇੱਕ ਹੋਰ ਚੋਰ ਤਕ ਪਹੁੰਚਦੇ ਹਨ, ਜੋ ਕਾਰ ਕੋਲ ਇਕ ਹੋਰ ਅਜਿਹੇ ਯੰਤਰ ਨਾਲ ਖੜ੍ਹਾ ਹੁੰਦਾ ਹੈ। ਸਿਗਨਲ ਮਿਲਦੇ ਹੀ ਕਾਰ ਦੇ ਦਰਵਾਜ਼ੇ ਖੁੱਲ੍ਹ ਜਾਂਦੇ ਹਨ ਅਤੇ ਚੋਰ ਕਾਰ ਸਟਾਰਟ ਕਰ ਕੇ ਨਿਕਲ ਜਾਂਦਾ ਹੈ। ਪਹਿਲਾ ਚੋਰ ਘਰ ਦੇ ਦਰਵਾਜ਼ੇ ਨੇੜੇ ਆ ਕੇ ਰੀਲੇਅ ਬੌਕਸ ਨੂੰ ਸੈੱਟ ਕਰਦਾ ਹੈ। ਦੂਜਾ ਚੋਰ ਕਾਰ ਦੇ ਦਰਵਾਜ਼ੇ ਨੇੜੇ ਇੱਕ ਹੋਰ ਡਿਵਾਈਸ ਨਾਲ ਚਾਬੀ ਦੇ ਸਿਗਨਲ ਨੂੰ ਸਕੈਨ ਕਰਦਾ ਹੈ। ਸਿਗਨਲ ਮਿਲਦੇ ਹੀ ਕਾਰ ਦਾ ਇਲੈਕਟ੍ਰੌਨਿਕ ਸਿਸਟਮ ਸਮਝਦਾ ਹੈ ਕਿ ਚਾਬੀ ਆ ਗਈ ਹੈ ਅਤੇ ਕਾਰ ਦਾ ਦਰਵਾਜ਼ਾ ਖੁੱਲ੍ਹ ਜਾਂਦਾ ਹੈ। ਜਿਵੇਂ ਹੀ ਕਾਰ ਦਾ ਦਰਵਾਜ਼ਾ ਖੁੱਲ੍ਹਦਾ ਹੈ, ਦੂਜਾ ਚੋਰ ਅੰਦਰ ਬੈਠ ਕੇ ਕਾਰ ਸਟਾਰਟ ਕਰ ਕੇ ਇਸ ਨੂੰ ਲੈ ਜਾਂਦਾ ਹੈ। ਲੰਡਨ ਦੀ ਮੈਟਰੋਪੋਲਿਟਨ ਪੁਲੀਸ ਨੂੰ ਨਕਾਬਪੋਸ਼ ਚੋਰਾਂ ਵਲੋਂ ਫ਼ੋਰਡ, ਰੇਂਜਰ ਚੋਰੀ ਕਰਨ ਦੀ ਸੀ.ਸੀ.ਟੀ.ਵੀ. ਫ਼ੁਟੇਜ ਮਿਲੀ ਹੈ। ਇੱਕ ਚੋਰ ਬਾਹਰ ਖੜ੍ਹੀ ਕਾਰ ਵਲ ਭੱਜਦਾ ਹੈ, ਜਦ ਕਿ ਦੂਜਾ ਘਰ ਦੇ ਸਾਹਮਣੇ ਵਲ ਜਾਂਦਾ ਹੈ। ਉਸ ਕੋਲ ਇੱਕ ਸਿਗਨਲ ਸਕੈਨਿੰਗ ਯੰਤਰ ਹੈ। ਇਹ ਮਾਸਟਰ ਡਿਵਾਈਸ ਸਿਗਨਲ ਦੀ ਨਕਲ ਕਰਦਾ ਹੈ ਅਤੇ ਦੂਜਾ ਚੋਰ ਗੱਡੀ ਦੇ ਦਰਵਾਜ਼ੇ ਖੋਲ੍ਹਦਾ ਹੈ ਅਤੇ ਇਸ ਨੂੰ ਸਟਾਰਟ ਕਰ ਕੇ ਲੈ ਜਾਂਦਾ ਹੈ। ਇਸੇ ਤਰ੍ਹਾਂ ਹੀ ਇੱਕ ਬੈਂਟਲੇ ਬੈਂਟੇਗਾ ਚੋਰੀ ਕੀਤੀ ਗਈ। ਐੱਨ. ਸੀ. ਆਰ. ਖੇਤਰ 'ਚ ਹਰੇਕ 14 ਮਿੰਟਾਂ 'ਚ ਇੱਕ ਵਾਹਨ ਚੋਰੀ ਹੁੰਦਾ ਹੈ। ਇਕੱਲੇ ਦਿੱਲੀ ਖੇਤਰ 'ਚ 2023 ਦੀ ਇਸੇ ਮਿਆਦ ਦੇ ਮੁਕਾਬਲੇ ਪਿਛਲੇ ਸਾਲ 15 ਅਗਸਤ ਤਕ ਵਾਹਨ ਚੋਰੀ ਦੇ ਮਾਮਲਿਆਂ 'ਚ 23.9 ਫ਼ੀਸਦੀ ਦਾ ਵਾਧਾ ਹੋਇਆ ਹੈ। ਦਿੱਲੀ ਪੁਲੀਸ ਦੇ ਅੰਕੜਿਆਂ ਅਨੁਸਾਰ ਸਾਲ 2024 'ਚ 15 ਅਗਸਤ ਤਕ ਦਿੱਲੀ ਖੇਤਰ 'ਚ ਵਾਹਨ ਚੋਰੀ ਦੇ 5438 ਮਾਮਲੇ ਦਰਜ ਕੀਤੇ ਗਏ ਸਨ।



ਸਾਲ 2023 'ਚ ਜਨਵਰੀ ਤੋਂ 15 ਅਗਸਤ ਤਕ ਇਸੇ ਸਮੇਂ ਦੌਰਾਨ 4389 ਮਾਮਲੇ ਦਰਜ ਕੀਤੇ ਗਏ ਸਨ।

'ਇਲੈਕਟ੍ਰੌਨਿਕ ਕੀ ਫ਼ੋਬ' ਨੂੰ ਵਾਹਨ ਤੋਂ ਜਿੰਨਾ ਹੋ ਸਕੇ ਦੂਰ ਰੱਖੋ। ਜੇ ਸੰਭਵ ਹੋਵੇ ਤਾਂ ਇਸ ਨੂੰ 'ਫ਼ੈਰਾਡੇ ਪਾਊਚ' 'ਚ ਰੱਖੋ। ਤੁਸੀਂ ਇਸ ਨੂੰ ਧਾਤ ਦੇ ਡੱਬੇ 'ਚ ਵੀ ਰੱਖ ਸਕਦੇ ਹੋ। 'ਸਪੇਅਰ ਕੀ' ਨੂੰ ਵੀ ਇਸ ਤਰ੍ਹਾਂ ਸੁਰੱਖ਼ਿਅਤ ਰੱਖੋ। ਇੱਕ ਸਧਾਰਨ ਪਹੀਏ ਦਾ ਤਾਲਾ ਅਤੇ ਪਹੀਏ ਦਾ ਕਲੈਂਪ ਦੇਖਣ ਨੂੰ ਬਹੁਤ ਹੀ ਭੈੜਾ ਲੱਗਦਾ ਹੈ ਪਰ ਕਿਸੇ ਵੀ ਚੋਰ ਲਈ ਇਸ ਨੂੰ ਹਟਾਉਣਾ ਸਭ ਤੋਂ ਮੁਸ਼ਕਿਲ ਹੁੰਦਾ ਹੈ। ਹੁਣ ਫ਼ਿੰਗਰਪ੍ਰਿੰਟ ਐਕਟੀਵੇਟਿਡ ਲਾਕ ਵੀ ਆ ਰਹੇ ਹਨ, ਤੁਸੀਂ ਉਨ੍ਹਾਂ ਦੀ ਵਰਤੋਂ ਆਪਣੀ ਕਾਰ ਨੂੰ ਚੋਰਾਂ ਤੋਂ ਸੁਰੱਖ਼ਿਅਤ ਰੱਖਣ ਲਈ ਕਰ ਸਕਦੇ ਹੋ। ਆਪਣੇ ਵਾਹਨ 'ਚ ਇੱਕ ਟਰੈਕਰ ਸਿਸਟਮ ਲਗਾਓ, ਇਹ ਸੁਰੱਖ਼ਿਆ ਦੀ ਇੱਕ ਵਾਧੂ ਪਰਤ ਪ੍ਰਦਾਨ ਕਰੇਗਾ। ਇਸ ਨਾਲ ਪੁਲੀਸ ਨੂੰ ਤੁਹਾਡੇ ਵਾਹਨ ਤਕ ਪਹੁੰਚਣ 'ਚ ਮਦਦ ਮਿਲੇਗੀ।

## 'ਐੱਕਸ' 'ਤੇ ਹੋਇਆ ਸਾਈਬਰ ਹਮਲਾ, ਸੇਵਾਵਾਂ ਠੱਪ ਹੋਣ ਮਗਰੋਂ ਐਲਨ ਮਸਕ ਦਾ ਵੱਡਾ ਬਿਆਨ

ਨਿਊ ਯੌਰਕ : ਐਲਨ ਮਸਕ ਦੀ ਮਲਕੀਅਤ ਵਾਲੀ ਮਾਈਕ੍ਰੋਬਲੌਗਿੰਗ ਸਾਈਟ ਐੱਕਸ 'ਤੇ ਸੋਮਵਾਰ ਨੂੰ ਵੱਡਾ ਸਾਈਬਰ ਹਮਲਾ ਹੋਇਆ। ਇਸ ਸਾਈਬਰ ਹਮਲੇ ਕਾਰਨ ਐੱਕਸ ਦਾ ਸਰਵਰ ਸੋਮਵਾਰ ਨੂੰ ਤਿੰਨ ਵਾਰ ਠੱਪ ਹੋ ਗਿਆ। ਸਭ ਤੋਂ ਲੰਬਾ ਆਊਟੇਜ ਰਾਤ ਪੌਣੇ 9 ਵਜੇ ਦੇ ਕਰੀਬ ਦੇਖਿਆ ਗਿਆ। ਯੂਜ਼ਰਜ਼ ਨੂੰ ਐੱਕਸ 'ਤੇ ਪੋਸਟ ਕਰ ਅਤੇ ਲੌਗਇਨ ਕਰਨ 'ਚ ਸਮੱਸਿਆ ਆਈ। ਤਕਰੀਬਨ 2 ਘੰਟਿਆਂ ਦੀ ਆਊਟੇਜ ਤੋਂ ਬਾਅਦ ਸਮੱਸਿਆ ਦਾ ਹੱਲ ਕੀਤਾ ਗਿਆ ਅਤੇ ਸੇਵਾਵਾਂ ਫ਼ਿਰ ਤੋਂ ਬਹਾਰ ਹੋ ਗਈਆਂ। ਸੇਵਾਵਾਂ ਬਹਾਲ ਹੋਣ ਤੋਂ ਬਾਅਦ ਮਸਕ ਨੇ ਇਸ ਆਊਟੇਜ ਲਈ ਵੱਡੇ ਸਾਈਬਰ ਹਮਲੇ ਨੂੰ ਜ਼ਿੰਮੇਵਾਰ ਠਹਿਰਾਇਆ।



ਇਸ ਤੋਂ ਪਹਿਲਾਂ ਦੁਪਹਿਰ 3 ਵਜੇ ਅਤੇ ਸ਼ਾਮ ਨੂੰ 7 ਵਜੇ ਵੀ ਐੱਕਸ 'ਤੇ ਇਹ ਸਰਵਰ ਡਾਊਨ ਹੋਣ ਦੀ ਸਮੱਸਿਆ ਆਈ ਸੀ। ਆਊਟੇਡ ਕਾਰਨ ਯੂਜ਼ਰਜ਼ ਐੱਕਸ 'ਤੇ ਨਾ ਤਾਂ ਕੁੱਝ ਪੋਸਟ ਕਰ ਪਾ ਰਹੇ ਸਨ ਅਤੇ ਨਾ ਹੀ ਕਿਸੇ ਦੀਆਂ ਪੋਸਟਾਂ ਦੇਖ ਪਾ ਰਹੇ ਸਨ। ਯੂਜ਼ਰਜ਼ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਫ਼ੀਡ 'ਚ ਰੀਟਰਾਈ ਲਿਖਿਆ ਹੋਇਆ ਦਿਖਾਈ ਦੇ ਰਿਹਾ ਹੈ। ਕਈ ਯੂਜ਼ਰਜ਼ ਦੀ ਸ਼ਿਕਾਇਤ ਸੀ ਕਿ ਉਨ੍ਹਾਂ ਨੂੰ ਐੱਕਸ 'ਤੇ 'ਦੁਬਾਰਾ ਲੋਡ ਕਰੋ' ਜਾਂ 'ਮੁੜ ਕੋਸ਼ਿਸ਼ ਕਰੋ' ਲਿਖਿਆ ਹੋਇਆ ਮੈਸੇਜ ਦਿਖਾਈ ਦੇ ਰਿਹਾ ਸੀ। ਹਾਲਾਂਕਿ, ਥੋੜ੍ਹੀ ਦੇਰ ਬਾਅਦ ਹੀ ਇਸ ਆਊਟੇਜ ਤੋਂ ਛੁੱਟਕਾਰਾ ਪਾ ਲਿਆ ਗਿਆ ਸੀ।

ਇਸ ਵਿੱਚਕਾਰ ਕੰਪਨੀ ਦੇ ਮਾਲਿਕ ਐਲਨ ਮਸਕ ਨੇ ਇਸ ਆਊਟੇਜ ਦਾ ਕਾਰਨ ਸਾਈਬਰ ਹਮਲੇ ਨੂੰ ਦੱਸਿਆ। ਮਸਕ ਨੇ ਐੱਕਸ 'ਤੇ ਕਿਹਾ ਕਿ ਐੱਕਸ 'ਤੇ ਇੱਕ ਬਹੁਤ ਵੱਡਾ ਸਾਈਬਰ ਹਮਲਾ ਕੀਤਾ ਗਿਆ। ਸਾਡੇ 'ਤੇ ਅਜੇ ਵੀ ਸਾਈਬਰ ਹਮਲੇ ਹੋ ਰਹੇ ਹਨ। ਸਾਡੇ 'ਤੇ ਰੋਜ਼ ਹਮਲਾ ਹੁੰਦਾ ਹੈ ਪਰ ਇਹ ਬਹੁਤ ਸਾਰੇ ਸਾਧਨਾਂ ਦੇ ਨਾਲ ਕੀਤਾ ਗਿਆ ਸੀ। ਇਸ ਵਿੱਚ ਕੋਈ ਵੱਡਾ ਸਮੂਹ ਸ਼ਾਮਲ ਹੋ ਸਕਦਾ ਹੈ। ਇਸ ਵਿੱਚ ਕਿਸੇ ਦੇਸ਼ ਦਾ ਵੀ ਹੱਥ ਹੋ ਸਕਦਾ ਹੈ। ਅਸੀਂ ਜਾਂਚ ਕਰ ਰਹੇ ਹਾਂ।

# ਪੰਜਾਬ ਨਾਟਸ਼ਾਲਾ ਵਿਚ ਨਾਟਕ Forever Queen ਮਹਾਰਾਣੀ ਜਿੰਦਾਂ' ਦਾ ਸਫਲ ਮੰਚਨ





ਅਨਾਮਿਕਾ ਆਰਟਸ ਐਸੋਸੀਏਸ਼ਨ ਅੰਮ੍ਰਿਤਸਰ ਵੱਲੋਂ ਪੰਜਾਬ ਨਾਟਸ਼ਾਲਾ ਦੇ ਸਹਿਯੋਗ ਨਾਲ ਔਰਤ ਦੇ ਸੰਘਰਸ਼ ਦੀ ਕਹਾਣੀ ਬਿਆਨ ਕਰਦੇ ਨਾਟਕ Forever Queen ਮਹਾਰਾਣੀ ਜਿੰਦਾਂ÷ ਦਾ ਮੰਚਨ ਕੀਤਾ ਗਿਆ। ਡਾ. ਆਤਮਾ ਸਿੰਘ ਗਿੱਲ ਦੁਆਰਾ ਲਿਖੇ ਅਤੇ ਈਮੈਨੂਅਲ ਸਿੰਘ ਦੁਆਰਾ ਨਿਰਦੇਸ਼ਿਤ ਨਾਟਕ 'Forever Queen ਮਹਾਰਾਣੀ ਜਿੰਦਾਂ' ਰਾਹੀਂ ਅੱਜ ਦੀ ਨਵੀਂ ਪੀੜ੍ਹੀ ਨੂੰ ਪੰਜਾਬ ਦੇ ਉਸ ਸੁਨਹਿਰੀ ਦੌਰ ਨਾਲ ਜਾਣੂ ਕਰਵਾਉਣ ਦਾ ਸਫਲ ਯਤਨ ਕੀਤਾ ਗਿਆ ਜਿਸ ਨੂੰ ਖਾਲਸਾ ਰਾਜ ਜਾਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਨਾਟਕ ਵਿੱਚ ਸਿੱਖ ਰਾਜ ਦੀ ਅਧੋਗਤੀ ਦੇ ਨਾਲ ਮਹਾਰਾਣੀ ਜਿੰਦਾਂ ਅਤੇ ਮਹਾਰਾਜਾ ਦਲੀਪ ਸਿੰਘ ਦੇ ਦੁਖਾਂਤ ਨੂੰ ਵਿਭਿੰਨ ਨਾਟਕੀ ਜੁਗਤਾਂ ਰਾਹੀਂ ਪ੍ਰਸਤੁਤ ਕੀਤਾ ਗਿਆ। ਨਾਟਕ ਵਿੱਚ ਮਹਾਰਾਣੀ ਜਿੰਦਾਂ ਦੇ ਜੀਵਨ ਸੰਘਰਸ਼ ਅਤੇ ਖੁੱਸੇ ਹੋਏ ਸਿੱਖ ਰਾਜ ਦੀ ਮੁੜ ਪ੍ਰਾਪਤੀ ਲਈ ਅਤੇ ਬਾਲਕ ਮਹਾਰਾਜੇ ਦਲੀਪ ਸਿੰਘ ਨੂੰ ਉਸਦੇ ਹਕੂਕ ਦਿਵਾਉਣ ਲਈ ਜਦੋ-ਜਹਿਦ ਦ੍ਰਿਸ਼ਟੀਗੋਚਰ ਹੁੰਦੀ ਹੈ। ਮਹਾਰਾਣੀ ਜਿੰਦਾਂ ਉਹ ਮਹਾਨ ਔਰਤ ਸੀ ਜੋ ਅੰਗਰੇਜ਼ਾਂ ਤੋਂ ਬਾਗੀ ਹੋ ਕੇ ਸਾਰੀ ਉਮਰ ਸ਼ੇਰਨੀ ਵਾਂਗ ਸਿੱਖ ਰਾਜ ਵਾਸਤੇ ਲੜਦੀ ਰਹੀ ਤੇ ਅਖੀਰ ਆਪਣੇ ਪ੍ਰਭਾਵ ਸਦਕਾ ਈਸਾਈ ਬਣੇ ਦਲੀਪ ਸਿੰਘ ਵਿੱਚ ਮੁੜ ਸਿੱਖ ਰਾਜ ਦਾ ਮਹਾਰਾਜਾ ਬਨਣ ਲਈ ਚਿਣਗ ਪੈਦਾ ਕਰਦੀ ਹੈ। ਸ਼ਾਹ ਮੁਹੰਮਦ ਦੀ ਕਵਿਤਾ ਸਿੰਘਾਂ ਤੇ ਫਰੰਗੀਆਂ ਨੂੰ ਅਧਾਰ ਬਣਾ ਕੇ ਤੇ ਇਸ ਦੇ ਲਿਖਤਕਾਰ ਸ਼ਾਹ ਮੁਹੰਮਦ ਨੂੰ ਹੀ ਸੂਤਰਧਾਰ ਬਣਾ ਕੇ, ਨਾਟਕੀ ਪੇਸ਼ਕਾਰੀ ਨੂੰ ਕਿੱਸਾਗੋਈ, ਲੋਕ ਵਾਰ-ਕਵੀਸ਼ਰੀ ਦੀ ਵਿਧਾ ਰਾਹੀਂ ਲੋਕਧਾਰਾਈ ਅੰਦਾਜ਼ ਵਿੱਚ ਪੇਸ਼ ਕੀਤਾ ਗਿਆ। ਮੁੱਖ ਮਹਿਮਾਨ ਵੱਜੋਂ ਸ਼ਾਮਿਲ ਹੋਏ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਨਾਟਕ ਦੀ ਪ੍ਰਸਤੁਤੀ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਤਿਹਾਸਕ ਨਾਟਕ ਦਾ ਮੰਚਨ ਚੁਣੌਤੀ ਭਰਪੂਰ ਕਾਰਜ ਹੈ ਜਿਸ ਦੀ ਈਮੈਨੂਅਲ ਸਿੰਘ ਅਤੇ ਉਸਦੀ ਟੀਮ ਦੁਆਰਾ ਬਾਕਮਾਲ ਪੇਸ਼ਕਾਰੀ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਨਾਟਕ ਵਿੱਚ ਤਾਰੀਖ਼ਾਂ ਘਟਨਾਵਾਂ ਅਤੇ ਮਹਾਰਾਣੀ ਜਿੰਦਾਂ ਦੀਆਂ ਚਿੱਠੀਆਂ ਦੇ ਅਸਲ ਰੂਪ ਨੂੰ ਪੇਸ਼ ਕੀਤਾ ਗਿਆ ਅਤੇ ਖਾਲਸਾ ਰਾਜ ਦੇ ਤਖ਼ਤ ਦੀ ਹੂ-ਬ-ਹੂ ਨਕਲ ਰਾਹੀਂ ਉਸ ਸਮੇਂ ਦੇ ਸੁਨਹਿਰੀ ਇਤਿਹਾਸ ਨੂੰ ਦਰਸਾਇਆ ਗਿਆ। ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਪ੍ਰਿੰਸੀਪਲ ਡਾ. ਸੁਰਿੰਦਰ ਕੌਰ, ਪ੍ਰਿੰਸੀਪਲ ਡਾ. ਕਰਨਜੀਤ ਸਿੰਘ, ਪ੍ਰਿੰਸੀਪਲ ਅਮਰਜੀਤ ਸਿੰਘ ਗਿੱਲ, ਡਾ. ਜਸਵੰਤ ਸਿੰਘ, ਪ੍ਰਿੰਸੀਪਲ ਪੀ.ਕੇ. ਜੌਹਨ, ਪੰਡਤ ਕ੍ਰਿਸ਼ਨ ਦਵੇਸਰ, ਡਾ. ਜਸਵਿੰਦਰ ਸਿੰਘ ਜੱਜ, ਮਾਸਟਰ ਕੁਲਜੀਤ ਵੇਰਕਾ ਤੋਂ ਇਲਾਵਾ ਸਤਿੰਦਰ ਸਿੰਘ ਓਠੀ, ਸ. ਸੁਖਪਾਲ ਸਿੰਘ ਸੰਧੂ, ਲਾਡੀ ਸੈਂਸਰਾ, ਨਵਪ੍ਰੀਤ ਸਿੰਘ ਲਵਲੀ ਤੋਂ ਇਲਾਵਾ ਵੱਖ-ਵੱਖ ਸਕੂਲਾਂ ਕਾਲਜਾਂ ਦੇ ਪ੍ਰਿੰਸੀਪਲ, ਅਧਿਆਪਕ ਅਤੇ ਸ਼ਹਿਰ ਦੇ ਪਤਵੰਤੇ ਸੱਜਣਾਂ ਨੇ ਵੱਡੀ ਗਿਣਤੀ ਵਿਚ ਹਾਜ਼ਰੀ ਭਰੀ। ਡਾ. ਸਰਘੀ ਦੁਆਰਾ ਮੰਚ ਸੰਚਾਲਨ ਦੀ ਭੂਮਿਕਾ ਨਿਭਾਈ ਗਈ। ਨਾਟਕ ਵਿੱਚ ਪ੍ਰੀਤਪਾਲ ਹੁੰਦਲ, ਗੁਰਪਿੰਦਰ ਕੌਰ, ਈਮੈਨੂਅਲ ਸਿੰਘ, ਮਰਕਸਪਾਲ ਗੁਮਟਾਲਾ, ਡਾ. ਆਤਮਾ ਸਿੰਘ ਗਿੱਲ,ਆਲਮ ਸਿੰਘ, ਲਖਵਿੰਦਰ ਲੱਕੀ, ਪ੍ਰੋ. ਅਜੈਪਾਲ ਸਿੰਘ ਚਵਿੰਡਾ, ਸਾਰੰਗੀ ਵਾਦਕ ਪ੍ਰੋ. ਸੁਖਵਿੰਦਰ ਸਿੰਘ, ਜਸਵਿੰਦਰ ਸਿੰਘ ਡਾ. ਕਰਨ ਗੁਲਜ਼ਾਰ, ਪ੍ਰੀਆਦੀਪ ਕੌਰ, ਹੈਨਰੀ ਬੈਂਜਾਮਿਨ, ਰਵੀ ਕੁਮਾਰ, ਵਿਕਰਮ ਗੁਮਟਾਲਾ, ਜੀਆ, ਸਮਰਿੱਧੀ, ਮਾਨਸੀ, ਨਿਕਿਤਾ, ਸੁਰਭੀ, ਸੈਲਿਸ, ਅਚਲ, ਮੁਸਕਾਨ, ਗੁਰਲੀਨ ਕੌਰ, ਅਨਮੋਲ ਰਾਣਾ, ਦਿਵਾਂਸ਼ੂ, ਪ੍ਰਿੰਸ, ਹਰਨੂਰ ਸਿੰਘ, ਗਤਕਾ ਟੀਮ ਆਦਿ ਅਦਾਕਾਰਾਂ ਨੇ ਨਾਟਕ ਵਿੱਚ ਅਹਿਮ ਭੂਮਿਕਾ ਨਿਭਾਈ।

# ਕੇਂਦਰ ਦੇ ਇਸ਼ਾਰੇ 'ਤੇ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਘੜੀਆਂ ਗਈਆਂ: ਲੰਗਾਹ

ਸ੍ਰੀ ਆਨੰਦਪੁਰ ਸਾਹਿਬ- ਸਾਬਕਾ ਮੰਤਰੀ ਤੇ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਸੁੱਚਾ ਸਿੰਘ ਲੰਗਾਹ ਨੇ ਅੱਜ ਇਥੇ ਕਿਹਾ ਕਿ ਗਿਆਨੀ ਰਘਬੀਰ ਸਿੰਘ ਤੇ ਗਿਆਨ ਹਰਪ੍ਰੀਤ ਸਿੰਘ ਨੂੰ ਕ੍ਰਮਵਾਰ ਸ੍ਰੀ ਅਕਾਲ ਤਖ਼ਤ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰਾਂ ਵਜੋਂ ਅਹੁਦੇ ਤੋਂ ਫਾਰਗ ਕੀਤਾ ਗਿਆ ਕਿਉਂਕਿ ਇਹ ਦੋਵੇਂ ਕੇਂਦਰ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਸਨ ਤੇ ਉਹ ਸ਼੍ਰੋਮਣੀ ਅਕਾਲੀ ਦਲ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਦਾ ਹਿੱਸਾ ਬਣੇ। ਉਨ੍ਹਾਂ ਕਿਹਾ ਕਿ ਸਾਜ਼ਿਸ਼ ਤਹਿਤ ਸ਼ਹੀਦਾਂ ਦੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਖਤਮ ਕਰਨ ਲਈ ਕੇਂਦਰ ਲਗਾਤਾਰ ਕੰਮ ਕਰ ਰਿਹਾ ਹੈ।



ਲੰਗਾਹ ਇਥੇ ਹੋਰਨਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਸ੍ਰੀ ਕੇਸਗੜ੍ਹ ਸਾਹਿਬ ਦੇ ਮੀਟਿੰਗ ਹਾਲ ਵਿਚ ਕੀਤੀ ਪ੍ਰੈਸ ਕਾਨਫਰੰਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਸ਼੍ਰੋਮਣੀ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਦਿਲਜੀਤ ਸਿੰਘ ਭਿੰਡਰ, ਸ਼ੇਰ ਸਿੰਘ ਮੰਡ ਜਨਰਲ ਸੈਕਟਰੀ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਸੁਰਜੀਤ ਸਿੰਘ ਤੁਗਲਬਾਦ ਵੀ ਮੌਜੂਦ ਸਨ। ਸੁੱਚਾ ਸਿੰਘ ਲੰਗਾਹ ਨੇ ਕਿਹਾ ਕਿ ਮੌਜੂਦਾ ਹਾਲਾਤ ਅਤੇ ਹੋਲਾ ਮਹੱਲਾ ਦੇ ਪ੍ਰਬੰਧਾਂ ਨੂੰ ਦੇਖਦਿਆਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਜਥੇਦਾਰ ਦੀ ਸੇਵਾ ਸੰਭਾਲ ਲਈ ਹੈ। ਉਨ੍ਹਾਂ ਕਿਹਾ ਪੰਜਾਬ ਅੰਦਰ ਖ਼ੂਨ ਖ਼ਰਾਬੇ ਦਾ ਮਾਹੌਲ ਸਿਰਜਣ ਲਈ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਸਾਜ਼ਿਸ਼ਾਂ ਦਾ ਕੇਵਲ ਸ਼੍ਰੋਮਣੀ ਅਕਾਲੀ ਦਲ ਹੀ ਡੱਟ ਕੇ ਮੁਕਾਬਲਾ ਕਰ ਸਕਦਾ ਹੈ। ਲੰਗਾਹ ਨੇ ਕਿਹਾ ਕਿ ਉਨ੍ਹਾਂ ਨੂੰ ਭਾਜਪਾ ਨਾਲ ਇਸ ਗੱਲ ਦੀ ਨਾਰਾਜ਼ਗੀ ਹੈ ਕਿ ਪ੍ਰਕਾਸ਼ ਸਿੰਘ ਬਾਦਲ ਵੱਲੋਂ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਬਣਾਉਣ ਲਈ ਪਾਏ ਗਏ ਯੋਗਦਾਨ ਨੂੰ ਭਾਜਪਾ ਦੀ ਮੌਜੂਦਾ ਲੀਡਰਸ਼ਿਪ ਨੇ ਅੱਖੋਂ ਪਰੋਖੇ ਕਰ ਦਿੱਤਾ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਤੋਂ ਮਰਨ ਉਪਰੰਤ ਫ਼ਖ਼ਰ-ਏ-ਕੌਮ ਦਾ ਖਿਤਾਬ ਵਾਪਸ ਲੈਣਾ, ਅਕਾਲੀ ਦਲ ਦੀ ਲੀਡਰਸ਼ਿਪ ਨੂੰ ਜਾਣ ਬੁਝ ਕੇ ਜ਼ਲੀਲ ਕਰਨਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੁਣੇ ਹੋਏ ਮੈਂਬਰਾਂ ਨਾਲ ਮਾੜਾ ਵਤੀਰਾ ਕਰਨਾ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਸਿੱਧੇ ਤੌਰ 'ਤੇ ਭਾਜਪਾ ਦਾ ਕਾਬਜ਼ ਹੋਣਾ, ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੱਖਰੇ ਕਰਨਾ ਅਤੇ ਹਜ਼ੂਰ ਸਾਹਿਬ ਟਰਸਟ ਵਿੱਚ ਸਿਆਸੀ ਦਖਲਅੰਦਾਜ਼ੀ ਪੰਜਾਬ ਅੰਦਰੋਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਖਤਮ ਕਰਨ ਲਈ ਕੇਂਦਰ ਵੱਲੋਂ ਇੱਕ ਡੂੰਘੀ ਸਾਜ਼ਿਸ਼ ਵੱਲ ਇਸ਼ਾਰਾ ਕਰਦੀ ਹੈ।ਲੰਗਾਹ ਨੇ ਮੰਗ ਕੀਤੀ ਕਿ ਮੀਡੀਆ ਪੰਜਾਬ ਦੇ ਵਡੇਰੇ ਹਿਤਾਂ ਲਈ ਉਨ੍ਹਾਂ ਦਾ ਸਾਥ ਦੇਵੇ। ਨਿਹੰਗ ਜਥੇਬੰਦੀਆਂ ਵੱਲੋਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਦਾ ਵਿਰੋਧ ਕੀਤੇ ਜਾਣ ਬਾਰੇ ਸਵਾਲ ਦੇ ਜਵਾਬ ਵਿਚ ਲੰਗਾਹ ਨੇ ਕਿਹਾ ਕਿ ਹੋਲਾ ਮਹੱਲਾ ਦੇ ਕੌਮੀ ਤਿਓਹਾਰ ਮੌਕੇ ਉਹ ਕਿਸੇ ਬਾਰੇ ਕੋਈ ਬੁਰਾ ਸ਼ਬਦ ਨਹੀਂ ਕਹਿਣਾ ਚਾਹੁੰਦੇ।

# ਪੰਜਾਬੀ ਸੰਗੀਤ ਕੰਪਨੀ ਦਾ ਨਿਰਮਾਤਾ ਪਿੰਕੀ ਧਾਲੀਵਾਲ ਗ੍ਰਿਫ਼ਤਾਰ

ਐੱਸ.ਏ.ਐੱਸ. ਨਗਰ : ਮੁਹਾਲੀ ਪੁਲੀਸ ਨੇ ਪੰਜਾਬੀ ਸੰਗੀਤ ਕੰਪਨੀ ਦੇ ਨਿਰਮਾਤਾ ਪੁਸ਼ਪਿੰਦਰ ਸਿੰਘ ਪਿੰਕੀ ਧਾਲੀਵਾਲ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ ਖ਼ਿਲਾਫ਼ ਪੰਜਾਬੀ ਗਾਇਕਾ ਤੇ ਅਦਾਕਾਰਾ ਸੁਨੰਦਾ ਸ਼ਰਮਾ (33) ਨਾਲ ਧੋਖਾਧੜੀ ਤੇ ਜਾਅਲਸਾਜ਼ੀ ਕਰਨ ਅਤੇ ਅਪਰਾਧਕ ਧਮਕੀ ਦੇਣ ਦਾ ਦੋਸ਼ ਹੈ। ਗਾਇੱਕਾ ਦੀ ਸ਼ਿਕਾਇਤ 'ਤੇ ਪੁਲੀਸ ਨੇ ਮਟੌਰ ਥਾਣੇ ਵਿੱਚ ਪਰਚਾ ਦਰਜ ਕੀਤਾ ਹੈ। ਸੁਨੰਦਾ ਸ਼ਰਮਾ ਨੇ ਦੋਸ਼ ਲਾਇਆ ਕਿ ਕਈ ਸਾਲਾਂ ਤੋਂ 250 ਕਰੋੜ ਰੁਪਏ ਕਮਾਉਣ ਦੇ ਬਾਵਜੂਦ ਉਸ ਨੂੰ ਕੋਈ ਭੁਗਤਾਨ ਨਹੀਂ ਕੀਤਾ ਗਿਆ। ਮੁਹਾਲੀ ਪੁਲੀਸ ਨੂੰ ਸ਼ਿਕਾਇਤ 'ਚ ਸੁਨੰਦਾ ਨੇ ਇਹ ਵੀ ਦੋਸ਼ ਲਾਇਆ ਕਿ ਪੁਸ਼ਪਿੰਦਰ ਧਾਲੀਵਾਲ ਨੇ ਆਪਣੇ ਪੁੱਤਰ ਗੁਰਕਰਨ ਧਾਲੀਵਾਲ ਦਾ ਵਿਆਹ ਉਸ (ਸੁਨੰਦਾ) ਨਾਲ ਕਰਵਾਉਣ ਦਾ ਝਾਂਸਾ ਦੇ ਕੇ ਉਸ ਦਾ ਕਥਿਤ ਸ਼ੋਸ਼ਣ ਵੀ ਕੀਤਾ। ਪੁਸ਼ਪਿੰਦਰ ਧਾਲੀਵਾਲ ਨੂੰ ਮੁਹਾਲੀ ਦੇ ਸੈਕਟਰ-70 'ਚੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਮਟੌਰ ਥਾਣਾ ਦੇ ਐੱਸ.ਐੱਚ.ਓ. ਕੁਲਵੰਤ ਸਿੰਘ ਨੇ ਦੱਸਿਆ ਕਿ ਮੁਲਜ਼ਮ ਪੁਸ਼ਪਿੰਦਰ ਧਾਲੀਵਾਲ ਨੂੰ ਮੁਹਾਲੀ ਦੇ ਡਿਊਟੀ ਮੈਜਿਸਟਰੇਟ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤੇ ਅਦਾਲਤ ਨੇ ਉਸ ਨੂੰ 2 ਰੋਜ਼ਾ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ। ਦੂਜੇ ਪਾਸੇ ਮਟੌਰ ਥਾਣੇ 'ਚੋਂ ਬਾਹਰ ਆਉਂਦੇ ਸਮੇਂ ਜਦੋਂ ਮੀਡੀਆ ਨੇ ਪੁਸ਼ਪਿੰਦਰ ਧਾਲੀਵਾਲ ਤੋਂ ਪੱਖ ਜਾਣਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਕੋਈ ਸਪੱਸ਼ਟ ਜਵਾਬ ਨਾ ਦਿੱਤਾ। ਇਸ ਤੋਂ ਬਾਅਦ ਪੁਲੀਸ ਮੁਲਾਜ਼ਮ ਉਸ ਨੂੰ ਆਪਣੇ ਨਾਲ ਲੈ ਗਏ। ਸੁਨੰਦਾ ਸ਼ਰਮਾ ਨੇ ਸੋਸ਼ਲ ਮੀਡੀਆ ਰਾਹੀਂ ਪੰਜਾਬ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ ਕੋਲ ਇਹ ਮਾਮਲਾ ਚੁੱਕਿਆ ਹੈ। ਉਸ ਨੇ ਪੋਸਟ 'ਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਟੈਗ ਕੀਤਾ। ਸੁਨੰਦਾ ਨੇ ਦੋਸ਼ ਲਾਇਆ ਸੀ ਕਿ ਸੰਗੀਤ ਕੰਪਨੀ 'ਮੈਡ-4-ਮਿਊਜ਼ਿਕ' ਉਸ ਦਾ ਬਕਾਇਆ ਨਹੀਂ ਦੇ ਰਹੀ ਤੇ ਉਸ ਨਾਲ ਕਰਾਰ ਹੋਣ ਦਾ ਦਾਅਵਾ ਕਰ ਰਹੀ ਹੈ।

# ਜਥੇਦਾਰਾਂ ਨੂੰ ਹਟਾਉਣਾ ਬਦਲੇ ਦੀ ਕਾਰਵਾਈ ਜਾਪਦੀ ਹੈ: ਮਾਨ

ਚੰਡੀਗੜ੍ਹ - ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਨਿੱਚਰਵਾਰ ਨੂੰ ਅਕਾਲ ਤਖ਼ਤ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰਾਂ ਨੂੰ ਹਟਾਉਣ ਦੀ ਨਿੰਦਾ ਕਰਦਿਆਂ ਕਿਹਾ ਕਿ ਇਹ 'ਬਦਲਾਖੋਰੀ' ਦੀ ਕਾਰਵਾਈ ਜਾਪਦੀ ਹੈ। ਮਾਨ ਦੀ ਇਹ ਪ੍ਰਤੀਕਿਰਿਆ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਵੱਲੋਂ ਗਿਆਨੀ ਰਘਬੀਰ ਸਿੰਘ ਨੂੰ ਅਕਾਲ ਤਖ਼ਤ ਦੇ ਜਥੇਦਾਰ ਦੇ ਅਹੁਦੇ ਤੋਂ ਅਤੇ ਗਿਆਨੀ ਸੁਲਤਾਨ ਸਿੰਘ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਹਟਾਏ ਜਾਣ ਤੋਂ ਇੱਕ ਦਿਨ ਬਾਅਦ ਆਈ ਹੈ। ਜ਼ਿਕਰਯੋਗ ਹੈ ਕਿ ਐੱਸ.ਜੀ.ਪੀ.ਸੀ. ਨੇ ਸਿੱਖ ਵਿਦਵਾਨ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦਾ ਨਵਾਂ ਜਥੇਦਾਰ ਨਿਯੁਕਤ ਕੀਤਾ ਹੈ। ਜਦੋਂ ਤੱਕ ਕੋਈ ਨਿਯੁਕਤੀ ਨਹੀਂ ਹੋ ਜਾਂਦੀ, ਉਹ ਅਕਾਲ ਤਖ਼ਤ ਦੇ



ਕਾਰਜਕਾਰੀ ਜਥੇਦਾਰ ਵਜੋਂ ਵੀ ਸੇਵਾ ਨਿਭਾਉਣਗੇ। ਸ਼੍ਰੋਮਣੀ ਕਮੇਟੀ ਦੇ ਇਸ ਕਦਮ ਬਾਰੇ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਮਾਨ ਨੇ ਕਿਹਾ,"ਦੇਖੋ, ਇਹ ਇੱਕ ਧਾਰਮਿਕ ਮਾਮਲਾ ਹੈ। ਜੋ ਹੋਣਾ ਚਾਹੀਦਾ ਸੀ ਉਹ ਇਹ ਸੀ ਕਿ ਰਾਜਨੀਤੀ ਧਰਮ ਤੋਂ ਸਿੱਖੇ। ਪਰ ਜੋ ਹੋ ਰਿਹਾ ਹੈ ਉਹ ਇਹ ਹੈ ਕਿ ਰਾਜਨੀਤੀ ਧਰਮ ਨੂੰ ਸਿਖਾ ਰਹੀ ਹੈ।" ਸਿੰਗਾਪੁਰ ਵਿੱਚ ਸਿਖਲਾਈ ਲਈ ਸਕੂਲ ਪ੍ਰਿੰਸੀਪਲਾਂ ਦੇ ਇੱਕ ਜਥੇ ਨੂੰ ਰਵਾਨਾ ਕਰਨ ਲਈ ਇੱਕ ਸਮਾਗਮ ਦੇ ਮੌਕੇ 'ਤੇ ਬੋਲਦਿਆਂ ਮਾਨ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਹੋਣੀਆਂ ਚਾਹੀਦੀਆਂ ਹਨ। ਸੁਖਬੀਰ ਸਿੰਘ ਬਾਦਲ ਸਮੇਤ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦਾ ਹਵਾਲਾ ਦਿੰਦੇ ਹੋਏ ਮਾਨ ਨੇ ਕਿਹਾ, "ਤੁਸੀਂ ਆਪਣੀਆਂ ਸਾਰੀਆਂ ਗਲਤੀਆਂ ਸਵੀਕਾਰ ਕਰ ਲਈਆਂ ਅਤੇ 'ਤਨਖਾਹ' (ਧਾਰਮਿਕ ਸਜ਼ਾ) 'ਤੇ ਵੀ ਰਹੇ। ਹੁਣ ਤੁਸੀਂ ਕਹਿੰਦੇ ਹੋ ਕਿ ਅਸੀਂ ਜਥੇਦਾਰਾਂ ਨੂੰ ਹਟਾ ਦੇਵਾਂਗੇ। ਇਹ ਬਦਲਾਖੋਰੀ ਦਾ ਕੰਮ ਜਾਪਦਾ ਹੈ।" ਉਧਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼ੁੱਕਰਵਾਰ ਨੂੰ ਦੋ ਹੋਰ ਜਥੇਦਾਰਾਂ ਨੂੰ ਹਟਾਉਣ ਦੀ ਨਿੰਦਾ ਕਰਦੇ ਹੋਏ ਕਿਹਾ ਸੀ ਕਿ ਇਹ ਪੰਥ ਲਈ ਕਾਲਾ ਦਿਨ ਹੈ। ਕਈ ਰਾਜਨੀਤਿਕ ਆਗੂਆਂ ਨੇ ਵੀ ਇਸ ਕਦਮ ਦੀ ਆਲੋਚਨਾ ਕੀਤੀ ਸੀ।

# ਅਮਰੀਕਾ ਨੇ ਗ਼ੈਰ ਦਸਤਾਵੇਜ਼ੀ ਪਰਵਾਸੀਆਂ ਲਈ ਰਜਿਸਟ੍ਰੇਸ਼ਨ ਕਰਵਾਉਣਾ ਜ਼ਰੂਰੀ ਕੀਤਾ, ਕੀ ਹੈ ਪ੍ਰਕਿਰਿਆ



ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਦੇ ਪ੍ਰਸ਼ਾਸਨ ਨੇ ਕਿਹਾ ਹੈ ਕਿ ਉਹ ਗੈਰ ਦਸਤਾਵੇਜ਼ੀ ਪਰਵਾਸੀਆਂ ਦਾ ਇੱਕ ਕੌਮਾਂਤਰੀ ਰਜਿਸਟਰ ਬਣਾਉਣਗੇ। ਇਹ ਐਲਾਨ ਉਨ੍ਹਾਂ ਨੇ 25 ਫਰਵਰੀ 2025 ਨੂੰ ਕੀਤਾ।ਇਸ ਦੇ ਨਾਲ ਹੀ ਇਹ ਵੀ ਕਿਹਾ ਹੈ ਕਿ ਜੇ ਕੋਈ ਗੈਰ ਦਸਤਾਵੇਜ਼ੀ ਪਰਵਾਸੀ ਤੈਅ ਸਮੇਂ ਸੀਮਾ ਵਿੱਚ ਰਜਿਸਟਰ ਨਹੀਂ ਕਰਵਾਉਂਦਾ ਤਾਂ ਉਸ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਅਮਰੀਕਾ ਦੇ ਡਿਪਾਰਟਮੈਂਟ ਆਫ ਹੋਮਲੈਂਡ ਸਿਕਿਓਰਿਟੀ ਨੇ 25 ਫਰਵਰੀ ਨੂੰ ਐਲਾਨਿਆ ਕਿ 14 ਸਾਲ ਤੋਂ ਉੱਤੇ ਹਰ ਗੈਰ ਦਸਤਾਵੇਜ਼ੀ ਪਰਵਾਸੀ ਨੂੰ ਅਮਰੀਕੀ ਸਰਕਾਰ ਨੂੰ ਆਪਣਾ ਪਤਾ ਤੇ ਉਂਗਲਾਂ ਦੇ ਨਿਸ਼ਾਨ ਬਾਰੇ ਜਾਣਕਾਰੀ ਦੇਣੀ ਪੈਣੀ ਹੈ।ਇਹ ਕਦਮ ਅਮਰੀਕਾ ਵੱਲੋਂ ਆਪਣੇ ਪਰਵਾਸੀ ਸਿਸਟਮ ਵਿੱਚ ਸੁਧਾਰ ਕਰਨ ਦੀਆਂ ਕੋਸ਼ਿਸ਼ਾਂ ਦਾ ਇੱਕ ਹਿੱਸਾ ਹੈ। ਇਸੇ ਤਹਿਤ ਬੀਤੇ ਕੁਝ ਵਕਤ ਵਿੱਚ ਕਈ ਗੈਰ ਕਾਨੂੰਨੀ ਪਰਵਾਸੀਆਂ ਦੀਆਂ ਗ੍ਰਿਫ਼ਤਾਰੀਆਂ ਹੋਈਆਂ ਤੇ ਕਈ ਗੈਰ-ਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕੀਤਾ ਗਿਆ।ਡਿਪਾਰਟਮੈਂਟ ਆਫ ਹੋਮਲੈਂਡ ਸਿਕਿਓਰਿਟੀ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਸ ਨਾਲ ਲੋਕਾਂ ਦਾ ਖ਼ੁਦ ਡਿਪੋਰਟ ਹੋਣਾ ਵਧੇਗਾ, ਜੋ ਕਿ ਸਰਕਾਰੀ ਏਜੰਸੀਆਂ ਅਤੇ ਪਰਵਾਸੀਆਂ ਦੋਵਾਂ ਦੀ ਸੁਰੱਖਿਆ ਲਈ ਇੱਕ ਚੰਗੀ ਗੱਲ ਹੋਵੇਗੀ।ਡਿਪਾਰਟਮੈਂਟ ਆਫ ਹੋਮਲੈਂਡ ਸਿਕਿਓਰਿਟੀ ਦੇ ਬੁਲਾਰੇ ਤ੍ਰਿਸ਼ੀਆ ਮੈਕਲਾਫਲਿਨ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਰਾਸ਼ਟਰਪਤੀ ਟਰੰਪ ਦਾ ਸੁਨੇਹਾ ਸਾਫ਼ ਹੈ ਕਿ ਜੋ ਕੋਈ ਵੀ ਦੇਸ਼ ਵਿੱਚ ਗੈਰ ਕਾਨੂੰਨੀ ਤਰੀਕੇ ਨਾਲ ਰਹਿ ਰਿਹਾ ਹੈ, ਉਹ ਫੌਰਨ ਦੇਸ਼ ਨੂੰ ਛੱਡ ਦੇਵੇ।ਉਹ ਕਹਿੰਦੇ ਹਨ, ਜੇ ਤੁਸੀਂ ਹੁਣ ਦੇਸ਼ ਛੱਡਦੇ ਹੋ ਤਾਂ ਤੁਹਾਨੂੰ ਵਾਪਸ ਆਉਣ 'ਤੇ ਇੱਕ ਆਜ਼ਾਦ ਜ਼ਿੰਦਗੀ ਜਿਉਣ ਅਤੇ ਅਮਰੀਕਾ ਦਾ ਸੁਪਨਾ ਵੇਖਣ ਦਾ ਮੌਕਾ ਮਿਲੇਗਾ। ਸਾਡੇ ਦੇਸ਼ ਅਤੇ ਅਮਰੀਕੀ ਨਾਗਰਿਕਾਂ ਦੀ ਸੁਰੱਖਿਆ ਲਈ ਸਾਨੂੰ ਇਹ ਜਾਣਨਾ ਜ਼ਰੂਰੀ ਹੈ ਕਿ ਕੌਣ ਸਾਡੇ ਦੇਸ਼ ਵਿੱਚ ਰਹਿ ਰਿਹਾ ਹੈ।ਮਾਹਿਰਾਂ ਦਾ ਕਹਿਣਾ ਹੈ ਕਿ ਇਸ ਰਜਿਸਟ੍ਰੇਸ਼ਨ ਸਿਸਟਮ ਨੂੰ ਲਾਗੂ ਕਰਨ ਵਿੱਚ ਮੁਸ਼ਕਲਾਂ ਆਉਣਗੀਆਂ ਕਿਉਂਕਿ ਇਸ ਨੂੰ ਲਾਗੂ ਕਰਨ ਦੀਆਂ ਆਪਣੀਆਂ ਚੁਣੌਤੀਆਂ ਹੋਣਗੀਆਂ।

**ਕਿਸ ਐਕਟ ਤਹਿਤ ਹੋਵੇਗਾ ਰਜਿਸਟ੍ਰੇਸ਼ਨ, ਕੀ ਹਨ ਨਿਯਮ**

ਡਿਪਾਰਟਮੈਂਟ ਆਫ ਹੋਮਲੈਂਡ ਸਿਕਿਓਰਿਟੀ ਨੇ ਇਸ ਕਦਮ ਨੂੰ ਸਹੀ ਠਹਿਰਾਉਣ ਲਈ ਇਮੀਗ੍ਰੇਸ਼ਨ ਐਂਡ ਨੈਸ਼ਨੈਲਿਟੀ ਐਕਟ ਦੇ ਇੱਕ ਸੈਕਸ਼ਨ ਦਾ ਹਵਾਲਾ ਦਿੱਤਾ ਹੈ।ਅਮਰੀਕਾ ਦੀ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਸ ਦੀ ਵੈਬਸਾਈਟ ਮੁਤਾਬਕ, ਅਣਅਧਿਕਾਰਤ ਪਰਵਾਸੀਆਂ ਦਾ ਰਜਿਸਟ੍ਰੇਸ਼ਨ ਇਸੇ ਇਮੀਗ੍ਰੇਸ਼ਨ ਐਂਡ ਨੈਸ਼ਨੈਲਿਟੀ ਐਕਟ ਦੇ ਸੈਕਸ਼ਨ 262 ਤਹਿਤ ਕੀਤਾ ਜਾਵੇਗਾ।ਇਹ ਐਕਟ ਭਾਵੇਂ 1940 ਤੋਂ ਬਣਿਆ ਹੋਇਆ ਹੈ ਪਰ ਇਸ ਨੂੰ ਬਹੁਤ ਘੱਟ ਲਾਗੂ ਕੀਤਾ ਗਿਆ ਹੈ। ਇਹ ਐਕਟ ਦੂਜੀ ਵਿਸ਼ਵ ਜੰਗ ਵੇਲੇ ਲਾਗੂ ਕੀਤਾ ਗਿਆ ਸੀ ਜਦੋਂ ਅਮਰੀਕਾ ਵਿੱਚ ਗੈਰ ਦਸਤਾਵੇਜ਼ੀ ਪਰਵਾਸੀਆਂ ਦਾ ਰਿਕਾਰਡ ਰੱਖਣਾ ਜ਼ਰੂਰੀ ਸੀ।ਐਕਟ ਤਹਿਤ, 14 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਉਹ ਪਰਵਾਸੀ ਜੋ ਅਮਰੀਕਾ ਦੇ ਨਾਗਰਿਕ ਨਹੀਂ ਹਨ, ਜਿਨ੍ਹਾਂ ਦੀਆਂ ਉਂਗਲਾਂ ਦੇ ਨਿਸ਼ਾਨਾਂ ਬਾਰੇ ਕੋਈ ਰਿਕਾਰਡ ਨਹੀਂ ਹੈ ਜਾਂ ਉਨ੍ਹਾਂ ਨੂੰ ਅਮਰੀਕਾ ਦਾ ਵੀਜ਼ਾ ਦੇਣ ਵੇਲੇ ਰਜਿਸਟਰ ਨਹੀਂ ਕੀਤਾ ਗਿਆ ਅਤੇ 30 ਦਿਨ ਜਾਂ ਉਸ ਤੋਂ ਵੱਧ ਸਮੇਂ ਲਈ ਉਹ ਅਮਰੀਕਾ ਵਿੱਚ ਹਨ, ਉਨ੍ਹਾਂ ਨੂੰ ਰਜਿਸਟ੍ਰੇਸ਼ਨ ਕਰਵਾਉਣਾ ਪਵੇਗਾ।14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਮਾਪਿਆਂ ਲਈ ਬੱਚਿਆਂ ਦਾ ਰਜਿਸਟ੍ਰੇਸ਼ਨ ਕਰਵਾਉਣਾ ਜ਼ਰੂਰੀ ਹੈ। 14 ਸਾਲ ਦੀ ਉਮਰ ਪੂਰੀ ਹੋਣ ਦੇ 30 ਦਿਨਾਂ ਵਿਚਾਲੇ ਬੱਚੇ ਦਾ ਮੁੜ ਰਜਿਸਟ੍ਰੇਸ਼ਨ ਕਰਵਾਉਣਾ ਤੇ ਉਂਗਲਾਂ ਦੇ ਨਿਸ਼ਾਨ ਦਾ ਰਿਕਾਰਡ ਕਰਵਾਉਣਾ ਜ਼ਰੂਰੀ ਹੈ।ਇੱਕ ਵਾਰ ਇੱਕ ਗੈਰ ਦਸਤਾਵੇਜ਼ੀ ਪਰਵਾਸੀ ਨੇ ਆਪਣਾ ਰਜਿਸਟ੍ਰੇਸ਼ਨ ਕਰਵਾ ਲਿਆ ਤੇ ਉਂਗਲਾਂ ਦੇ ਨਿਸ਼ਾਨ ਰਿਕਾਰਡ ਕਰਵਾ ਲਏ ਤਾਂ ਉਸ ਨੂੰ ਇੱਕ ਰਜਿਸਟ੍ਰੇਸ਼ਨ ਦਾ ਸਰਟੀਫਿਕੇਟ ਦਿੱਤਾ ਜਾਵੇਗਾ।18 ਸਾਲ ਤੋਂ ਉੱਪਰ ਹਰ ਗੈਰ-ਦਸਤਾਵੇਜ਼ੀ ਪਰਵਾਸੀ ਨੂੰ ਹਰ ਵੇਲੇ ਇਸ ਸਰਟੀਫਿਕੇਟ ਨੂੰ ਆਪਣੇ ਨਾਲ ਰੱਖਣਾ ਜ਼ਰੂਰੀ ਹੈ।ਜੋ ਗੈਰ-ਦਸਤਾਵੇਜ਼ੀ ਪਰਵਾਸੀ ਖ਼ੁਦ ਨੂੰ ਰਜਿਸਟਰ ਨਹੀਂ ਕਰਵਾਉਂਦਾ ਹੈ, ਉਸ ਦੇ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਕਾਰਵਾਈ ਤਹਿਤ ਜੇਲ੍ਹ ਦੀ ਸਜ਼ਾ ਅਤੇ ਜੁਰਮਾਨਾ ਵੀ ਹੋ ਸਕਦਾ ਹੈ।ਇਸ ਦੇ ਨਾਲ ਹੀ ਇਹ ਵੀ ਸਾਫ ਕੀਤਾ ਗਿਆ ਹੈ ਕਿ ਜੇ ਕੋਈ ਗੈਰ-ਦਸਤਾਵੇਜ਼ੀ ਪਰਵਾਸੀ ਇਸ ਪ੍ਰਕਿਰਿਆ ਤਹਿਤ ਰਜਿਸਟ੍ਰੇਸ਼ਨ ਕਰਵਾ ਲੈਂਦਾ ਹੈ ਤਾਂ ਇਹ ਉਸ ਦਾ ਇਮੀਗ੍ਰੇਸ਼ਨ ਸਟੇਟਸ ਨਹੀਂ ਹੈ। ਭਾਵ ਇਹ ਨਹੀਂ ਸਮਝਿਆ ਜਾਵੇ ਕਿ ਰਜਿਸਟਰ ਹੋਇਆ ਗੈਰ-ਦਸਤਾਵੇਜ਼ੀ ਵਿਅਕਤੀ ਨਾਗਰਿਕਤਾ ਦੇ ਯੋਗ ਹੋ ਗਿਆ ਹੈ।ਰਜਿਸਟ੍ਰੇਸ਼ਨ ਦਾ ਇਹ ਮਤਲਬ ਨਹੀਂ ਹੈ ਕਿ ਉਸ ਨੂੰ ਅਮਰੀਕਾ ਵਿੱਚ ਕੰਮ ਕਰਨ ਦਾ ਅਧਿਕਾਰ ਹੈ। ਇਸ ਦੇ ਨਾਲ ਹੀ ਉਸ ਨੂੰ ਅਮਰੀਕੀ ਕਾਨੂੰਨ ਦੇ ਤਹਿਤ ਹੋਰ ਅਧਿਕਾਰ ਵੀ ਇਸ ਰਜਿਸਟ੍ਰੇਸ਼ਨ ਤੋਂ ਬਾਅਦ ਨਹੀਂ ਮਿਲਣਗੇ।

**ਰਜਿਸਟਰ ਕਿਵੇਂ ਕਰਨਾ ਹੈ ?**

ਖ਼ਬਰ ਲਿਖੇ ਜਾਣ ਤੱਕ ਅਮਰੀਕਾ ਦੀ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਸ ਦੀ ਵੈਬਸਾਈਟ ਉੱਤੇ ਛਪੀ ਜਾਣਕਾਰੀ ਮੁਤਾਬਕ ਡਿਪਾਰਟਮੈਂਟ ਆਫ ਹੋਮਲੈਂਡ ਸਿਕਿਓਰਿਟੀ ਛੇਤੀ ਹੀ ਇਸ ਰਜਿਸਟ੍ਰੇਸ਼ਨ ਦੀ ਪੂਰੀ ਪ੍ਰਕਿਰਿਆ ਅਤੇ ਫਾਰਮ ਜਾਰੀ ਕਰਨਗੇ।ਗੈਰ-ਦਸਤਾਵੇਜ਼ੀ ਪਰਵਾਸੀਆਂ ਨੇ ਉਦੋਂ ਤੱਕ ਅਮਰੀਕਾ ਦੀ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਸ ਦੀ ਵੈਬਸਾਈਟ ਉੱਤੇ ਜਾ ਕੇ ਆਪਣਾ ਐਕਾਊਂਟ ਬਣਾਉਣਾ ਹੈ।

**ਕਿਸ ਨੂੰ ਰਜਿਸਟ੍ਰੇਸ਼ਨ ਦੀ ਲੋੜ ਨਹੀਂ ਹੈ**

ਇਨ੍ਹਾਂ ਪਰਵਾਸੀਆਂ ਨੂੰ ਇਸ ਪ੍ਰਕਿਰਿਆ ਤਹਿਤ ਰਜਿਸਟ੍ਰੇਸ਼ਨ ਕਰਵਾਉਣਾ ਜ਼ਰੂਰੀ ਨਹੀਂ ਹੈ।ਜੋ ਕਾਨੂੰਨ ਤਹਿਤ ਪੱਕੇ ਨਾਗਰਿਕ ਹਨ।ਉਹ ਗੈਰ-ਦਸਤਾਵੇਜ਼ੀ ਪਰਵਾਸੀ ਜਿਨ੍ਹਾਂ ਨੂੰ ਅਮਰੀਕਾ ਦੇ ਆਈਐੱਨਏ ਐਕਟ ਤਹਿਤ ਪੈਰੋਲ ਦਿੱਤੀ ਗਈ, ਭਾਵੇਂ ਉਹ ਪੈਰੋਲ ਐਕਸਪਾਇਰ ਕਿਉਂ ਨਾ ਹੋ ਗਈ ਹੋਵੇ।ਜਿਨ੍ਹਾਂ ਗੈਰ ਦਸਤਾਵੇਜ਼ੀ ਪਰਵਾਸੀਆਂ ਕੋਲ ਬਾਰਡਰ ਕ੍ਰਾਸਿੰਗ ਕਾਰਡਜ਼ ਹੋਣ।ਜੋ ਗੈਰ ਦਸਤਾਵੇਜ਼ੀ ਪਰਵਾਸੀ ਅਮਰੀਕਾ ਵਿੱਚ ਹਨ ਤੇ ਉਨ੍ਹਾਂ ਨੂੰ ਅਮਰੀਕਾ ਪਹੁੰਚਣ ਤੋਂ ਪਹਿਲਾਂ ਇਮੀਗ੍ਰੈਂਟ ਤੇ ਨਾਨ ਇਮੀਗ੍ਰੈਂਟ ਵੀਜ਼ੇ ਜਾਰੀ ਕੀਤੇ ਹਨ।ਜਿਨ੍ਹਾਂ ਗੈਰ ਦਸਤਾਵੇਜ਼ੀ ਪਰਵਾਸੀਆਂ ਕੋਲ ਕੰਮ ਕਰਨ ਦੇ ਅਧਿਕਾਰ ਦੇ ਦਸਤਾਵੇਜ਼ ਹਨ।ਜਿਨ੍ਹਾਂ ਗੈਰ ਦਸਤਾਵੇਜ਼ੀ ਪਰਵਾਸੀਆਂ ਨੇ ਕਾਨੂੰਨੀ ਪ੍ਰਕਿਰਿਆ ਤਹਿਤ ਪੀਆਰ ਲਈ ਅਰਜ਼ੀ ਪਾਈ ਹੈ ਤੇ ਭਾਵੇਂ ਉਹ ਅਰਜ਼ੀ ਨਾਮਨਜ਼ੂਰ ਕਰ ਦਿੱਤੀ ਗਈ ਹੋਵੇ।

**ਕੀ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਸਫ਼ਲ ਹੋਵੇਗੀ**

ਅਮਰੀਕਾ ਵਿੱਚ ਕਰੀਬ ਇੱਕ ਕਰੋੜ 30 ਲੱਖ ਗੈਰ ਦਸਤਾਵੇਜ਼ੀ ਪਰਵਾਸੀ ਰਹਿ ਰਹੇ ਹਨ। ਇਹ ਸਾਫ਼ ਨਹੀਂ ਹੈ ਕਿ ਕਿੰਨੇ ਲੋਕ ਹੁਣ ਰਜਿਸਟਰ ਹੋਣਗੇ।ਅਮਰੀਕਾ ਵਿੱਚ ਪਰਵਾਸੀਆਂ ਦੇ ਹੱਕਾਂ ਲਈ ਕੰਮ ਕਰਨ ਵਾਲੀ ਸੰਸਥਾ ਦਿ ਨੈਸ਼ਨਲ ਇਮੀਗ੍ਰੇਸ਼ਨ ਲਾਅ ਸੈਂਟਰ ਦਾ ਕਹਿਣਾ ਹੈ ਕਿ ਇਹ ਮੰਨਿਆ ਜਾ ਰਿਹਾ ਹੈ ਰਜਿਸਟਰੇਸ਼ਨ ਦੀ ਇਸ ਪ੍ਰਕਿਰਿਆ ਨੂੰ ਪਰਵਾਸੀਆਂ ਨੂੰ ਹਿਰਾਸਤ ਵਿੱਚ ਲੈਣ ਅਤੇ ਡਿਪੋਰਟ ਕਰਨ ਲਈ ਵਰਤਿਆ ਜਾਵੇਗਾ।ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਅਮਰੀਕਾ ਵਿੱਚ ਇਸ ਤਰੀਕੇ ਦੀ ਰਜਿਸਟਰੀ ਕਰਨ ਦੀ ਪ੍ਰਕਿਰਿਆ ਪਹਿਲਾਂ ਦੂਜੀ ਵਿਸ਼ਵ ਜੰਗ ਤੋਂ ਬਾਅਦ ਸਿਰਫ਼ ਦੇਸ਼ ਲਈ ਸੰਭਾਵਿਤ ਖ਼ਤਰਨਾਕ ਲੋਕਾਂ ਖਾਸਕਰ ਕਮਿਊਨਿਸਟ ਲੋਕਾਂ ਦੀ ਪਛਾਣ ਲਈ ਵਰਤੀ ਜਾਂਦੀ ਸੀ।ਬੀਬੀਸੀ ਪੱਤਰਕਾਰ ਬਰਨਡ ਡੀਬਸਮਨ ਜੂਨੀਅਰ ਨੂੰ ਅਮਰੀਕਨ ਇਮੀਗ੍ਰੇਸ਼ਨ ਕੌਂਸਲ ਦੀ ਪਾਲਿਸੀ ਡਾਇਰੈਕਟਰ ਨੈਨਾ ਗੁਪਤਾ ਨੇ ਦੱਸਿਆ ਕਿ ਉਹ ਮੰਨਦੇ ਹਨ ਕਿ ਪ੍ਰਕਿਰਿਆ ਅਸਰਦਾਰ ਨਹੀਂ ਹੋਵੇਗੀ।ਉਹ ਕਹਿੰਦੇ ਹਨ, ÷ਇਹ ਮੰਨਣਾ ਮੁਸ਼ਕਲ ਹੈ ਕਿ ਗੈਰ ਦਸਤਾਵੇਜ਼ੀ ਪਰਵਾਸੀ ਇਸ ਨਵੀਂ ਪ੍ਰਕਿਰਿਆ ਦਾ ਹਿੱਸਾ ਬਣਨਗੇ। ਖ਼ਾਸਕਰ ਉਦੋਂ ਜਦੋਂ ਸਰਕਾਰ ਕਹਿ ਰਹੀ ਹੈ ਕਿ ਉਨ੍ਹਾਂ ਨੂੰ ਗੈਰ ਦਸਤਾਵੇਜ਼ੀ ਪਰਵਾਸੀਆਂ ਬਾਰੇ ਦੱਸਣਾ ਪਵੇਗਾ। ਉਨ੍ਹਾਂ ਨੇ ਆਪਣਾ ਮਕਸਦ ਵੀ ਸਾਫ ਦੱਸ ਦਿੱਤਾ ਹੈ ਕਿ ਉਹ ਵੱਡੇ ਪੱਧਰ ਉੱਤੇ ਗੈਰ ਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕਰਨਾ ਚਾਹੁੰਦੇ ਹਨ।ਉਨ੍ਹਾਂ ਕਿਹਾ ਕਿ ਜ਼ਿਆਦਾਤਰ ਗੈਰ ਕਾਨੂੰਨੀ ਪਰਵਾਸੀ ਅਮਰੀਕਾ ਵਿੱਚ 15 ਸਾਲ ਜਾਂ ਉਸ ਤੋਂ ਵੱਧ ਸਮੇਂ ਤੋਂ ਰਹਿ ਰਹੇ ਹਨ ਤੇ ਬਹੁਤ ਹੀ ਘੱਟ ਸੰਭਾਵਨਾ ਹੈ ਕਿ ਉਹ ਆਪਣਾ ਰਜਿਸਟ੍ਰੇਸ਼ਨ ਕਰਵਾਉਣਗੇ।ਇਸ ਦੇ ਨਾਲ ਟਰੰਪ ਪ੍ਰਸ਼ਾਸਨ ਨੂੰ ਵੱਡੇ ਪੱਧਰ ਉੱਤੇ ਡਿਪੋਰਟੇਸ਼ਨ ਕਰਨ ਦਾ ਇੱਕ ਵੱਡਾ ਹਥਿਆਰ ਮਿਲ ਜਾਵੇਗਾ।

# ਸੁਨੀਤਾ ਵਿਲੀਅਮਜ਼ ਦੀ ਪੁਲਾੜ ਤੋਂ ਕਦੋਂ ਹੋ ਰਹੀ ਵਾਪਸੀ

ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਅਤੇ ਬੈਰੀ ਬੁਚ ਵਿਲਮੋਰ ਦੀ ਪੁਲਾੜ ਤੋਂ ਵਾਪਸੀ 19 ਅਤੇ 20 ਮਾਰਚ ਨੂੰ ਹੋ ਸਕਦੀ ਹੈ। ਇਹ ਦੋਵੇਂ ਕਰੀਬ ਦਸ ਮਹੀਨਿਆਂ ਤੋਂ ਕੌਮਾਂਤਰੀ ਪੁਲਾੜ ਸਟੇਸ਼ਨ (ਆਈਐੱਸਐੱਸ) ਵਿੱਚ ਰਹਿ ਰਹੇ ਹਨ।ਦੋਵਾਂ ਨੇ 5 ਜੂਨ 2024 ਨੂੰ ਇੱਕ ਪ੍ਰੀਖਣ ਮਿਸ਼ਨ ਲਈ ਸਟਾਰਲਾਈਨਰ ਪੁਲਾੜ ਯਾਨ ਨਾਲ ਉਡਾਣ ਭਰੀ ਸੀ। ਉਨ੍ਹਾਂ ਨੇ ਅੱਠ ਦਿਨਾਂ ਬਾਅਦ ਵਾਪਸ ਪਰਤਣਾ ਸੀ।ਸਟਾਰਲਾਈਨਰ ਪੁਲਾੜ ਯਾਨ ਨਾਲ ਜਦੋਂ ਆਈਐੱਸਐੱਸ ਦੇ ਕਰੀਬ ਪਹੁੰਚਿਆਂ ਤਾਂ ਉਸ ਵਿੱਚ ਸਮੱਸਿਆ ਪੈਦਾ ਹੋ ਗਈ ਅਤੇ ਇਸ ਦੇ ਪੰਜ ਥਰਸਟਰ ਬੰਦ ਹੋ ਗਏ, ਜੋ ਯਾਨ ਨੂੰ ਦਿਸ਼ਾ ਦਿੰਦੇ ਹਨ।ਇਸ ਵਿੱਚ ਹਿਲੀਅਮ ਵੀ ਖਤਮ ਹੋ ਗਿਆ ਸੀ। ਇਸ ਕਾਰਨ ਯਾਨ ਨੂੰ ਜਲਣ ਵਾਲੇ ਪਦਾਰਥ 'ਤੇ ਨਿਰਭਰ ਹੋਣਾ ਪਿਆ ਅਤੇ ਦੋਵੇਂ ਪੁਲਾੜ ਯਾਤਰੀਆਂ ਦੀ ਵਾਪਸੀ ਰੁਕ ਗਈ।61 ਸਾਲ ਦੇ ਵਿਲਮੋਰ ਅਤੇ 58 ਸਾਲ ਦੇ ਸੁਨੀਤਾ ਨੂੰ ਬੋਇੰਗ ਸਟਾਰਲਾਈਨਰ ਪੁਲਾੜ ਯਾਨ ਨੇ ਕੌਮਾਂਤਰੀ ਪੁਲਾੜ ਸਟੇਸ਼ਨ ਤੱਕ ਪਹੁੰਚਾਇਆ ਸੀ। ਇਹ ਆਪਣੀ ਤਰ੍ਹਾਂ ਦੀ ਪਹਿਲੀ ਉਡਾਣ ਸੀ, ਜਿਸ ਵਿੱਚ ਲੋਕ ਸਵਾਰ ਸਨ।ਇਹ ਇੱਕ ਪ੍ਰੀਖਣ ਸੀ, ਜਿਸ ਦਾ ਮਕਸਦ ਇਹ ਦੇਖਣਾ ਸੀ ਕਿ ਨਵਾਂ ਪੁਲਾੜ ਯਾਨ ਨਿਯਮਿਤ ਰੂਪ ਨਾਲ ਇਸਤੇਮਾਲ ਕੀਤੇ ਜਾਣ ਤੋਂ ਪਹਿਲਾਂ ਕਿਹੋ ਜਿਹਾ ਪ੍ਰਦਰਸ਼ਨ ਕਰਦਾ ਹੈ ? ਹਾਲਾਂਕਿ ਇਹ ਜਿਵੇਂ-ਜਿਵੇਂ ਅੱਗੇ ਵਧਿਆ ਇਸ ਵਿੱਚ ਕੁਝ ਸਮੱਸਿਆਵਾਂ ਸਾਹਮਣੇ ਆਉਣ ਲੱਗੀਆਂ। ਇਸ ਦੇ ਪ੍ਰੋਪਲਸ਼ਨ ਸਿਸਟਮ ਵਿੱਚ ਲੀਕ ਹੋਇਆ ਅਤੇ ਕੁਝ ਥਰਸਟਰਸ ਵੀ ਬੰਦ ਹੋਣ ਲੱਗੇ।ਹੁਣ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਪੁਲਾੜ ਯਾਤਰੀਆਂ ਨੂੰ ਵਾਪਸ ਲਿਆਉਣ ਦੀ ਜ਼ਿੰਮੇਦਾਰੀ ਇਲੋਨ ਮਸਕ ਨੂੰ ਸੌਂਪੀ ਹੈ। ਨਾਸਾ ਦੇ ਮੁਤਾਬਕ, ਉਨ੍ਹਾਂ ਨੂੰ 19 ਜਾਂ 20 ਮਾਰਚ ਦੇ ਆਸਪਾਸ ਵਾਪਸ ਲਿਆਂਦਾ ਜਾ ਸਕਦਾ ਹੈ।ਨਾਸਾ ਦੇ ਸਪੇਸਐਕਸ ਕਰੂ-9 ਦੇ ਮੈਂਬਰਾਂ ਨੇ ਪੁਲਾੜ ਤੋਂ ਰਵਾਨਾ ਹੋਣ ਤੋਂ ਪਹਿਲਾਂ ਇੱਕ ਪ੍ਰੈਸ ਕਾਨਫਰੰਸ ਜਰੀਏ ਸਾਰਿਆਂ ਨਾਲ ਗੱਲਬਾਤ ਕੀਤੀ ਸੀ।ਨਾਸਾ ਦੇ ਪੁਲਾੜ ਯਾਤਰੀ ਨਿਕ ਹੇਗ, ਸੁਨੀਤਾ ਵਿਲੀਅਮਜ਼ ਅਤੇ ਬੁਚ ਵਿਲਮੋਰ ਨੇ 4 ਮਾਰਚ 2025 ਨੂੰ ਪੁਲਾੜ ਤੋਂ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕੀਤਾ ਸੀ।




**ਸੁਨੀਤਾ ਨੇ ਫਿਰ ਬਣਾਇਆ ਰਿਕਾਰਡ**

ਪਿਛਲੇ ਨੌਂ ਮਹੀਨਿਆਂ ਤੋਂ ਵੀ ਵੱਧ ਸਮੇਂ ਤੋਂ ਸੁਨੀਤਾ ਵਿਲੀਅਮਜ਼ ਆਈਐੱਸਐੱਸ ਵਿੱਚ ਹਨ। ਇਸ ਦੇ ਨਾਲ ਹੀ ਉਹ ਪੁਲਾੜ ਵਿੱਚ ਲਗਾਤਾਰ ਸਭ ਤੋਂ ਲੰਬੇ ਸਮੇਂ ਤੱਕ ਠਹਿਰਨ ਵਾਲੇ ਪਹਿਲੇ ਮਹਿਲਾ ਬਣ ਗਏ ਹਨ।ਵੈਸੇ ਸੁਨੀਤਾ ਦਾ ਇਹ ਕੋਈ ਪਹਿਲਾ ਰਿਕਾਰਡ ਨਹੀਂ ਹੈ। ਉਨ੍ਹਾਂ ਨੇ ਪੁਲਾੜ ਵਿੱਚ 22 ਘੰਟੇ 27 ਮਿੰਟ ਤੱਕ ਚਹਿਲਕਦਮੀ ਕਰਕੇ ਕਿਸੇ ਮਹਿਲਾ ਵੱਲੋਂ ਹੁਣ ਤੱਕ ਦੇ ਸਭ ਤੋਂ ਲੰਬੇ ਸਪੇਸ ਵਾਕ ਦਾ ਰਿਕਾਰਡ ਵੀ ਬਣਾਇਆ ਸੀ।ਇਸ ਤੋਂ ਪਹਿਲਾਂ ਇਹ ਰਿਕਾਰਡ ਪੁਲਾੜ ਯਾਤਰੀ ਕੈਥਰੀਨ ਥਾਰਨਟਨ ਦੇ ਨਾਮ ਸੀ। ਉਨ੍ਹਾਂ ਨੇ 21 ਘੰਟੇ ਤੋਂ ਵੱਧ ਸਮੇਂ ਤੱਕ ਸਪੇਸ ਵਾਕ ਦਾ ਰਿਕਾਰਡ ਬਣਾਇਆ ਸੀ।ਸੁਨੀਤਾ ਵਿਲੀਅਮਜ਼ ਦੀ ਇਹ ਤੀਜੀ ਪੁਲਾੜ ਯਾਤਰਾ ਹੈ। ਤਿੰਨਾਂ ਯਾਤਰਾਵਾਂ ਨੂੰ ਮਿਲਾ ਕੇ ਹੁਣ ਤੱਕ ਉਹ ਨੌਂ ਵਾਰ ਸਪੇਸਵਾਕ ਕਰ ਚੁੱਕੇ ਹਨ। ਇਸ ਦੌਰਾਨ ਉਨ੍ਹਾਂ ਨੇ 62 ਘੰਟੇ 6 ਮਿੰਟ ਸਪੇਸਵਾਕ ਵਿੱਚ ਬਿਤਾਏ ਹਨ।ਸੁਨੀਤਾ ਵਿਲੀਅਮਜ਼ ਇੱਕ ਸੇਵਾਮੁਕਤ ਨੇਵੀ ਹੈਲੀਕਾਪਟਰ ਪਾਇਲਟ ਹਨ, ਜਦਕਿ ਵਿਲਮੋਰ ਇੱਕ ਸਾਬਕਾ ਲੜਾਕੂ ਜੈੱਟ ਪਾਇਲਟ ਹਨ। ਉਹ ਵੀ ਪਹਿਲਾਂ ਦੋ ਵਾਰ ਪੁਲਾੜ ਦੀ ਯਾਤਰਾ ਕਰ ਚੁੱਕੇ ਹਨ।


**ਕੌਣ ਹਨ ਸੁਨੀਤਾ ਵਿਲੀਅਮਜ਼**

ਸੁਨੀਤਾ ਲਿਨ ਵਿਲੀਅਮਜ਼ ਭਾਰਤੀ ਮੂਲ ਦੇ ਦੂਜੀ ਅਮਰੀਕੀ ਪੁਲਾੜ ਯਾਤਰੀ ਹਨ। ਨਾਸਾ ਨੇ ਕਲਪਨਾ ਚਾਵਲਾ ਤੋਂ ਬਾਅਦ ਭਾਰਤੀ ਮੂਲ ਦੇ ਸੁਨੀਤਾ ਲਿਨ ਵਿਲੀਅਮਜ਼ ਨੂੰ ਕੌਮਾਂਤਰੀ ਸਪੇਸ ਸਟੇਸ਼ਨ ਦੇ 'ਐਕਸਪੀਡਿਸ਼ਨ-14' ਦੇ ਦਲ ਵਿੱਚ ਸ਼ਾਮਲ ਕੀਤਾ।ਸੁਨੀਤਾ ਦਾ ਜਨਮ ਅਮਰੀਕਾ ਦੇ ਓਹਾਯੋ ਵਿੱਚ 1965 ਵਿੱਚ ਹੋਇਆ ਸੀ। ਉਨ੍ਹਾਂ ਦੇ ਪਿਤਾ 1958 'ਚ ਗੁਜਰਾਤ ਦੀ ਰਾਜਧਾਨੀ ਅਹਿਮਦਾਬਾਦ ਤੋਂ ਆ ਕੇ ਅਮਰੀਕਾ ਵਿੱਚ ਵਸ ਗਏ ਸਨ।ਸੁਨੀਤਾ ਦੇ ਪਿਤਾ ਦੀਪਕ ਪਾਂਡਿਆ ਅਤੇ ਮਾਂ ਬੋਨੀ ਪਾਂਡਿਆ ਹਨ। ਸੁਨੀਤਾ ਦੇ ਪਤੀ ਮਾਈਕਲ ਵਿਲੀਅਮਜ਼ ਖ਼ੁਦ ਵੀ ਪਾਇਲਟ ਹਨ ਅਤੇ ਹੁਣ ਇੱਕ ਪੁਲਿਸ ਅਧਿਕਾਰੀ ਦੇ ਰੂਪ ਵਿੱਚ ਕੰਮ ਕਰ ਰਹੇ ਹਨ।ਨਾਸਾ ਨੇ 1998 ਵਿੱਚ ਪੁਲਾੜ ਯਾਤਰੀ ਦੇ ਤੌਰ 'ਤੇ ਸੁਨੀਤਾ ਨੂੰ ਚੁਣਿਆ ਸੀ। ਸਥਾਨਕ ਪੱਤਰਕਾਰ ਸਲੀਮ ਰਿਜ਼ਵੀ ਦੇ ਅਨੁਸਾਰ, ਸੁਨੀਤਾ ਅਮਰੀਕੀਨ ਨੇਵਲ ਅਕੈਡਮੀ ਦੇ ਗ੍ਰੈਜੂਏਟ ਹਨ ਅਤੇ ਇਸ ਤੋਂ ਇਲਾਵਾ ਉਹ ਇੱਕ ਹੁਨਰਮੰਦ ਲੜਾਕੂ ਪਾਇਲਟ ਵੀ ਹਨ।ਉਨ੍ਹਾਂ ਨੇ 30 ਵੱਖ-ਵੱਖ ਤਰ੍ਹਾਂ ਦੇ ਜਹਾਜ਼ਾਂ 'ਤੇ 2700 ਤੋਂ ਜ਼ਿਆਦਾ ਘੰਟਿਆਂ ਦੀ ਉਡਾਣ ਭਰੀ ਹੋਈ ਹੈ।ਸੁਨੀਤਾ ਵਿਲੀਅਮਜ਼ ਨੇ ਆਪਣੀ ਪਹਿਲੀ ਨੌਕਰੀ ਨੇਵਲ ਐਵਿਏਟਰ ਦੇ ਤੌਰ 'ਤੇ ਕੀਤੀ ਸੀ।

Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 295
Website: www.preetnama.com Email preetnamausa@gmail.com
14 MARCH TO 20 MARCH, 2025



# ਜਥੇਦਾਰਾਂ ਦੀ ਨਿਯੁਕਤੀ ਤੇ ਸੇਵਾ ਮੁਕਤੀ ਵਿਚਾਲੇ ਪੰਥਕ ਸਿਆਸਤ ਦਾ ਸੰਕਟ ਕਿੰਨਾ ਡੂੰਘਾ ਹੈ ਤੇ ਇਸ ਦਾ ਹੱਲ ਕੀ ਹੈ







ਪੰਜਾਬ ਦੀ ਪੰਥਕ ਸਿਆਸਤ ਦਾ ਸੰਕਟ ਦਿਨ ਪ੍ਰਤੀ ਦਿਨ ਡੂੰਘਾ ਹੁੰਦਾ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੰਘ ਸਹਿਬਾਨਾਂ ਦਾ ਟਕਰਾਅ ਇਸ ਸਮੇਂ ਨਾਜ਼ੁਕ ਮੋੜ ਉੱਤੇ ਪਹੁੰਚ ਗਿਆ ਹੈ।ਪਹਿਲਾਂ ਗਿਆਨੀ ਰਘਬੀਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਤੇ ਗਿਆਨੀ ਸੁਲਤਾਨ ਸਿੰਘ ਨੂੰ ਤਖ਼ਤ ਸ੍ਰੀ ਕੇਸਗੜ ਸਾਹਿਬ ਦੇ ਜਥੇਦਾਰ ਤੋਂ ਅਚਾਨਕ ਫ਼ਾਰਗ ਕਰ ਦਿੱਤਾ ਗਿਆ।ਇਸੇ ਤਰ੍ਹਾਂ ਸੋਮਵਾਰ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਵੇਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅਚਾਨਕ ਤੜਕਸਾਰ ਜਿਸ ਤਰੀਕੇ ਨਾਲ ਅਹੁਦਾ ਸੰਭਾਲਿਆ, ਉਸ ਨਾਲ ਇਹ ਸੰਕਟ ਹੋਰ ਡੂੰਘਾ ਹੁੰਦਾ ਨਜ਼ਰ ਆ ਰਿਹਾ ਹੈ।ਮਾਹਰਾਂ ਦਾ ਕਹਿਣਾ ਹੈ ਕਿ ਪਹਿਲਾਂ ਹੀ ਹਾਸ਼ੀਏ ਉੱਤੇ ਆ ਗਈ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਲੋਕ ਦਾ ਇਨ੍ਹਾਂ ਘਟਨਾਵਾਂ ਤੋਂ ਬਾਅਦ ਰੋਸ ਹੋਰ ਵੱਧ ਗਿਆ ਹੈ।.

**ਨਵੇਂ ਜਥੇਦਾਰ ਦੀ ਸੇਵਾ ਸੰਭਾਲ ਉੱਤੇ ਵਿਵਾਦ**

ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਜਿਸ ਤਰੀਕੇ ਨਾਲ ਸੇਵਾ ਸੰਭਾਲੀ ਉਸ ਉੱਤੇ ਵੀ ਵਿਵਾਦ ਹੋ ਗਿਆ ਹੈ। ਜਿੱਥੇ ਸ਼੍ਰੋਮਣੀ ਅਕਾਲੀ ਦਲ ਨੇ ਨਵੇਂ ਜਥੇਦਾਰ ਦੀ ਨਿਯੁਕਤੀ ਦਾ ਸਵਾਗਤ ਕੀਤਾ ਹੈ, ਉੱਥੇ ਹੀ ਕੁਝ ਅਕਾਲੀ ਆਗੂ ਅਤੇ ਪੰਥਕ ਵਿਦਵਾਨ ਇਸ ਉੱਤੇ ਸਵਾਲ ਚੁੱਕੇ ਰਹੇ ਹਨ।ਐੱਸਜੀਪੀਸੀ ਦੀ ਸਾਬਕਾ ਪ੍ਰਧਾਨ ਜਾਗੀਰ ਕੌਰ ਦਾ ਕਹਿਣਾ ਹੈ, ਜਿਸ ਤਰੀਕੇ ਨਾਲ ਅਚਾਨਕ ਤੜਕਸਾਰ ਨਵੇਂ ਜਥੇਦਾਰ ਨੇ ਸੇਵਾ ਸੰਭਾਲੀ ਅਜਿਹਾ ਕਦੇ ਇਤਿਹਾਸ ਵਿੱਚ ਨਹੀਂ ਹੋਇਆ।ਉਨ੍ਹਾਂ ਦਾ ਕਹਿਣਾ ਹੈ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮਰਿਆਦਾ ਦਾ ਘਾਣ ਖ਼ਾਸ ਕਰਕੇ ਪੰਥਕ ਰਹੁ-ਰੀਤਾਂ ਉਤੇ ਪਹਿਰਾ ਦੇਣ ਵਾਲੀ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਤੇ ਮੁਲਾਜ਼ਮਾਂ ਨੇ ਵੱਡੀ ਉਲੰਘਣਾ ਕੀਤੀ ਹੈ ਜਿਸ ਨਾਲ ਸਿੱਖਾਂ ਵਿੱਚ ਨਰਾਜ਼ਗੀ ਹੈ।ਦੂਜੇ ਪਾਸੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅਹੁਦੇ ਦਾ ਚਾਰਜ ਲਏ ਜਾਣ ਮੌਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾ ਹੋਣ ਅਤੇ ਸਿੱਖ ਸੰਗਤ ਦੀ ਹਾਜ਼ਰੀ ਤੋਂ ਬਿਨਾਂ ਕੀਤੇ ਗਏ ਸੇਵਾ ਸੰਭਾਲ ਸਮਾਗਮ ਨੂੰ ਮਰਿਆਦਾ ਦੀ ਘੋਰ ਉਲੰਘਣਾ ਕਰਾਰ ਦਿੱਤਾ ਹੈ।ਗਿਆਨੀ ਹਰਪ੍ਰੀਤ ਸਿੰਘ ਨੇ ਇੱਕ ਵੀਡੀਓ ਬਿਆਨ ਵਿੱਚ ਕਿਹਾ, ਨਵ-ਨਿਯੁਕਤ ਜਥੇਦਾਰ ਦੀ ਸੇਵਾ ਸੰਭਾਲ ਦੇ ਸਮਾਗਮ ਦੌਰਾਨ ਨਾ ਤਾਂ ਤਖ਼ਤ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਸੀ ਅਤੇ ਨਾ ਹੀ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ, ਨਾ ਹੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਨਾ ਹੀ ਸਿੱਖ ਸੰਗਤਾਂ, ਜਥੇਬੰਦੀਆਂ, ਸੰਪਰਦਾਵਾਂ ਹਾਜ਼ਰ ਸਨ।ਉਧਰ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪਰਮਜੀਤ ਸਿੰਘ ਸਰਨਾ ਨੇ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ।ਇੱਕ ਬਿਆਨ ਵਿੱਚ ਸਰਨਾ ਨੇ ਆਖਿਆ, ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖਾਂ ਵਿੱਚ ਬਣੇ ਹੋਏ ਹਾਲਾਤ ਦੇ ਮੱਦੇਨਜ਼ਰ ਜੋ ਫ਼ੈਸਲਾ ਸਿੰਘ ਸਾਹਿਬਾਨ ਦੀ ਨਿਯੁਕਤੀ ਦਾ ਲਿਆ ਹੈ ਅਤੇ ਟਕਰਾਅ ਤੋਂ ਬਚਣ ਲਈ ਸਿੰਘ ਸਾਹਿਬ ਨੇ ਅੰਮ੍ਰਿਤ ਵੇਲੇ ਨੂੰ ਚੁਣਦੇ ਹੋਏ ਕੌਮ ਨੂੰ ਇੱਕਮੁੱਠ ਹੋਣ ਦਾ ਸੰਦੇਸ਼ ਦਿੱਤਾ ਹੈ, ਉਸ ਨਾਲ ਇਹ ਸਾਬਤ ਹੋਇਆ ਹੈ ਕਿ ਕਮੇਟੀ ਦਾ ਇਹ ਫ਼ੈਸਲਾ ਦੂਰ ਅੰਦੇਸ਼ੀ ਵਾਲਾ ਹੈ।ਉਧਰ ਅਕਾਲ ਤਖ਼ਤ ਨਤਮਸਤਕ ਹੋਣ ਪਹੁੰਚੇ ਕੇਸਗੜ੍ਹ ਦੇ ਨਵੇਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਆਪਣੀ ਪ੍ਰਤੀਕਿਰਿਆ ਵਿੱਚ ਕਿਹਾ, ਜਿਸ ਨੂੰ ਤੁਸੀਂ ਹਨੇਰਾ ਕਹਿੰਦੇ ਹੋ, ਉਸ ਨੂੰ ਬਾਣੀ ਕਹਿੰਦੀ ਹੈ 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ' ਉਸ ਵੇਲੇ ਪੰਜ ਸਿੰਘ ਵੀ ਸਨ ਅਤੇ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਸ਼ਾਹ ਦਾ ਪ੍ਰਕਾਸ਼ ਵੀ ਸੀ। ਉੱਥੇ ਸੱਚੇ ਪਾਤਸ਼ਾਹ ਦੇ ਪ੍ਰਕਾਸ਼ ਦੀ ਹਾਜ਼ਰੀ ਵਿੱਚ ਪੰਥ ਦੇ ਵਾਲ਼ੀ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਇਸ ਨਿਮਾਣੇ ਸੇਵਕ ਨੂੰ ਸੇਵਾ ਦਾ ਬਲ਼ ਬਖ਼ਸ਼ਿਆ।ਮੈਂ ਸਮਝਦਾ ਹਾਂ ਕਿ ਕੋਈ ਵਿਰੋਧ ਨਹੀਂ ਹੈ। ਸਾਡਾ ਪੰਥ ਇਸ ਤਰ੍ਹਾਂ ਹੀ ਹੈ ਕਿ ਜਦੋਂ ਕੋਈ ਬਾਹਰਲੀ ਆਫ਼ਤ ਆ ਜਾਵੇ ਤਾਂ ਉਸ ਨਾਲ ਲੜ ਲੈਂਦੇ ਹਨ ਤੇ ਜੇ ਥੋੜ੍ਹੀ ਬਾਹਰਲੀ ਆਫ਼ਤ ਘੱਟ ਹੋਵੇ ਤਾਂ ਇਹ ਘਰੇ ਲੜ ਲੈਂਦੇ ਹਨ।

**ਕੀ ਹੈ ਪੰਥਕ ਵਿਵਾਦ ਦਾ ਪਿਛੋਕੜ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਦੋ ਤਖ਼ਤਾਂ ਦੇ ਜਥੇਦਾਰਾਂ ਨੂੰ ਹਟਾਏ ਜਾਣ ਨਾਲ ਕਾਰਨ ਕੁਝ ਸਿੱਖ ਸੰਸਥਾਵਾਂ, ਆਗੂਆਂ ਅਤੇ ਕੁਝ ਲੋਕਾਂ ਵਿੱਚ ਇਸ ਸਮੇਂ ਰੋਸ ਪਾਇਆ ਜਾ ਰਿਹਾ ਹੈ।7 ਮਾਰਚ ਨੂੰ ਆਪਣੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੀਆਂ ਸੇਵਾਵਾਂ ਨੂੰ ਖ਼ਤਮ ਕਰ ਦਿੱਤਾ।ਇਸ ਦੇ ਨਾਲ ਹੀ ਕਮੇਟੀ ਨੇ ਗਿਆਨੀ ਸੁਲਤਾਨ ਸਿੰਘ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਵੀ ਫ਼ਾਰਗ ਕਰ ਦਿੱਤਾ।ਗਿਆਨੀ ਰਘਬੀਰ ਸਿੰਘ ਦੀਆਂ ਸੇਵਾਵਾਂ ਨੂੰ ਖ਼ਤਮ ਕਰਨ ਨੂੰ ਲੈ ਕੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਅਤੇ ਹੋਰ ਅਕਾਲੀ ਆਗੂਆਂ ਨੇ ਖੁੱਲ੍ਹ ਕੇ ਵਿਰੋਧ ਕੀਤਾ।ਸ਼ਨੀਵਾਰ ਨੂੰ ਇੱਕ ਸਾਂਝੇ ਬਿਆਨ ਵਿੱਚ ਸੁਖਬੀਰ ਸਿੰਘ ਬਾਦਲ ਦੇ ਸਾਲ਼ੇ ਬਿਕਰਮ ਮਜੀਠੀਆ ਨੇ ਸ਼ਰਨਜੀਤ ਸਿੰਘ ਢਿੱਲੋਂ ਅਤੇ ਲਖਬੀਰ ਸਿੰਘ ਲੋਧੀਨੰਗਲ ਸਣੇ 7 ਆਗੂਆਂ ਦੇ ਨਾਲ, ਐੱਸਜੀਪੀਸੀ ਦੀ ਕਾਰਵਾਈ ਪ੍ਰਤੀ ਆਪਣੀ ਅਸਹਿਮਤੀ ਪ੍ਰਗਟ ਕੀਤੀ ਸੀ।ਮਜੀਠੀਆ, ਢਿੱਲੋਂ, ਲੋਧੀਨੰਗਲ, ਜੋਧ ਸਿੰਘ ਸਮਰਾ, ਸਰਬਜੋਤ ਸਿੰਘ ਸਾਬੀ, ਰਮਨਦੀਪ ਸਿੰਘ ਸੰਧੂ ਅਤੇ ਸਿਮਰਨਜੀਤ ਸਿੰਘ ਢਿੱਲੋਂ ਦੁਆਰਾ ਦਸਤਖ਼ਤ ਕੀਤੇ ਗਏ ਬਿਆਨ ਵਿੱਚ ਲਿਖਿਆ, ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਕਮੇਟੀ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਹਟਾਉਣ ਦੇ ਹਾਲੀਆ ਫ਼ੈਸਲੇ ਨੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਈ ਹੈ, ਅਸੀਂ ਇਸ ਫ਼ੈਸਲੇ ਨਾਲ ਸਹਿਮਤ ਨਹੀਂ ਹਾਂ। ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਿਆਦਾ ਨੂੰ ਬਹਾਲ ਕਰਨਾ ਸਾਡਾ ਸਾਰਿਆਂ ਦਾ ਫਰਜ਼ ਹੈ।

ਉਧਰ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੀ ਦਲੀਲ ਹੈ, ਜਥੇਦਾਰ ਸਾਹਿਬਾਨ ਪੰਥ ਦੀ ਯੋਗ ਅਗਵਾਈ ਕਰਨ ਵਿੱਚ ਅਸਫ਼ਲ ਰਹੇ ਹਨ ਅਤੇ ਇਸ ਕਰ ਕੇ ਉਨ੍ਹਾਂ ਨੂੰ ਕਮੇਟੀ ਵੱਲੋਂ ਹਟਾਇਆ ਗਿਆ ਹੈ।ਭਾਵੇਂ ਉਹ ਦੋਵੇਂ ਸ਼੍ਰੋਮਣੀ ਕਮੇਟੀ ਦੀ ਸੇਵਾ ਵਿੱਚ ਅਜੇ ਵੀ ਹਨ, ਪਰ ਉਨ੍ਹਾਂ ਦੇ ਹਟਾਏ ਜਾਣ ਨੂੰ ਬਹੁਤ ਸਾਰੇ ਲੋਕ ਸਿੱਖ ਇਤਿਹਾਸ ਵਿੱਚ ਕਾਲਾ ਦਿਨ ਦੱਸ ਰਹੇ ਹਨ। ਇਸ ਵਿੱਚ ਸਭ ਤੋਂ ਅੱਗੇ ਅਕਾਲੀ ਦਲ ਦਾ ਬਾਗ਼ੀ ਧੜਾ ਹੈ।ਇਸ ਤੋਂ ਪਹਿਲਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ।ਯਾਦ ਰਹੇ ਕਿ ਇਨ੍ਹਾਂ ਤਿੰਨਾਂ ਜਥੇਦਾਰਾਂ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਧਾਰਮਿਕ ਸਜ਼ਾ ਲਗਾਈ ਗਈ ਸੀ ਅਤੇ ਪੰਜਾਬ ਦੇ ਮਰਹੂਮ ਆਗੂ ਪ੍ਰਕਾਸ਼ ਸਿੰਘ ਬਾਦਲ ਤੋਂ ਪੰਥ ਰਤਨ ਫਖ਼ਰ-ਏ-ਕੌਮ (ਸਿੱਖ ਭਾਈਚਾਰੇ ਦਾ ਮਾਣ) ਦਾ ਪੁਰਸਕਾਰ ਵੀ ਵਾਪਸ ਲਿਆ।ਪਰ ਜੇਕਰ ਇਸ ਤੋਂ ਥੋੜ੍ਹਾ ਹੋਰ ਪਿੱਛੇ ਜਾਇਆ ਜਾਵੇ ਤਾਂ ਸਿੱਖ ਸੰਸਥਾਵਾਂ ਵਿੱਚ ਮੌਜੂਦਾ ਉਥਲ-ਪੁਥਲ 2 ਦਸੰਬਰ, 2024 ਨੂੰ ਵਾਪਰੀਆਂ ਘਟਨਾਵਾਂ ਤੋਂ ਉਦੋਂ ਸ਼ੁਰੂ ਹੋਈ, ਜਦੋਂ ਅਕਾਲੀ ਲੀਡਰਸ਼ਿਪ ਆਪਣੀਆਂ ਗ਼ਲਤੀਆਂ ਦਾ ਪਛਤਾਵਾ ਕਰਨ ਲਈ ਸ੍ਰੀ ਅਕਾਲ ਤਖ਼ਤ 'ਤੇ ਪੇਸ਼ ਹੋਈ।ਅਕਾਲੀ-ਭਾਜਪਾ ਸਰਕਾਰ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੋਈਆਂ ਬੇਅਦਬੀਆਂ ਦਾ ਘਟਨਾਵਾਂ ਅਤੇ ਡੇਰਾ ਸਿਰਸਾ ਮੁਖੀ ਨੂੰ ਮੁਆਫ਼ੀ ਦਿੱਤੇ ਜਾਣ ਦੇ ਮਾਮਲੇ ਵਿੱਚ ਸਿੰਘ ਸਹਿਬਾਨਾਂ ਨੇ ਸੁਖਬੀਰ ਸਿੰਘ ਬਾਦਲ ਅਤੇ ਹੋਰਨਾ ਨੂੰ ਧਾਰਮਿਕ ਸਜ਼ਾ ਸੁਣਾਈ।ਇਸ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਮੌਜੂਦਾ ਢਾਂਚੇ ਭੰਗ ਕਰ ਕੇ ਮੁੜ ਤੋਂ ਜਥੇਬੰਦਕ ਢਾਂਚਾ ਬਣਾਉਣ ਦੇ ਆਦੇਸ਼ ਦਿੱਤੇ ਅਤੇ ਇਸ ਦੇ ਲਈ ਐੱਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ।ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਸ ਆਦੇਸ਼ ਤੋਂ ਬਾਅਦ ਪੰਥਕ ਹਲਕਿਆਂ ਵਿੱਚ ਕਾਫ਼ੀ ਖ਼ੁਸ਼ੀ ਪਾਈ ਜਾ ਪਾਈ ਜਾ ਰਹੀ ਸੀ। ਪਰ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਪੱਧਰ ਉੱਤੇ ਭਰਤੀ ਮੁਹਿੰਮ ਮੁਕੰਮਲ ਕਰਕੇ ਵਿਵਾਦ ਵਿੱਚ ਹੋਰ ਵਾਧਾ ਕਰ ਦਿੱਤਾ।ਦੂਜੇ ਪਾਸੇ ਸ੍ਰੀ ਅਕਾਲ ਤਖ਼ਤ ਵੱਲੋਂ ਗਠਿਤ ਕੀਤੀ ਗਈ ਸੱਤ ਮੈਂਬਰੀ ਕਮੇਟੀ (ਜਿਸ ਵਿਚੋਂ ਦੋ ਮੈਂਬਰ ਅਸਤੀਫ਼ਾ ਦੇ ਚੁੱਕੇ) ਦਾ ਕਹਿਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਭਰਤੀ ਮੁਹਿੰਮ ਵਿੱਚ ਉਨ੍ਹਾਂ ਨੂੰ ਸਹਿਯੋਗ ਨਹੀਂ ਦਿੱਤਾ ਗਿਆ ਅਤੇ ਉਨ੍ਹਾਂ 18 ਮਾਰਚ ਤੋਂ ਫਿਰ ਤੋਂ ਭਰਤੀ ਮੁਹਿੰਮ ਸ਼ੁਰੂ ਕਰ ਕਰਨ ਦਾ ਐਲਾਨ ਕਰ ਦਿੱਤਾ।

**ਜਾਣਕਾਰਾਂ ਦੀ ਰਾਇ ਵਿੱਚ ਵਿਵਾਦ ਦਾ ਭਵਿੱਖ**

ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਪ੍ਰੋਫੈਸਰ ਸੁਰਿੰਦਰ ਸਿੰਘ ਜੋਧਕਾ ਦਾ ਕਹਿਣਾ ਹੈ, ÷ਜਿਸ ਤਰੀਕੇ ਨਾਲ ਜਥੇਦਾਰ ਸਾਹਿਬਾਨ ਨੂੰ ਹਟਾਇਆ ਗਿਆ ਹੈ, ਉਸ ਨੂੰ ਲੈ ਕੇ ਸਿੱਖ ਭਾਈਚਾਰੇ ਵਿੱਚ ਐੱਸਜੀਪੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਪ੍ਰਤੀ ਰੋਸ ਹੈ।ਉਨ੍ਹਾਂ ਆਖਿਆ ਕਿ ਇਹੋ ਗ਼ਲਤੀਆਂ ਕਾਰਨ ਸ਼੍ਰੋਮਣੀ ਅਕਾਲੀ ਦਲ ਖ਼ਾਸ ਤੌਰ ਉੱਤੇ ਬਾਦਲ ਪਰਿਵਾਰ ਹਾਸ਼ੀਏ ਉੱਤੇ ਹੁਣ ਪਹੁੰਚ ਚੁੱਕਾ ਹੈ ਅਤੇ ਲੋਕਾਂ ਵਿੱਚ ਹੁਣ ਗੁੱਸਾ ਹੋਰ ਵੱਧ ਗਿਆ ਹੈ।ਉਨ੍ਹਾਂ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਇੱਕ ਪੰਥਕ ਪਾਰਟੀ ਹੈ ਅਤੇ ਇਸ ਨੂੰ ਸਿੱਖਾਂ ਦੀ ਪਾਰਟੀ ਮੰਨਿਆ ਜਾਂਦਾ ਹੈ।ਪਰ ਜਿਸ ਤਰੀਕੇ ਨਾਲ ਪਾਰਟੀ ਲੀਡਰਸ਼ਿਪ ਦਾ ਵਤੀਰਾ ਪਿਛਲੇ ਸਮੇਂ ਦੌਰਾਨ ਦੇਖਣ ਨੂੰ ਮਿਲਿਆ ਹੈ ਉਸ ਨਾਲ ਸਿੱਖ ਹੀ ਇਸ ਤੋਂ ਦੂਰ ਹੋ ਗਏ ਹਨ ਅਤੇ ਸਿੰਘ ਸਾਹਿਬਾਨ ਦੇ ਮੁੱਦੇ ਉੱਤੇ ਜੋ ਥੋੜ੍ਹਾ-ਬਹੁਤ ਆਧਾਰ ਬਾਕੀ ਸੀ, ਹੁਣ ਉਹ ਵੀ ਖ਼ਤਮ ਹੋ ਗਿਆ ਹੈ।ਪੰਥਕ ਮਾਮਲਿਆਂ ਦੇ ਜਾਣਕਾਰ ਮੰਨਦੇ ਹਨ ਮੌਜੂਦਾ ਸਥਿਤੀ 2015 ਵਾਲੀ ਬਣਦੀ ਜਾ ਰਹੀ ਹੈ।ਉਨ੍ਹਾਂ ਮੁਤਾਬਕ ਸਤੰਬਰ 2015 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਡੇਰਾ ਮੁਖੀ ਨੂੰ ਮੁਆਫ਼ੀ ਤੋਂ ਬਾਅਦ ਵੀ ਸਿੱਖ ਸੰਗਤ ਉਨ੍ਹਾਂ ਦੇ ਖ਼ਿਲਾਫ਼ ਹੋ ਗਈ ਸੀ।ਮਾਹਰਾਂ ਮੁਤਾਬਕ ਸੰਗਤਾਂ ਵਿੱਚ ਗੁੱਸਾ ਇਸ ਕਦਰ ਸੀ ਕਿ ਉਨ੍ਹਾਂ ਨੂੰ ਕਿਸੇ ਵੀ ਧਾਰਮਿਕ ਸਟੇਜ ਉੱਤੇ ਚੜ੍ਹਨ ਨਹੀਂ ਦਿੱਤਾ ਜਾ ਰਿਹਾ ਸੀ ਅਤੇ ਇਸ ਕਰ ਕੇ 10 ਨਵੰਬਰ 2015 ਨੂੰ ਸਰਬੱਤ ਖ਼ਾਲਸਾ ਵੀ ਬਲਾਉਣਾ ਪਿਆ ਸੀ ਅਤੇ ਮੌਜੂਦਾ ਸਥਿਤੀ ਵੀ ਕਰੀਬ ਕਰੀਬ ਉਸੀ ਤਰੀਕੇ ਨਾਲ ਬਣਦੀ ਜਾ ਰਹੀ ਹੈ।ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਮੁਤਾਬਕ, ÷ਭਾਵੇਂ ਮੌਜੂਦਾ ਵਿਵਾਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੰਘ ਸਾਹਿਬਾਨ ਨਾਲ ਹੈ ਪਰ ਇਸ ਦੀ ਤਾਰ ਸ਼੍ਰੋਮਣੀ ਅਕਾਲੀ ਦਲ ਨਾਲ ਜੁੜਦੇ ਹਨ।ਉਨ੍ਹਾਂ ਆਖਿਆ ਕਿ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਜਦੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਮੁਹਿੰਮ ਉੱਤੇ ਸਵਾਲ ਚੁੱਕੇ ਤਾਂ ਉੱਤੇ ਇਹ ਵਿਵਾਦ ਹੋਰ ਵੱਧ ਗਿਆ ਅਤੇ ਤਿੰਨੋ ਜਥੇਦਾਰਾਂ ਦੀ ਐੱਸਜੀਪੀਸੀ ਨੇ ਵਾਰੋ-ਵਾਰੀ ਛੁੱਟੀ ਕਰ ਦਿੱਤੀ ਅਤੇ ਆਪਣੀ ਮਰਜ਼ੀ ਦਾ ਜਥੇਦਾਰ ਨਿਯੁਕਤ ਕਰ ਦਿੱਤਾ÷ ਕਿਉਂਕਿ ਸ਼੍ਰੋਮਣੀ ਕਮੇਟੀ ਉੱਤੇ ਦਬਦਬਾ ਸ਼੍ਰੋਮਣੀ ਅਕਾਲੀ ਦਲ ਦਾ ਹੈ।ਬਿਕਰਮ ਮਜੀਠੀਆ ਦੇ ਨਰਾਜ਼ਗੀ ਦੇ ਮੁੱਦੇ ਉੱਤੇ ਬੋਲਦਿਆਂ ਜਸਪਾਲ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਸਬੰਧ ਮਾਝੇ ਨਾਲ ਹੈ ਅਤੇ ਇਸ ਇਲਾਕੇ ਦੇ ਲੋਕ ਧਾਰਮਿਕ ਬਿਰਤੀ ਦੇ ਹਨ।ਮਜੀਠੀਆ ਨੂੰ ਪਤਾ ਹੈ ਕਿ ਲੋਕਾਂ ਵਿੱਚ ਸਿੰਘ ਸਾਹਿਬਾਨ ਨੂੰ ਹਟਾਏ ਜਾਣ ਦਾ ਰੋਸ ਹੈ ਅਤੇ ਇਸੇ ਦੀ ਤਰਜ਼ਮਾਨੀ ਕਰਦੇ ਹੋਏ ਉਨ੍ਹਾਂ ਸਿੰਘ ਸਾਹਿਬਾਨ ਨੂੰ ਹਟਾਉਣ ਦੇ ਫ਼ੈਸਲੇ ਦੀ ਮੁਖ਼ਾਲਫਤ ਕੀਤੀ ਹੈ।ਉਨ੍ਹਾਂ ਮੁਤਾਬਕ ਬਿਕਰਮ ਮਜੀਠੀਆ ਦੀ ਨਾਰਾਜ਼ਗੀ ਪ੍ਰਗਟਾਉਣ ਦਾ ਫ਼ੈਸਲਾ ਜਿੱਥੇ ਇੱਕ ਪਾਸੇ ਧਾਰਮਿਕ ਹੈ ਉੱਥੇ ਹੀ ਇਸ ਨੂੰ ਸਿਆਸਤ ਨਾਲ ਜੋੜ ਕੇ ਵੀ ਦੇਖਿਆ ਜਾਣਾ ਵੀ ਚਾਹੀਦਾ ਹੈ।ਸਿੱਖ ਮਾਮਲਿਆਂ ਦੇ ਜਾਣਕਾਰ ਡਾਕਟਰ ਖ਼ੁਸ਼ਹਾਲ ਸਿੰਘ ਮੁਤਾਬਕ ਹੁਣ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਅਤੇ ਸੇਵਾ ਮੁਕਤੀ ਦਾ ਵਿਧੀ ਵਿਧਾਨ ਬਣਾਉਣ ਦਾ ਸਮਾਂ ਆ ਗਿਆ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਹ ਮੰਗ ਹੋਰ ਤੇਜ਼ੀ ਨਾਲ ਵਧੇਗੀ।ਪੰਜਾਬ ਯੂਨੀਵਰਸਿਟੀ ਦੇ ਸਮਾਜ ਸਾਸ਼ਤਰ ਵਿਭਾਗ ਦੇ ਸਾਬਕਾ ਪ੍ਰੋਫੈਸਰ ਖ਼ਾਲਿਦ ਮੁਹੰਮਦ ਮੁਤਾਬਕ ਅਕਾਲੀ ਦਲ ਦਾ ਸੰਕਟ ਦਿਨ ਪ੍ਰਤੀ ਵੱਧਦਾ ਜਾ ਰਿਹਾ ਹੈ।ਉਨ੍ਹਾਂ ਮੁਤਾਬਕ ਜਿੱਥੇ ਇੱਕ ਪਾਸੇ ਅਕਾਲੀ ਦਲ ਪ੍ਰਤੀ ਲੋਕਾਂ ਵਿੱਚ ਭਰੋਸਾ ਘੱਟ ਹੋ ਰਿਹਾ ਹੈ, ਉੱਥੇ ਹੀ ਪਾਰਟੀ ਵਿੱਚ ਫੁੱਟ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ।ਉਨ੍ਹਾਂ ਮੁਤਾਬਕ ਸਿਆਸਤ ਲੋਕਾਂ ਦੇ ਨਾਲ ਹੁੰਦੀ ਹੈ ਪਰ ਅਕਾਲੀ ਦਲ ਲੋਕਾਂ ਦੀ ਨਬਜ਼ ਫੜਨ ਵਿੱਚ ਕਾਮਯਾਬ ਨਹੀਂ ਹੋ ਰਿਹਾ ਹੈ।ਉਨ੍ਹਾਂ ਮੁਤਾਬਕ ਇਹ ਆਮ ਚਰਚਾ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਬਾਦਲ ਪਰਿਵਾਰ ਕੰਟਰੋਲ ਕਰਦਾ ਹੈ ਹੁਣ ਜਿਸ ਤਰੀਕੇ ਨਾਲ ਅੰਤ੍ਰਿੰਗ ਕਮੇਟੀ ਵੱਲੋਂ ਸਿੰਘ ਸਾਹਿਬਾਨ ਨੂੰ ਹਟਾਇਆ ਗਿਆ ਹੈ ਉਸ ਨਾਲ ਉਨ੍ਹਾਂ ਵਿੱਚ ਰੋਸ ਅਤੇ ਨਿਰਾਸ਼ਾ ਹੈ।ਅਕਾਲੀ ਦਲ ਦੇ ਭਵਿੱਖ ਦੀ ਗੱਲ ਕਰਦਿਆਂ ਉਨ੍ਹਾਂ ਆਖਿਆ ਕਿ ਪਾਰਟੀ ਦਾ ਹਰ ਕਦਮ ਉਸ ਦੇ ਫ਼ਿਲਹਾਲ ਉਲਟ ਪੈ ਰਿਹਾ ਹੈ ਅਤੇ ਇਸ ਕਰ ਕੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਕੁਝ ਖ਼ਾਸ ਕਰ ਸਕੇਗੀ ਇਸ ਦੀ ਸੰਭਾਵਨਾ ਅਜੇ ਘੱਟ ਨਜ਼ਰ ਆ ਰਹੀ ਹੈ।

# ਅਕਾਲ ਤਖ਼ਤ ਦੇ ਜਥੇਦਾਰ ਨੂੰ ਹਟਾਉਣ ਤੇ ਨਵਾਂ ਕਾਰਜਕਾਰੀ ਜਥੇਦਾਰ ਲਾਏ ਜਾਣ ਉੱਤੇ ਗਿਆਨੀ ਹਰਪ੍ਰੀਤ ਸਿੰਘ ਸਣੇ ਕੌਣ ਕੀ ਕਹਿ ਰਿਹਾ





ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਜਥੇਦਾਰ ਦੇ ਅਹੁਦੇ ਤੋਂ ਸੇਵਾ ਮੁਕਤ ਕਰ ਦਿੱਤਾ ਗਿਆ ਹੈ। ਇਹ ਫੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਲਿਆ ਗਿਆ ਹੈ।ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਵਜੋਂ ਗਿਆਨੀ ਰਘਬੀਰ ਸਿੰਘ ਦੀਆਂ ਸੇਵਾਵਾਂ ਜਾਰੀ ਰਹਿਣਗੀਆਂ।ਦੱਸ ਦੇਈਏ ਕਿ ਗਿਆਨੀ ਰਘਬੀਰ ਸਿੰਘ ਪਹਿਲਾਂ ਤੋਂ ਹੀ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਦੇ ਤੌਰ ’ਤੇ ਸੇਵਾਵਾਂ ਨਿਭਾ ਰਹੇ ਸਨ, ਅਤੇ ਇਸ ਦੇ ਨਾਲ ਹੀ ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਅਹੁਦਾ ਵੀ ਸੌਂਪ ਦਿੱਤਾ ਗਿਆ ਸੀ।ਜਾਣਕਾਰੀ ਮੁਤਾਬਕ, ਗਿਆਨੀ ਰਘਬੀਰ ਸਿੰਘ ਨੂੰ ਸੇਵਾਮੁਕਤ ਕਰਨ ਤੋਂ ਬਾਅਦ ਗਿਆਨੀ ਕੁਲਦੀਪ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਨਿਯੁਕਤ ਕੀਤਾ ਗਿਆ ਹੈ।ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦੀ ਜ਼ਿੰਮੇਵਾਰੀ ਬਾਬਾ ਟੇਕ ਸਿੰਘ ਨੂੰ ਸੌਂਪੀ ਗਈ ਹੈ।ਐੱਸਜੀਪੀਸੀ ਦੇ ਜਨਰਲ ਸਕੱਤਰ ਸ਼ੇਰ ਸਿੰਘ ਮੰਡ ਨੇ ਜਥੇਦਾਰ ਬਦਲੇ ਜਾਣ ਦੇ ਫ਼ੈਸਲੇ ਬਾਰੇ ਕਿਹਾ ਕਿ ਇਹ ਫ਼ੈਸਲਾ ਭਾਰੀ ਬਹੁਮਤ ਨਾਲ ਲਿਆ ਗਿਆ ਹੈ।

**ਕੌਣ ਹਨ ਗਿਆਨੀ ਕੁਲਦੀਪ ਸਿੰਘ**

ਗਿਆਨੀ ਰਘਬੀਰ ਸਿੰਘ ਤੋਂ ਬਾਅਦ ਗਿਆਨੀ ਕੁਲਦੀਪ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਨਿਯੁਕਤ ਕੀਤਾ ਗਿਆ ਹੈ।40 ਸਾਲਾ ਗਿਆਨੀ ਕੁਲਦੀਪ ਸਿੰਘ ਦਾ ਪੂਰਾ ਨਾਮ ਗਿਆਨੀ ਕੁਲਦੀਪ ਸਿੰਘ ਗੜਗੱਜ ਹੈ।ਗੁਰਮਤਿ ਦਾ ਤਜ਼ਰਬਾ ਰੱਖਣ ਵਾਲੇ ਗਿਆਨੀ ਕੁਲਦੀਪ ਸਿੰਘ ਦੇ ਪਿਤਾ ਦਾ ਨਾਮ ਸਰਦਾਰ ਨਰਿੰਦਰ ਸਿੰਘ ਹੈ, ਜੋ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਜੱਬੋਵਾਲ ਦੇ ਰਹਿਣ ਵਾਲੇ ਹਨ।ਗਿਆਨੀ ਕੁਲਦੀਪ ਸਿੰਘ ਲੰਬੇ ਸਮੇਂ ਤੋਂ ਸਿੱਖ ਕਥਾਵਾਚਕ ਵਜੋਂ ਸੇਵਾ ਨਿਭਾ ਰਹੇ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਵਿਆਖਿਆ ਕਰਦੇ ਰਹੇ ਹਨ।ਉਹ ਸਿੱਖ ਇਤਿਹਾਸ ਦੇ ਸਰੋਤ ਗ੍ਰੰਥ - ਸ੍ਰੀ ਗੁਰ ਸੂਰਜ ਪ੍ਰਤਾਪ ਗ੍ਰੰਥ, ਪ੍ਰਾਚੀਨ ਪੰਥ ਪ੍ਰਕਾਸ਼ ਆਦਿ ਅਤੇ ਸਿੱਖ ਰਹਿਤ ਮਰਿਆਦਾ ਦੀ ਵੀ ਪੂਰੀ ਵਿਆਖਿਆ ਕਰਦੇ ਹਨ।ਉਹ ਪਿਛਲੇ 3 ਸਾਲ ਤੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਵਿਖੇ ਦੀਵਾਨ ਹਾਲ ’ਚ ਵੀ ਕਥਾਵਾਚਕ ਵਜੋਂ ਸੇਵਾ ਨਿਭਾਉਂਦੇ ਰਹੇ ਹਨ।ਉਨ੍ਹਾਂ ਨੇ ਇਤਿਹਾਸ ਵਿੱਚ ਐੱਮ ਏ ਦੀ ਡਿਗਰੀ ਪ੍ਰਾਪਤ ਕੀਤੀ ਹੋਈ ਹੈ।ਉਹ ਪਿਛਲੇ 12 ਸਾਲਾਂ ਤੋਂ ਗਰੀਬ ਤੇ ਯਤੀਮ ਬੱਚਿਆਂ ਦੀ ਪੜ੍ਹਾਈ ਅਤੇ ਰਹਿਣ ਬਸੇਰੇ ਦੇ ਉਪਰਾਲੇ ਕਰਦੇ ਰਹੇ ਹਨ।

**ਕੀ ਆਇਆ ਪ੍ਰਤੀਕਰਮ**

ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਜਥੇਦਾਰ ਨੂੰ ਬਦਲੇ ਜਾਣ ’ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ, ਪੰਥਕ ਸੰਸਥਾਵਾਂ ਅਤੇ ਸਾਰਿਆਂ ਲਈ ਅੱਜ ਕਲਾ ਦਿਨ ਹੈ। ਦੋ ਤਖਤਾਂ ਦੇ ਜਥੇਦਾਰ ਅੱਜ ਤਬਦੀਲ ਕਰ ਦਿੱਤੇ ਗਏ, ਕਾਰਨ 2 ਦਸੰਬਰ ਨੂੰ ਜਾਰੀ ਕੀਤਾ ਹੁਕਮਨਾਮਾ।ਮੇਰੀ ਕਿਰਦਾਰਕੁਸ਼ੀ ਕਰਨ ਪਿੱਛੇ ਵੀ ਮੁੱਖ ਕਾਰਨ 2 ਦਸੰਬਰ ਵਾਲਾ ਹੁਕਮਨਾਮਾ ਸੀ।

ਸਿੱਖ ਇਤਿਹਾਸ ’ਚ ਇੱਕ ਘਟਨਾ ਦਾ ਉਲੇਖ ਮਿਲਦਾ ਹੈ ਜਦੋਂ ਗੁਰੂ ਗੋਬਿੰਦ ਸਿੰਘ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖ਼ਬਰ ਮਿਲੀ ਸੀ ਤਾਂ ਉਨ੍ਹਾਂ ਨੇ ਇੱਕ ਸ਼ਬਦ ਕਿਹਾ ਸੀ ਮੂੰਹੋਂ ਕਿ ਅੱਜ ਮੁਗ਼ਲ ਰਾਜ ਦੀ ਜੜ੍ਹ ਪੁੱਟੀ ਗਈ ਹੈ।ਸੰਸਥਾਵਾਂ ਦਾ ਦੁਰਉਪਯੋਗ ਕਰਨ ਵਾਲੇ ਪਰਿਵਾਰ ਦੀ ਜੜ੍ਹ ਪੁੱਟੀ ਗਈ। ਬਹੁਤ ਮੰਦਭਾਗਾ ਫ਼ੈਸਲਾ ਸੁਣਨ ਨੂੰ ਮਿਲਿਆ ਹੈ।ਸ਼੍ਰੋਮਣੀ ਅਕਾਲੀ ਦਲ ਦੇ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਪਿਛਲੇ ਕੁਝ ਮਹੀਨਿਆਂ ਤੋਂ ਗਿਆਨੀ ਹਰਪ੍ਰੀਤ ਸਿੰਘ ਅਤੇ ਉਨ੍ਹਾਂ ਦੇ ਪ੍ਰਭਾਵ ਹੇਠ ਕੰਮ ਕਰਨ ਵਾਲੇ ਜਥੇਦਾਰ ਮਰਿਆਦਾ ਦਾ ਘਾਣ ਕੀਤਾ ਹੈ।ਉਨ੍ਹਾਂ ਕਿਹਾ ਕਿ ਨਵੇਂ ਜਥੇਦਾਰਾਂ ਦੀ ਨਿਯੁਕਤੀ ਸੁਆਗਤ ਯੋਗ ਹੈ ।ਸਰਨਾ ਨੇ ਕਿਹਾ,ਮੇਰੀ ਸੇਵਾ ਸੰਭਾਲ ਰਹੇ ਸਿੰਘ ਸਾਹਿਬਾਨਾਂ ਨੂੰ ਬੇਨਤੀ ਹੈ ਕਿ ਉਹ ਪੰਥ ਦੀਆਂ ਪਰੰਪਰਾਵਾਂ ਤੇ ਪਹਿਰੇ ਦਿੰਦੇ ਹੋਏ ਜਿੱਥੇ ਕੌਮ ਨੂੰ ਜ਼ਰੂਰੀ ਹੀ ਸਿਧਾਂਤਕ ਅਗਵਾਈ ਦੇਣ ਉਸਦੇ ਨਾਲ ਹੀ ਧਰਮ ਪ੍ਰਚਾਰ ਦੀ ਲਹਿਰ ਨੂੰ ਵੀ ਪ੍ਰਚੰਡ ਕਰਨ।

**‘ਇਹ ਪਾਵਰ ਦੀ ਗ਼ਲਤ ਵਰਤੋਂ ਹੈ’**

ਇਸ ਬਾਰੇ ਸੀਨੀਅਰ ਪੱਤਰਕਾਰ ਜਸਪਾਲ ਸਿੰਘ ਨਾਲ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ’’ਇਹ ਤਾਂ ਪਾਵਰ ਦੀ ਗਲਤ ਵਰਤੋਂ ਹੈ।’’ਉਨ੍ਹਾਂ ਕਿਹਾ, ’’ਇਹ ਆਪਣੀ ਪਾਵਰ ਦਿਖਾ ਰਹੇ ਹਨ। ਇਨ੍ਹਾਂ ਨੂੰ ਲੱਗਦਾ ਹੈ ਕਿ ਸਾਡਾ ਬਹੁਮਤ ਹੈ ਤੇ ਅਸੀਂ ਆਪਣੀ ਮਰਜ਼ੀ ਕਰਾਂਗੇ।’’ ’’ਹੋਰ ਧਰਮਾਂ ’ਚ ਜਿਹੜੇ ਮੁਖੀ ਬਣਦੇ ਹਨ, ਉਨ੍ਹਾਂ ਦੀ ਚੋਣ ਦੇ ਤਰੀਕੇ ਹੋਰ ਹਨ। ਚੋਣਾਂ ਨਾਲ ਸਬੰਧਿਤ ਬੋਰਡ ਬਣਦਾ ਹੈ

# ਅਕਾਲ ਤਖ਼ਤ ਦੇ ਜਥੇਦਾਰ ਨੂੰ ਹਟਾਏ ਜਾਣ ’ਤੇ ਮਜੀਠੀਆ ਸਣੇ 7 ਅਕਾਲੀ ਆਗੂਆਂ ਦੀ ਅਸਹਿਮਤੀ

ਗਿਆਨੀ ਰਘਬੀਰ ਸਿੰਘ ਨੂੰ 7 ਮਾਰਚ ਨੂੰ ਅਕਾਲ ਤਖ਼ਤ ਦੇ ਜਥੇਦਾਰ ਦੇ ਅਹੁਦੇ ਤੋਂ ਸੇਵਾਮੁਕਤ ਕਰ ਦਿੱਤਾ ਗਿਆ। ਇਹ ਫੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਲਿਆ ਗਿਆ।ਕਮੇਟੀ ਦੇ ਇਸ ਫ਼ੈਸਲੇ ਦਾ ਵਿਰੋਧ ਕਰਨ ਵਾਲਿਆਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ।ਹੁਣ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੇ ਕਮੇਟੀ ਦੇ ਇਸ ਫ਼ੈਸਲੇ ਨਾਲ ਅਸਹਿਮਤੀ ਪ੍ਰਗਟਾਈ ਹੈ ਤੇ ਇਸ ਪਿੱਛੇ ਲੀਡਰਸ਼ਿਪ ਦੀ ਆਪਸੀ ਖਿੱਚੋਤਾਣ ਨੂੰ ਮੁੱਖ ਕਾਰਨ ਦੱਸਿਆ।ਇਨ੍ਹਾਂ ਵਿੱਚ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ, ਸ਼ਰਨਜੀਤ ਸਿੰਘ ਢਿੱਲੋਂ, ਲਖਬੀਰ ਸਿੰਘ ਲੋਧੀਨੰਗਲ, ਜੋਧ ਸਿੰਘ ਸਮਰਾ, ਸਰਬਜੋਤ ਸਿੰਘ ਸਾਬੀ, ਰਮਨਦੀਪ ਸਿੰਘ ਸੰਧੂ ਅਤੇ ਸਿਮਰਨਜੀਤ ਸਿੰਘ ਢਿੱਲੋਂ ਸ਼ਾਮਲ ਹਨ।ਇਨ੍ਹਾਂ ਆਗੂਆਂ ਨੇ ਪ੍ਰੈੱਸ ਨੋਟ ਜਾਰੀ ਕਰਕੇ ਐੱਸਜੀਪੀਸੀ ਦੀ ਅੰਤ੍ਰਿੰਗ ਕਮੇਟੀ ਦੇ ਫ਼ੈਸਲੇ ਨਾਲ ਅਸਹਿਮਤੀ ਪ੍ਰਗਟ ਕਰਦੇ ਹੋਏ ਇਸ ਨੂੰ ਗਲਤ ਕਰਾਰ ਦਿੱਤਾ ਹੈ।ਬੀਬੀਸੀ ਪੰਜਾਬੀ ਨਾਲ ਗੱਲਬਾਤ ਕਰਦੇ ਹੋਏ ਅਕਾਲੀ ਆਗੂ ਸ਼ਰਨਜੀਤ ਸਿੰਘ ਢਿੱਲੋਂ ਨੇ ਇਸ ਬੈਠਕ ਅਤੇ ਪ੍ਰੈੱਸ ਨੋਟ ਦੀ ਪੁਸ਼ਟੀ ਕੀਤੀ ਹੈ।ਉਨ੍ਹਾਂ ਦੱਸਿਆ ਕਿ ਅੰਤ੍ਰਿੰਗ ਕਮੇਟੀ ਦੇ ਫ਼ੈਸਲੇ ਸਬੰਧੀ ਚੰਡੀਗੜ੍ਹ ਵਿੱਚ ਮੀਟਿੰਗ ਕੀਤੀ ਗਈ ਸੀ। ਇਹ ਮੀਟਿੰਗ ਕਰਕੇ ਉਕਤ ਆਗੂਆਂ ਨੇ ਕਮੇਟੀ ਦੇ ਫ਼ੈਸਲੇ ਬਾਰੇ ਆਪਣੀਆਂ ਭਾਵਨਾਵਾਂ ਵਿਅਕਤ ਕੀਤੀਆਂ ਹਨ।



**ਪੱਤਰ ਵਿੱਚ ਕੀ ਲਿਖਿਆ**

ਆਗੂਆਂ ਵੱਲੋਂ ਜਾਰੀ ਕੀਤੇ ਪ੍ਰੈੱਸ ਨੋਟ ਵਿੱਚ ਲਿਖਿਆ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸਾਹਿਬ ਦੇ ਜਥੇਦਾਰ ਜੀ ਦੀ ਮਰਿਆਦਾ ਦਾ ਅਸੀਂ ਬਹੁਤ ਸਤਿਕਾਰ ਕਰਦੇ ਹਾਂ। ਤਖ਼ਤ ਸਾਹਿਬ ਦੀ ਮਾਣ ਮਰਿਆਦਾ ਕਿਸੇ ਵਿਅਕਤੀ ਵਿਸ਼ੇਸ਼ ਤੱਕ ਸੀਮਤ ਨਹੀਂ ਹੈ ਤੇ ਜੋ ਵੀ ਜਥੇਦਾਰ ਸਾਹਿਬਾਨ ਇਸ ਤਖ਼ਤ ਉੱਪਰ ਬਿਰਾਜਮਾਨ ਹਨ, ਉਨ੍ਹਾਂ ਦਾ ਸਤਿਕਾਰ ਕਰਨਾ ਸਾਡਾ ਸਾਰਿਆਂ ਦਾ ਨੈਤਿਕ ਫਰਜ਼ ਬਣਦਾ ਹੈ, ਜੋ ਸਦਾ ਕਰਦੇ ਰਹਾਂਗੇ।ਪਿਛਲੇ ਦਿਨਾਂ ਦੇ ਘਟਨਾਕ੍ਰਮ ਕਰਕੇ ਜੋ ਕੱਲ੍ਹ ਫ਼ੈਸਲਾ ਅੰਤ੍ਰਿੰਗ ਕਮੇਟੀ ਨੇ ਕੀਤਾ ਹੈ ਉਸ ਨਾਲ ਸਿੱਖ ਸੰਗਤ ਅਤੇ ਸਾਡੇ ਮਨਾਂ ਨੂੰ ਬਹੁਤ ਡੂੰਘੀ ਠੇਸ ਪਹੁੰਚੀ ਹੈ। ਗੁਰੂ ਸਾਹਿਬ ਜੀ ਨੇ ਸੰਗਤ ਨੂੰ ਵੀ ਗੁਰੂ ਦਾ ਰੁਤਬਾ ਦਿੱਤਾ ਹੈ। ਉਸ ਸੰਗਤ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦੇ ਹੋਏ ਅਸੀਂ ਇਸ ਫ਼ੈਸਲੇ ਨਾਲ ਸਹਿਮਤ ਨਹੀਂ ਹਾਂ।ਅਕਾਲੀ ਆਗੂਆਂ ਨੇ ਇਸ ਫ਼ੈਸਲੇ ਦਾ ਮੁੱਖ ਕਾਰਨ ਲੀਡਰਸ਼ਿਪ ਵਿਚਲੀ ਖਿਚੋਤਾਣ ਨੂੰ ਦੱਸਿਆ ਹੈ।ਜੋ ਹਾਲਾਤ ਪਿਛਲੇ ਦਿਨਾਂ ਤੋਂ ਚੱਲ ਰਹੇ ਹਨ ਇਨ੍ਹਾਂ ਨੂੰ ਦੇਖਦੇ ਹੋਏ ਸਾਡੇ ਅਤੇ ਸਾਡੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਹਰ ਵਰਕਰ ਦੇ ਮਨ ਵਿੱਚ ਬਹੁਤ ਪੀੜ ਹੈ। ਜਿਸ ਨੂੰ ਮਹਿਸੂਸ ਕਰਦੇ ਹੋਏ ਅਸੀਂ ਸਮਝਦੇ ਹਾਂ ਕਿ ਇਹ ਲੀਡਰਸ਼ਿਪ ਦੀ ਆਪਸੀ ਖਿਚੋਤਾਣ ਕਰਕੇ ਹੋਇਆ ਹੈ।

**ਐੱਸਜੀਪੀਸੀ ਦੇ ਸਾਬਕਾ ਪ੍ਰਧਾਨ ਨੇ ਕੀ ਕਿਹਾ**

ਐੱਸਜੀਪੀਸੀ ਦੇ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਵੀ ਇਸ ਮਾਮਲੇ ਉੱਪਰ ਆਪਣੀ ਪ੍ਰਤੀਕਿਰਿਆ ਦਿੱਤੀ ਹੈ।ਉਨ੍ਹਾਂ ਨੇ ਪੱਤਰ ਜਾਰੀ ਕਰਦੇ ਹੋਏ ਲਿਖਿਆ, ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੋਵੇਂ ਹੀ ਹਮੇਸ਼ਾ ਪੰਥਕ ਪਰੰਪਰਾਵਾਂ ਤੇ ਸਿਧਾਂਤਾਂ ਦੇ ਰਖਵਾਲੇ ਰਹੇ ਹਨ ਪਰ ਮੌਜੂਦਾ ਸਮੇਂ ਦੋਵਾਂ ਸਿੱਖ ਸੰਸਥਾਵਾਂ ਵੱਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ ਤੋਂ ਪੰਥ ਮਾਯੂਸ ਹੈ।’’’’ਬੀਤੇ ਕੱਲ੍ਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਵੱਲੋਂ ਜਥੇਦਾਰ ਸਾਹਿਬਾਨਾਂ ਬਾਰੇ ਲਏ ਗਏ ਫ਼ੈਸਲਿਆਂ ਨੇ ਅਕਾਲੀ ਦਲ ਅਤੇ ਐੱਸਜੀਪੀਸੀ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਹੈ।ਕਿਉਂਕਿ ਮੈਂ ਸਿੱਖ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਸੇਵਾ ਨਿਭਾ ਚੁੱਕਾ ਹਾਂ। ਇਸ ਲਈ ਇਸ ਘਟਨਾਕ੍ਰਮ ਦਾ ਮੇਰੇ ਮਨ ਉੱਪਰ ਡੂੰਘਾ ਅਸਰ ਹੈ। ਮੈਂ ਕਮੇਟੀ ਦੇ ਸਿੰਘ ਸਾਹਿਬਾਨਾਂ ਬਾਰੇ ਲਏ ਗਏ ਫ਼ੈਸਲੇ ਨਾਲ ਅਸਹਿਮਤੀ ਪ੍ਰਗਟ ਕਰਦਾ ਹਾਂ।

**ਮੁੱਖ ਮੰਤਰੀ ਭਗਵੰਤ ਮਾਨ ਨੇ ਕੀ ਕਿਹਾ**

ਐੱਸਜੀਪੀਸੀ ਦੀ ਅੰਤ੍ਰਿੰਗ ਕਮੇਟੀ ਦੇ ਫ਼ੈਸਲੇ ਉੱਪਰ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਪ੍ਰਤਿਕਿਰਿਆ ਦਿੱਤੀ ਹੈ।ਉਨ੍ਹਾਂ ਕਿਹਾ, ਜਿਹੜੀ ਅੰਤ੍ਰਿੰਗ ਕਮੇਟੀ ਨੇ ਜਥੇਦਾਰ ਬਾਰੇ ਫ਼ੈਸਲਾ ਲਿਆ ਹੈ, ਉਨ੍ਹਾਂ ਦੀ ਆਪਣੀ ਚੋਣ ਹੋਈ ਨੂੰ 12-13 ਸਾਲ ਹੋ ਗਏ। ਮੈਂ ਕੇਂਦਰ ਸਰਕਾਰ ਨੂੰ ਅਪੀਲ ਕਰਦਾ ਹਾਂ ਕਿ ਐੱਸਜੀਪੀਸੀ ਦੀਆਂ ਚੋਣਾਂ ਕਰਵਾਉਣ, ਪਤਾ ਲੱਗ ਜਾਵੇਗਾ ਲੋਕ ਕਿੰਨਾ ਕੁ ਸਾਥ ਦਿੰਦੇ ਹਨ। ਮੈਂ ਪਾਰਲੀਮੈਂਟ ਵਿੱਚ ਵੀ ਬੋਲਿਆ ਸੀ ਕਿ ਜਥੇਦਾਰ ਤੁਹਾਡੀਆਂ ਜੇਬਾਂ ਵਿੱਚੋਂ ਨਿਕਲਦੇ ਨੇ, ਕਦੇ ਜਥੇਦਾਰ ਨੂੰ ਜੇਬ ਵਿੱਚ ਪਾ ਲਿਆ ਤੇ ਕਦੇ ਜਥੇਦਾਰ ਨੂੰ ਜੇਬ ਵਿੱਚ ਕੱਢ ਲਿਆ।ਨਾਲੇ ਤੁਸੀਂ ਸਾਰੀਆਂ ਸਜ਼ਾਵਾਂ ਮੰਨ ਲਈਆਂ, ਹੁਣ ਤੁਸੀਂ ਇਨ੍ਹਾਂ ਨੂੰ ਕਹਿੰਦੇ ਹੋ ਕਿ ਅਸੀਂ ਹਟਾਵਾਂਗੇ, ਇਹ ਤਾਂ ਬਦਲਾਖੋਰੀ ਹੋਈ। ਪਰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਛੇਵੀਂ ਪਾਤਸ਼ਾਹੀ ਦੀ ਗੱਦੀ ਹੈ, ਉਹ ਛੋਟੀ ਮੋਟੀ ਗੱਦੀ ਨਹੀਂ।

**ਗਿਆਨੀ ਰਘਬੀਰ ਸਿੰਘ ਕੀ ਬੋਲੇ**

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਹਟਾਏ ਜਾਣ ਮਗਰੋਂ ਗਿਆਨੀ ਰਘਬੀਰ ਸਿੰਘ ਨੇ ਕਿਹਾ,ਜਿੰਨਾ ਚਿਰ ਗੁਰੂ ਦਾ ਹੁਕਮ ਹੁੰਦਾ, ਉਨਾ ਚਿਰ ਹੀ ਅਸੀਂ ਸੇਵਾ ਕਰ ਸਕਦੇ ਹਾਂ। ਜੋ ਗੁਰੂ ਦਾ ਹੁਕਮ ਹੋਇਆ, ਉਸ ਵਿੱਚ ਅਸੀਂ ਖੁਸ਼ ਹਾਂ। ਸਾਡੀ ਕੀਤੀ ਹੋਈ ਸੇਵਾ ਗੁਰੂ ਪਰਵਾਨ ਕਰਨ, ਇਸੇ ਲਈ ਗੁਰੂ ਸਾਹਿਬ ਦਾ ਸ਼ੁਕਰਾਨਾ ਕਰ ਕੇ ਆਏ ਹਾਂ ਕਿ ਸਤਿਗੁਰੂ ਭੁੱਲਾਂ ਲਈ ਮੁਆਫ਼ ਕਰੇ।

**7 ਮਾਰਚ ਨੂੰ ਗਿਆਨੀ ਰਘਬੀਰ ਸਿੰਘ ਨੂੰ ਕੀਤਾ ਗਿਆ ਸੇਵਾਵਾਂ ਤੋਂ ਫਾਰਗ਼**

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਸ਼ੁੱਕਰਵਾਰ ਨੂੰ ਜਥੇਦਾਰ ਦੇ ਅਹੁਦੇ ਤੋਂ ਸੇਵਾ ਮੁਕਤ ਕਰ ਦਿੱਤਾ ਗਿਆ ਹੈ। ਇਹ ਫੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਲਿਆ ਗਿਆ ਸੀ।ਹਾਲਾਂਕਿ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਵਜੋਂ ਗਿਆਨੀ ਰਘਬੀਰ ਸਿੰਘ ਦੀਆਂ ਸੇਵਾਵਾਂ ਜਾਰੀ ਰਹਿਣਗੀਆਂ।ਦੱਸ ਦਈਏ ਕਿ ਗਿਆਨੀ ਰਘਬੀਰ ਸਿੰਘ ਪਹਿਲਾਂ ਤੋਂ ਹੀ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਦੇ ਤੌਰ ’ਤੇ ਸੇਵਾਵਾਂ ਨਿਭਾ ਰਹੇ ਸਨ, ਅਤੇ ਇਸ ਦੇ ਨਾਲ ਹੀ ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਅਹੁਦਾ ਵੀ ਸੌਂਪ ਦਿੱਤਾ ਗਿਆ ਸੀ।ਗਿਆਨੀ ਰਘਬੀਰ ਸਿੰਘ ਨੂੰ ਸੇਵਾਮੁਕਤ ਕਰਨ ਤੋਂ ਬਾਅਦ ਗਿਆਨੀ ਕੁਲਦੀਪ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਨਿਯੁਕਤ ਕੀਤਾ ਗਿਆ ਹੈ।ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦੀ ਜ਼ਿੰਮੇਵਾਰੀ ਬਾਬਾ ਟੇਕ ਸਿੰਘ ਨੂੰ ਸੌਂਪੀ ਗਈ ਹੈ।ਐੱਸਜੀਪੀਸੀ ਦੇ ਜਨਰਲ ਸਕੱਤਰ ਸ਼ੇਰ ਸਿੰਘ ਮੰਡ ਨੇ ਜਥੇਦਾਰ ਬਦਲੇ ਜਾਣ ਦੇ ਫ਼ੈਸਲੇ ਬਾਰੇ ਕਿਹਾ ਕਿ ਇਹ ਫ਼ੈਸਲਾ ਭਾਰੀ ਬਹੁਮਤ ਨਾਲ ਲਿਆ ਗਿਆ ਹੈ।

**ਫੈਸਲੇ ਉੱਤੇ ਹੋਰ ਕੀ ਆਈਆਂ ਪ੍ਰਤੀਕਿਰਿਆਵਾਂ**

ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਜਥੇਦਾਰ ਨੂੰ ਬਦਲੇ ਜਾਣ ’ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ, ਪੰਥਕ ਸੰਸਥਾਵਾਂ ਅਤੇ ਸਾਰਿਆਂ ਲਈ ਅੱਜ ਕਲਾ ਦਿਨ ਹੈ। ਦੋ ਤਖਤਾਂ ਦੇ ਜਥੇਦਾਰ ਅੱਜ ਤਬਦੀਲ ਕਰ ਦਿੱਤੇ ਗਏ, ਕਾਰਨ 2 ਦਸੰਬਰ ਨੂੰ ਜਾਰੀ ਕੀਤਾ ਹੁਕਮਨਾਮਾ।ਮੇਰੀ ਕਿਰਦਾਰਕੁਸ਼ੀ ਕਰਨ ਪਿੱਛੇ ਵੀ ਮੁੱਖ ਕਾਰਨ 2 ਦਸੰਬਰ ਵਾਲਾ ਹੁਕਮਨਾਮਾ ਸੀ।ਸਿੱਖ ਇਤਿਹਾਸ ’ਚ ਇੱਕ ਘਟਨਾ ਦਾ ਉਲੇਖ ਮਿਲਦਾ ਹੈ ਜਦੋਂ ਗੁਰੂ ਗੋਬਿੰਦ ਸਿੰਘ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖ਼ਬਰ ਮਿਲੀ ਸੀ ਤਾਂ ਉਨ੍ਹਾਂ ਨੇ ਇੱਕ ਸ਼ਬਦ ਕਿਹਾ ਸੀ ਮੂੰਹੋਂ ਕਿ ਅੱਜ ਮੁਗ਼ਲ ਰਾਜ ਦੀ ਜੜ੍ਹ ਪੁੱਟੀ ਗਈ ਹੈ।ਅੱਜ ਸੰਸਥਾਵਾਂ ਦਾ ਦੁਰਉਪਯੋਗ ਕਰਨ ਵਾਲੇ ਪਰਿਵਾਰ ਦੀ ਜੜ੍ਹ ਪੁੱਟੀ ਗਈ। ਬਹੁਤ ਮੰਦਭਾਗਾ ਫ਼ੈਸਲਾ ਸੁਣਨ ਨੂੰ ਮਿਲਿਆ ਹੈ।ਸ਼੍ਰੋਮਣੀ ਅਕਾਲੀ ਦਲ ਦੇ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਪਿਛਲੇ ਕੁਝ ਮਹੀਨਿਆਂ ਤੋਂ ਗਿਆਨੀ ਹਰਪ੍ਰੀਤ ਸਿੰਘ ਅਤੇ ਉਨ੍ਹਾਂ ਦੇ ਪ੍ਰਭਾਵ ਹੇਠ ਕੰਮ ਕਰਨ ਵਾਲੇ ਜਥੇਦਾਰ ਮਰਿਆਦਾ ਦਾ ਘਾਣ ਕੀਤਾ ਹੈ।ਉਨ੍ਹਾਂ ਕਿਹਾ ਕਿ ਨਵੇਂ ਜਥੇਦਾਰਾਂ ਦੀ ਨਿਯੁਕਤੀ ਸੁਆਗਤ ਯੋਗ ਹੈ ।ਸਰਨਾ ਨੇ ਕਿਹਾ,ਮੇਰੀ ਸੇਵਾ ਸੰਭਾਲ ਰਹੇ ਸਿੰਘ ਸਾਹਿਬਾਨਾਂ ਨੂੰ ਬੇਨਤੀ ਹੈ ਕਿ ਉਹ ਪੰਥ ਦੀਆਂ ਪਰੰਪਰਾਵਾਂ ਤੇ ਪਹਿਰੇ ਦਿੰਦੇ ਹੋਏ ਜਿੱਥੇ ਕੌਮ ਨੂੰ ਜ਼ਰੂਰੀ ਹੀ ਸਿਧਾਂਤਕ ਅਗਵਾਈ ਦੇਣ ਉਸਦੇ ਨਾਲ ਹੀ ਧਰਮ ਪ੍ਰਚਾਰ ਦੀ ਲਹਿਰ ਨੂੰ ਵੀ ਪ੍ਰਚੰਡ ਕਰਨ।

**ਨਵੇਂ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਕੌਣ ਹਨ**

| Gurinder Singh Pathankot President, East Cost NY Constrution 718-219-7585 | Amar Parmar President Sahara Construction Corp. 718 285 5945 | Davinder Singh President Shalu Construction 917 807 9939 | Iqbal Singh Kaknia (Rana) President Liberty Restaurant House 917 348 9344 | Lakhwinder Singh Laddi President Sallan Welfare society 917 442 0449 |
| Raghbir Singh Babboo Ghorechack 718 502 7874 | Master Swarn Singh 917 518 1888 | Harvinder Singh Bhulla Awana 646 881 2177 | JAGTAR SINGH RICKY 917 968 9821 | Kuldip Ghotra 917 330 4070 |
| LAKHI ZORIA 917 559 8137 | Subedar Ujjal Singh Beggowal 337-484-4159 | GURMUKH SINGH BASOA 917 497 5624 | JAGMOHAN SINGH 347 721 4458 | JATINDER SINGH HAPPY 1718 864 1143 |
| AMRIK SINGH BASSI 646 302 1800 | KULDEEP SINGH LATT 917 459 2459 | KULWANT SINGH ZORIA 516 737 5800 | BALJEET SINGH TINKU 917 293 4616 | KULBIR ZORIA 347 619 6242 |
| Ronak Singh President Tahli Ballah Welfare Society 516 870 9300 | Gurnam Singh Latt 917 750 4990 | PUNJAB SINGH BHADAS 929 261 2218 | DHARMINDER SINGH 1718 666 1961 | JAGJIT SINGH DELHI 516 366 9472 |
| PALWINDER SINGH ROMAN 646 662 9675 | SUKHWINDER SINGH 347 944 9851 | KARNAIL SINGH SALEMPUR 347 605 4658 | GURWINDER SINGH SABBI DADDIAN 1718 916 3900 | PAUL SINGH 718 219 9474 |

Preetnama
ਪ੍ਰੀਤਨਾਮਾ ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 295
Website: www.preetnama.com Email preetnamausa@gmail.com
14 MARCH TO 20 MARCH, 2025

# Continue looking for the sky of your part

**Vijay Garg**

Self-sufficiency is an important quality in itself, which brings a sense of being mentally empowered with making man self-reliant. Victims from women's point of view are not limited to the financial combination merely standing on their feet, about economic self-reliance, freedom, security and power, which can change from their personal life to communities, society and future generations.

Even though women are confined only to the stove–square in the boundary wall of the house, it has been a matter of past ages. The modern woman is also walking side by side with the man in increasing family income with handling household. Not even a shortage of women today with services in private and government entities affiliated to diverse sectors, who are aspiring to create self-employment than to do jobs. These women may not be related to a small village or town by not having a high degreeholders of big cities, whose mind has filled the jazzba of showing something different.

Certifying women empowerment at the level of self-reliance The latest report prepared by the policy commission's women entrepreneurship platform, Trans Union CIBIL and Microsev Consulting, highlighting the fact of the remarkable growth happening in the country in view of the financial progress and credit awareness of women.

In these adventurous fantasies of skyrocketing, Satrangi Aura filling credit goes to a great extent to those schemes, which are becoming helpful in providing them Swarozgahar opportunities while providing loan facility by connecting women wanting to debut in the field of entrepreneurship. These have major Jan Dhan Yojana, Women's Entrepreneur Mudra Yojana, Stand-up India and PM Rozgar Incentive Scheme. Along with this, microfinance institutions and women-centric crowdfunding platforms like rural foundation India, solder etc. are also coming forward by becoming helplessness in this sadistic endeavour to make women self-reliant.

This scenario is a clear indication of the progressive thinking of the modern woman, who is the hallmark of autonomy in financial management. According to the report, the number of women who took a loan in the past five years came to see a three-fold increase. Of these women, 60 belong to phasiastic or semi-urban areas; it is certainly a pleasant sign in view of social and economic development.

Free doubt, digital payments in the banking system have made it relatively simple for women to take a loan and manage it, with women's participation in the loans being taken to serve business purpose increased by 14 per cent. They are also regularly checking their credit scores. Not only this, according to a former report by the National Stock Exchange, every fourth investor in the country's stock market investors is a woman.

Financial self-reliance not only gives economic freedom but also changes cultural norms while challenging chronic stereotypes. Indeed, there is a close relationship between financial freedom and confidence. Studies have shown that women grow their self-esteem when they manage effectively while taking control of financial resources. They feel good to know that they can make provision for themselves and family. The feeling of being safe also increases confidence in other areas of life, including their careers and relationships.

Despite this, the share of half the country's population in GDP (GDP) on the basis of the number is just 18 percent now. There is a big reason in this, lack of sufficient information. Women often do not have access to such networks and guides who have been considered mandatory for the development of their business. With legal problems like business registration, property rights and licensing, technical resources and lack of digital equipment, etc. also emerge as a major problem. Questions raised on social pressure, extreme expectations and women's skills and leadership abilities also prevent him from moving forward.

Undoubtedly, society's view towards women has changed to a great extent but it is yet to travel miles to reach equality. Under the International Monetary Fund (IMF), women's participation in the manpower of the country becomes equal to men, GDP may increase by 27 percent. If adequate opportunities and resources are found, women will surely be able to make decisive contributions to the country's economy.

# Vijay Garg’s Book titled, "Sainik School Entrance Exam” released by Principal Sandhya Bathla

## Book contains essential glossary, provides valuable tool to students aiming to excel in exams




Principal Mrs Sandhya Bathla of DAV Edward Ganj Sen Sec school Malout today released Book, "Sainik school entrance exam " authored by well known writer and Retired Principal Vijay Garg. On this occasion senior PGT Abhay Sharma, Pardeep Gupta,Mrs Ashu Gandhi, Mrs Rachna Mr Ravinder Kumar was also present. Principal speaking during Book release function appreciated works of Vijay Garg done in education field . She said that this book is very useful for students who are going appearing in Sainik school entrance exam. Principal further said that this book written by Vijay Garg will always work for guidance for students and society and very helpful for competitive exams . Speaking on the objecting of releasing Book, Vijay Garg said that Main focus on notes are concise and to point, enable full topic coverage in a short amount of time. Book contains an essential glossary, In summary , this book is a valuable tool any student aiming to Excel in Exam.Also to empower learners of all aspirants and help individuals unlock their intellectual potential. Garg further said that book is particularly beneficial for students to the coveted place in the prestigious Sainik schools a meticulous care has been taken to prepare this book .Good books for Sainik school entrance exam preparation are crucial because they provide a well and effectively graded easy and simple language ,ample questions for practice and prepares the examiner holistically for the competitive exams, also structured understanding of concepts, offer practice questions aligned with the exam pattern, help students gauge their readiness, and ensure they are studying updated and relevant material, ultimately maximizing their chances of success in the Sainik school entrance exam by building a strong foundation and enhancing their preparation strategy, added Garg. Garg further said that quality books explain complex concepts in detail, allowing for a deeper understanding of the subject matter. They provide numerous practice questions that mimic the Sainik school entrance exam exam format, helping students develop exam-taking skills and time management. Reliable books are updated to align with the latest Sainik school entrance exam syllabus, ensuring students are studying relevant information. By attempting practice questions, students can identify areas where they need more focus and improve their weak areas. Consistent practice with good quality questions can boost confidence and preparedness for the exam.NCERT textbooks are considered the foundation for entrance exam preparation as a significant portion of the exam questions are directly based on them, added Garg. To prepare for the Sainik School entrance exam, focus on consistent practice with previous year papers and mock tests, prioritize mathematics as it carries significant weightage, strengthen your General Knowledge, and manage your time effectively during both preparation and the exam itself; consider utilizing NCERT books and dedicated Sainik School guidebooks for comprehensive study.Mathematics usually holds the highest weightage in the exam, so ensure a strong foundation in concepts like fractions, decimals, algebra, and geometry. Solve previous year question papers and take mock tests to familiarize yourself with the exam pattern and improve your speed and accuracy. Study current affairs, history, and geography to perform well in the General Knowledge section. Practice time management during your preparation and during the exam to complete all questions within the allotted time. Refer to NCERT textbooks and dedicated Sainik School guidebooks for comprehensive coverage of the syllabus. While not directly part of the exam, maintaining physical fitness is important as Sainik Schools emphasize discipline and physical activities.

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 295

Website: www.preetnama.com Email preetnamausa@gmail.com

14 MARCH TO 20 MARCH, 2025


## Mr. Balbeer Singh Pahwa (President Gurudwara Guru Nanak Darbar Hicksville NY) and Dyal Singh Vohra (Chairman Guru Nanak Darbar Hicksville NY) Visited in Nassau county commissioner Police office Mineola Long Island NY .










Mr. Balbeer Singh Pahwa ( President Gurudwara Guru Nanak Darbar Hicksville NY ) and Dyal Singh Vohra ( Chairman Guru Nanak Darbar Hicksville NY ) Visited in Nassau county commissioner Police office Mineola Long Island NY . They joined A Meet & Greet program at Nassau Police Headquarters with Police Commissioner Hon. Patrick Ryder. Mr. Balbeer Singh Pahwa discussed with Hon. Patrick Ryder on some of important points. Mr. Patrick promised to provide security and all facilities on Coming program Vaisakhi.

This program was organized by Mr. Gary Sikka (President of Punjabi American Society. ), Mohinder Singh Taneja ( vice president) and General. Secretary Virender PS Sikka. Advisory Board Member Jasbir "Jay" Singh, Inderjeet Singh, ( Chairman Gurdwara Guru Gobind Singh Sikh Center-Plainview) and Harcharan Singh Sachdev (Gen. Secretary Gurdwara Mata Sahib Kaur-Glen Cove) were also joined this program .

# ਜਨਾਬ ! ਸ਼ਬਦ ਇੱਕੋ ਹੈ, ਅਰਥ ਵੱਖ-ਵੱਖ ਹਨ- ਸੱਦਾ-ਸੱਦਾ ਬਨਾਮ ਸ਼ੁਰੂਆਤ-ਸ਼ੁਰੂ

ਐਡਵੋਕੇਟ ਕਿਸ਼ਨ ਸਨਮੁਖਦਾਸ
9284141425

ਦੁਨੀਆ ਦੇ ਹਰ ਦੇਸ਼ ਵਿੱਚ ਵੱਖੋ ਵੱਖਰੀਆਂ ਭਾਸ਼ਾਵਾਂ ਹਨ, ਪਰ ਉਨ੍ਹਾਂ ਦੇ ਅਰਥ ਜਿਵੇਂ ਕਿ ਉਨ੍ਹਾਂ ਦੇ ਅਰਥ ਇਕੋ ਜਿਹੇ ਹਨ, ਪਰ ਉਨ੍ਹਾਂ ਦੇ ਅਰਥ ਇਕੋ ਜਿਹੇ ਸ਼ਬਦ ਹਨ. ਸਮਝੋ ਪਰ ਇਸ ਜੋੜੀ ਦਾ ਇੱਕ-ਇੱਕ ਸ਼ਬਦ ਉਸ ਸਥਿਤੀ ਵਾਲੀ ਸਥਿਤੀ ਵਿੱਚ ਵਰਤਿਆ ਜਾਂਦਾ ਹੈ।ਜੇਕਰ ਮੈਂ ਇਹਨਾਂ ਸਮਾਨ ਸ਼ਬਦਾਂ ਜਾਂ ਇੱਕ ਇੱਕ ਸ਼ਬਦ ਨੂੰ ਕਿਸੇ ਵਕੀਲ ਜਾਂ ਸੀ.ਏ. ਦੇ ਨਜ਼ਰੀਏ ਤੋਂ ਦੇਖਾਂ ਤਾਂ ਮੈਂ ਇੱਕ ਸ਼ਬਦ ਦੇ ਕਈ ਅਰਥਾਂ ਨੂੰ ਲੱਭ ਕੇ ਆਪਣੀ ਦਲੀਲ ਨੂੰ ਸਭ ਤੋਂ ਵਧੀਆ ਪ੍ਰਦਰਸ਼ਨ ਦੇ ਸਕਦਾ ਹਾਂ, ਪਰ ਇਹਨਾਂ ਸ਼ਬਦਾਂ ਦੀ ਵਿਆਖਿਆ ਲਈ, ਸਾਡੇ ਅਭਿਆਸ ਵਿੱਚ ਇੱਕ ਵਿਆਖਿਆ ਐਕਟ ਹੈ, ਜੋ ਕਿ ਨਿਰਣਾ ਦੇਣ ਸਮੇਂ, ਉਹਨਾਂ ਸ਼ਬਦਾਂ ਦੀ ਵਿਆਖਿਆ ਕੀਤੀ ਜਾਂਦੀ ਹੈ, ਜੋ ਉਸ ਦੇ ਜੀਵਨ ਵਿੱਚ ਸੁਧਾਰ ਕਰ ਸਕਦਾ ਹੈ, ਜੋ ਕਿ ਇੱਕ ਵਿਅਕਤੀ ਦੇ ਜੀਵਨ ਨੂੰ ਸੁਧਾਰ ਸਕਦਾ ਹੈ ਜੀਵਨ ਦੂਜੇ ਸ਼ਬਦਾਂ ਵਿਚ, ਇਕੋ ਸ਼ਬਦ ਦੀ ਇਕ ਕਾਨੂੰਨੀ ਵਿਆਖਿਆ ਵਿਚ, ਸਜ਼ਾ ਹੋ ਸਕਦੀ ਹੈ, ਜਦੋਂ ਕਿ ਦੂਜੇ ਪਾਸੇ, ਉਸੇ ਸ਼ਬਦ ਦੀ ਦੂਜੀ ਵਿਆਖਿਆ ਵਿਚ, ਬਰੀ ਹੋ ਸਕਦਾ ਹੈ, ਭਾਵ ਛੋਟ।ਅੱਜ ਅਸੀਂ ਇਸ ਵਿਸ਼ੇ @ਤੇ ਚਰਚਾ ਕਰ ਰਹੇ ਹਾਂ ਕਿਉਂਕਿ ਅੱਜ ਮੈਂ ਫੇਸਬੁੱਕ @ਤੇ ਇੱਕ ਮਰਦ ਅਤੇ ਔਰਤ ਵਿਚਕਾਰ ਅਮੰਤਰਨ- ਨਿਮਰਨ ਅਤੇ start-start ਸ਼ਬਦਾਂ ਦੇ ਅਰਥਾਂ ਬਾਰੇ ਚਰਚਾ ਦੇਖੀ, ਤੁਸੀਂ ਕਹਿ ਸਕਦੇ ਹੋ ਕਿ ਇਸਦੀ ਵਿਆਖਿਆ ਕਰਨ ਵਾਲੇ ਆਪਣੇ ਤਰੀਕੇ ਨਾਲ ਬਹਿਸ ਚੱਲ ਰਹੇ ਸਨ, ਫਿਰ ਮੈਂ ਇੱਕ ਲੇਖ ਲਿਖਣ ਲਈ ਇਸ ਵਿਸ਼ੇ ਨੂੰ ਚੁਣਿਆ ਅਤੇ ਖੋਜ ਸ਼ੁਰੂ ਕੀਤੀ, ਇਸ ਲਈ ਅੱਜ ਅਸੀਂ ਇਸ ਲੇਖ ਰਾਹੀਂ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਚਰਚਾ ਕਰਾਂਗੇ ਸੰਬੰਧਿਤ ਸਥਿਤੀ ਦੇ ਅਨੁਸਾਰ ਸ਼ਬਦ ਦੀ ਵਰਤੋਂ ਕਰਨਾ. ਪ੍ਰਯੋਗ ਕਰਨਾ ਇੱਕ ਨੇਕ ਸ਼ਖਸੀਅਤ ਦੀ ਵਿਸ਼ੇਸ਼ਤਾ ਹੈ।

ਦੋਸਤੋ, ਜੇਕਰ ਅਸੀਂ ਸੱਦੇ ਅਤੇ ਸੱਦੇ ਦੇ ਅਰਥਾਂ ਨੂੰ ਸਮਝਣ ਦੀ ਗੱਲ ਕਰੀਏ ਤਾਂ ਦੋਵੇਂ ਕਿਸੇ ਨੂੰ ਬੁਲਾਉਣ ਲਈ ਵਰਤੇ ਜਾਂਦੇ ਹਨ, ਪਰ ਇਹਨਾਂ ਵਿੱਚ ਇੱਕ ਅੰਤਰ ਹੁੰਦਾ ਹੈ, ਜਦੋਂ ਕਿ ਸੱਦਾ ਰਸਮੀ ਹੁੰਦਾ ਹੈ, ਜਦੋਂ ਕਿ ਸੱਦੇ ਵਿੱਚ ਜਾਣਾ ਕੋਈ ਮਜਬੂਰੀ ਨਹੀਂ ਹੁੰਦਾ। ਸੱਦੇ ਅਤੇ ਸੱਦੇ ਵਿੱਚ ਅੰਤਰ: (1) ਸੱਦਾ-ਪੱਤਰ ਵਿੱਚ, ਇੱਕਵਿਸ਼ੇਸ਼ ਵਿਅਕਤੀ ਨੂੰ ਇੱਕ ਵਿਸ਼ੇਸ਼ ਮੌਕੇ ਉੱਤੇ ਬੁਲਾਇਆ ਜਾਂਦਾ ਹੈ, (2) ਸੱਦੇ ਵਿੱਚ, ਇੱਕ ਟੀਚਾ ਨਿਰਧਾਰਤ ਕੀਤਾ ਜਾਂਦਾ ਹੈ, ਜਦੋਂ ਕਿ, ਸੱਦਾ ਵਿੱਚ, ਟੀਚਾ ਦੇ ਨਾਲ-ਨਾਲ ਨੈਤਿਕਤਾ ਵੀ ਹੁੰਦੀ ਹੈ।(3) ਸੱਦਾ-ਪੱਤਰ ਵਿਚ ਹਰ ਵਿਅਕਤੀ ਦਾ ਇਕ ਟੀਚਾ ਹੁੰਦਾ ਹੈ, ਉਹ ਜਾਂ ਤਾਂ ਬੁਲਾਰਾ ਹੁੰਦਾ ਹੈ ਜਾਂ ਸੁਣਨ ਵਾਲਾ (4) ਸੱਦਾ-ਪੱਤਰ ਵਿਚ ਵਿਅਕਤੀ ਦੀ ਸਾਖ ਜੁੜ ਜਾਂਦੀ ਹੈ।(5) ਸੱਦਾ ਦਾ ਅਰਥ ਹੈ ਬੁਲਾਉਣ ਜਾਂ ਬੁਲਾਉਣ ਲਈ। (6) ਸੱਦਾ ਇੱਕ ਕਾਲ ਹੈ ਜਿਸ ਵਿੱਚ ਜਾਣਾ ਇੱਕ ਫ਼ਰਜ਼ ਹੈ। (7) ਜੇਕਰ ਤੁਸੀਂ ਸੱਦੇ @ਤੇ ਨਹੀਂ ਜਾਂਦੇ ਤਾਂ ਤੁਹਾਡੇ ਰਿਸ਼ਤੇਦਾਰਾਂ ਨੂੰ ਬੁਰਾ ਲੱਗ ਸਕਦਾ ਹੈ।(8) ਸੱਦਾ ਅਤੇ ਸੱਦਾ ਦੋਵਾਂ ਨੂੰ ਅੰਗਰੇਜ਼ੀ ਵਿੱਚ ਸੱਦਾ ਕਿਹਾ ਜਾਂਦਾ ਹੈ।ਸੱਦਾ-ਪੱਤਰ ਵਿੱਚ ਸਮਾਂ ਨਿਸ਼ਚਿਤ ਹੁੰਦਾ ਹੈ ਅਤੇ ਮਹਿਮਾਨ ਦਾ ਉਸੇ ਸਮੇਂ ਆਉਣਾ ਜ਼ਰੂਰੀ ਹੁੰਦਾ ਹੈ ਜਦੋਂਕਿ ਸੱਦੇ ਵਿੱਚ ਕੋਈ ਮਜਬੂਰੀ ਨਹੀਂ ਹੁੰਦੀ।(3) ਸੱਦਾ ਪੱਤਰ ਵਿਚ ਸਮਾਗਮ ਦੀ ਸਮਾਪਤੀ ਤੋਂ ਬਾਅਦ ਭੋਜਨ ਆਦਿ ਨਾਲ ਜਸ਼ਨ ਮਨਾਇਆ ਜਾਂਦਾ ਹੈ। (4) ਸੱਦਾ ਸਮਾਜਿਕ ਮੇਲ-ਜੋਲ ਲਈ ਹੈ। (5) ਸੱਦਾ ਭਾਰਤ ਵਿੱਚ ਲੋਕਾਚਾਰ ਦਾ ਇੱਕ ਸਾਧਨ ਹੈ। (6) ਵਿਆਹ ਸਮਾਗਮ ਦਾ ਸੱਦਾ ਦਿੱਤਾ ਜਾਂਦਾ ਹੈ।(7) ਧਾਰਮਿਕ ਸਮਾਗਮਾਂ ਲਈ ਸੱਦੇ ਦਿੱਤੇ ਜਾਂਦੇ ਹਨ। (8) ਪਰਿਵਾਰਕ ਸਮਾਗਮਾਂ ਲਈ ਸੱਦੇ ਦਿੱਤੇ ਜਾਂਦੇ ਹਨ। (9) ਕਿਸੇ ਨੂੰ ਬੁਲਾਉਣ ਲਈ ਸੱਦਾ ਅਤੇ ਸੱਦਾ ਦੋਵੇਂ ਹੀ ਵਰਤੇ ਜਾਂਦੇ ਹਨ। (10) ਸੱਦਾ ਕਿਸੇ ਖਾਸ ਵਿਸ਼ੇ @ਤੇ ਕਿਸੇ ਖਾਸ ਵਿਅਕਤੀ ਵੱਲੋਂ ਬੁਲਾਇਆ ਜਾਂਦਾ ਹੈ। (11) ਸੱਦਾ ਕਿਸੇ ਖਾਸ ਮੌਕੇ @ਤੇ ਖਾਸ ਲੋਕਾਂ ਨੂੰ ਬੁਲਾਇਆ ਜਾਂਦਾ ਹੈ। (12) ਸੱਦਾ ਪੱਤਰ ਵਿੱਚ ਇੱਕ ਟੀਚਾ ਨਿਰਧਾਰਤ ਕੀਤਾ ਜਾਂਦਾ ਹੈ ਅਤੇ ਟੀਚਾ ਪ੍ਰਾਪਤ ਹੁੰਦੇ ਹੀ ਸੱਦਾ ਖਤਮ ਹੋ ਜਾਂਦਾ ਹੈ। (13) ਸੱਦਾ-ਪੱਤਰ ਵਿਚ ਟੀਚੇ ਦੇ ਨਾਲ-ਨਾਲ ਇਕ ਲੋਕਾਚਾਰ ਵੀ ਹੈ। ਟੀਚਾ ਪ੍ਰਾਪਤ ਕਰਨ ਤੋਂ ਬਾਅਦ ਜਸ਼ਨ ਹੈ. (14) ਸਪੀਕਰ ਨੂੰ ਸਟੇਜ @ਤੇ ਬੁਲਾਇਆ ਜਾਂਦਾ ਹੈ। (15) ਸਰੋਤਿਆਂ ਨੂੰ ਪ੍ਰੋਗਰਾਮ ਲਈ ਸੱਦਾ ਦਿੱਤਾ ਜਾਂਦਾ ਹੈ (16) ਲੋਕਾਂ ਨੂੰ ਮੀਟਿੰਗਾਂ, ਸੈਮੀਨਾਰ, ਸਮਾਜ ਸੇਵਾ ਦੇ ਕੰਮਾਂ, ਕਲਾ ਅਤੇ ਸੱਭਿਆਚਾਰਕ ਸਮਾਗਮਾਂ ਲਈ ਸੱਦਾ ਦਿੱਤਾ ਜਾਂਦਾ ਹੈ। (17) ਸੱਦੇ ਵਿੱਚ ਹਰ ਵਿਅਕਤੀ ਦਾ ਇੱਕ ਟੀਚਾ ਹੁੰਦਾ ਹੈ। ਉਹ ਜਾਂ ਤਾਂ ਬੁਲਾਰਾ ਹੈ ਜਾਂ ਸੁਣਨ ਵਾਲਾ। (18) ਸੱਦਾ ਕਿਸੇ ਵਿਅਕਤੀ ਦੀ ਇੱਜ਼ਤ ਨੂੰ ਵਧਾਉਂਦਾ ਹੈ।ਦੋਹਾਂ ਸਬਦਾਂ ਵਿਚ ਮੂਲ 'ਮੰਤਰ' ਮੌਜੂਦ ਹੈ। ਆਮ ਤੌਰ @ਤੇ ਸੱਦਾ-ਪੱਤਰ ਲਈ @ਸੱਦਾ@ ਅਤੇ ਸੱਦਾ-ਪੱਤਰ ਵਰਤਿਆ ਜਾਂਦਾ ਹੈ, ਪਰ @ਆ@ ਅਤੇ @ਨਿ@ ਕਾਰਨ ਇਨ੍ਹਾਂ ਦੇ ਅਰਥ ਵਿਸ਼ੇਸ਼ ਬਣ ਗਏ ਹਨ। ਇਸ ਵਿਸ਼ੇਸ਼ਤਾ ਕਾਰਨ ਹੀ ਰਿਸ਼ੀ-ਮੁਨੀਆਂ ਨੇ ਸੱਦਾ-ਪੱਤਰ ਤੋਂ ਬਾਅਦ ਸੱਦਾ ਸ਼ਬਦ ਦੀ ਖੋਜ ਕੀਤੀ। ਇਹ ਕਹਿਣ ਦੀ ਲੋੜ ਨਹੀਂ ਕਿ ਹਿੰਦੀ ਵਿੱਚ ਹਰ ਇੱਕ ਸ਼ਬਦ ਨੂੰ ਸ਼ਾਮਲ ਕਰਨ ਤੋਂ ਪਹਿਲਾਂ ਇਸ ਉੱਤੇ ਬਹੁਤ ਖੋਜ ਅਤੇ ਚਰਚਾ ਕੀਤੀ ਜਾ ਚੁੱਕੀ ਹੈ। ਸੱਦੇ ਅਤੇ ਸੱਦੇ ਵਿਚ ਵਿਆਕਰਣ ਅੰਤਰ-'ਸੱਦਾ' ਅਤੇ 'ਸੱਦਾ' ਦੋਹਾਂ ਦੇ ਅਰਥ ਇੱਕੋ ਹੀ ਮੰਨੇ ਜਾਂਦੇ ਹਨ, ਪਰ ਅਜਿਹਾ ਨਹੀਂ ਹੈ। ਦੋਹਾਂ ਸ਼ਬਦਾਂ ਵਿਚ ਮੂਲ 'ਮੰਤਰ' ਮੌਜੂਦ ਹੈ।ਆਮ ਤੌਰ @ਤੇ ਬੁਲਾਉਣ ਲਈ ਸੱਦਾ ਅਤੇ ਸੱਦਾ ਦੀ ਵਰਤੋਂ ਕੀਤੀ ਜਾਂਦੀ ਹੈ, ਪਰ @ਆ@ ਅਤੇ @ਨਿ@ ਕਾਰਨ ਇਨ੍ਹਾਂ ਦੇ ਅਰਥ ਵਿਸ਼ੇਸ਼ ਬਣ ਗਏ ਹਨ।ਇਸ ਵਿਸ਼ੇਸ਼ਤਾ ਕਾਰਨ ਹੀ ਰਿਸ਼ੀ-ਮੁਨੀਆਂ ਨੇ ਸੱਦਾ-ਪੱਤਰ ਤੋਂ ਬਾਅਦ ਸੱਦਾ ਸ਼ਬਦ ਦੀ ਖੋਜ ਕੀਤੀ। ਇਹ ਕਹਿਣ ਦੀ ਲੋੜ ਨਹੀਂ ਕਿ ਹਿੰਦੀ ਵਿੱਚ ਹਰ ਇੱਕ ਸ਼ਬਦ ਨੂੰ ਸ਼ਾਮਲ ਕਰਨ ਤੋਂ ਪਹਿਲਾਂ ਇਸ ਉੱਤੇ ਬਹੁਤ ਖੋਜ ਅਤੇ ਚਰਚਾ ਕੀਤੀ ਜਾ ਚੁੱਕੀ ਹੈ।

ਦੋਸਤੋ, ਜੇਕਰ ਅਸੀਂ ਸ਼ੁਰੂਆਤ ਦੇ ਅਰਥ ਨੂੰ ਸਮਝਣ ਦੀ ਗੱਲ ਕਰੀਏ ਤਾਂ ਹਿੰਦੀ ਦੇ ਇੱਕ ਤਜਰਬੇਕਾਰ ਅਧਿਆਪਕ ਦੇ ਅਨੁਸਾਰ ਸ਼ੁਰੂਆਤ ਸ਼ਬਦ ਦਾ ਅਰਥ ਹੈ ਨਵਾਂ ਕੰਮ ਸ਼ੁਰੂ ਕਰਨਾ। ਉਦਾਹਰਨ ਲਈ, @ਆਓ ਖਾਣਾ ਸ਼ੁਰੂ ਕਰੀਏ@।ਇਸ ਦੇ ਨਾਲ ਹੀ, ਜਦੋਂ ਕੋਈ ਕੰਮ ਬਰੇਕ ਤੋਂ ਬਾਅਦ ਦੁਬਾਰਾ ਸ਼ੁਰੂ ਹੁੰਦਾ ਹੈ, ਤਾਂ ਸ਼ੁਰੂਆਤ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ- @ਠੀਕ ਹੋਣ ਤੋਂ ਬਾਅਦ, ਉਸਨੇ ਸਕੂਲ ਜਾਣਾ ਸ਼ੁਰੂ ਕਰ ਦਿੱਤਾ ਹੈ@। ਸ਼ੁਰੂਆਤੀ ਅਤੇ ਸ਼ੁਰੂਆਤੀ ਵਿਚਕਾਰ ਸਮਾਨਤਾ ਕੀ ਹੈ ?ਸ਼ੁਰੂਆਤੀ ਅਤੇ ਸ਼ੁਰੂਆਤੀ ਦੋ ਸ਼ਬਦ ਹਨ ਜੋ ਕਿਸੇ ਕਿਰਿਆ, ਪ੍ਰਕਿਰਿਆ, ਜਾਂ ਘਟਨਾ ਦੇ ਸੰਦਰਭ ਵਿੱਚ ਵਰਤੇ ਜਾ ਸਕਦੇ ਹਨ ਅਤੇ ਇਹਨਾਂ ਦੋਵਾਂ ਵਿੱਚ ਕੁਝ ਸਮਾਨਤਾ ਹੋ ਸਕਦੀ ਹੈ,ਪਰ ਉਹ ਵੱਖੋ-ਵੱਖਰੇ ਅਰਥਾਂ ਨੂੰ ਵਿਅਕਤ ਕਰ ਸਕਦੇ ਹਨ, ਇਹ ਜ਼ਰੂਰੀ ਨਹੀਂ ਕਿ ਹਮੇਸ਼ਾ ਇੱਕ ਹੀ ਹੋਵੇ, ਆਮ ਤੌਰ @ਤੇ ਕਿਸੇ ਕਿਰਿਆ,ਪ੍ਰਕਿਰਿਆ ਜਾਂ ਘਟਨਾ ਦੀ ਸ਼ੁਰੂਆਤੀ ਅਵਸਥਾ ਜਾਂ ਸਥਿਤੀ ਨੂੰ ਦਰਸਾਉਣ ਲਈ ÷ਸ਼ੁਰੂਆਤੀ÷ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਸ਼ਬਦ ਆਮ ਤੌਰ @ਤੇ (1) ਇਹ ਦਰਸਾਉਂਦਾ ਹੈ ਕਿ ਕੋਈ ਕਿਰਿਆ, ਪ੍ਰਕਿਰਿਆ ਜਾਂ ਘਟਨਾ ਆਪਣੇ ਸ਼ੁਰੂਆਤੀ ਪੜਾਅ ਜਾਂ ਅਵਸਥਾ ਵਿੱਚ ਹੈ (2) ਇਹ ਕਿਸੇ ਪ੍ਰਕਿਰਿਆ ਦੇ ਪਹਿਲੇ ਪੜਾਅ ਨੂੰ ਦਰਸਾਉਣ ਲਈ ਵਰਤਿਆ ਜਾ ਸਕਦਾ ਹੈ, ਜਿਵੇਂ ਕਿ ਸ਼ੁਰੂਆਤੀ ਗਿਆਨ (ਅਰਥਾਤ, ਇੱਕ ਘਟਨਾ ਦੇ ਸ਼ੁਰੂਆਤੀ ਪੜਾਅ)। ਇੱਕ ਸ਼ੁਰੂਆਤੀ ਪੜਾਅ ਹੈ, ਪਰ ਇਸਦੇ ਬਾਅਦ ਹੋਰ ਪੜਾਅ ਹੋ ਸਕਦੇ ਹਨ (2) ਸ਼ੁਰੂਆਤੀ ਸ਼ਬਦ ਨੂੰ ਇੱਕ ਪ੍ਰਕਿਰਿਆ ਦੇ ਪਹਿਲੇ ਪੜਾਅ ਨੂੰ ਦਰਸਾਉਣ ਲਈ ਵਰਤਿਆ ਜਾ ਸਕਦਾ ਹੈ, ਪਰ ਇਹ ਇੱਕ ਬਾਅਦ ਵਾਲੇ ਪੜਾਅ ਨੂੰ ਦਰਸਾਉਣ ਲਈ ਵੀ ਵਰਤਿਆ ਜਾ ਸਕਦਾ ਹੈ, ਹਾਲਾਂਕਿ, ਇਹਨਾਂ ਦੋਵਾਂ ਸ਼ਬਦਾਂ ਦੀ ਵਰਤੋਂ ਤੁਹਾਡੇ ਪ੍ਰਸੰਗ ਅਤੇ ਵਾਕ ਦੇ ਨਾਲ ਬਦਲ ਸਕਦੀ ਹੈ, ਅਤੇ ਇਸ ਲਈ ਤੁਹਾਨੂੰ ਉਹਨਾਂ ਦੇ ਸਹੀ ਅਰਥਾਂ ਨੂੰ ਸਮਝਣਾ ਹੋਵੇਗਾ। ਸ਼ੁਰੂਆਤ ਅਤੇ ਸ਼ੁਰੂਆਤ ਦੋਵੇਂ ਕਿਵੇਂ ਵੱਖਰੇ ਹਨ ? ਕੰਮ ਦੀ ਪਹਿਲੀ ਸ਼ੁਰੂਆਤ ਅਤੇ ਕੁਝ ਸਮੇਂ ਦੇ ਵਿਰਾਮ ਤੋਂ ਬਾਅਦ ਇਸਨੂੰ ਦੁਬਾਰਾ ਸ਼ੁਰੂ ਕਰਨ ਨੂੰ ਅਰੰਭ ਕਿਹਾ ਜਾਂਦਾ ਹੈ। ਮਨੁੱਖੀ ਜੀਵਨ ਵਿੱਚ ਸਿੱਖਿਆ ਬਚਪਨ ਵਿੱਚ ਹੀ ਸ਼ੁਰੂ ਹੋ ਜਾਂਦੀ ਹੈ। ਸਿੱਖਣ ਦੀ ਪ੍ਰਕਿਰਿਆ ਜਨਮ ਤੋਂ ਲੈ ਕੇ ਮੌਤ ਤੱਕ ਸਾਰੀ ਉਮਰ ਜਾਰੀ ਰਹਿੰਦੀ ਹੈ। ਸਟੱਡੀਜ਼ ਹਰ ਰੋਜ਼ ਇੱਕ ਨਿਸ਼ਚਿਤ ਸਮੇਂ @ਤੇ ਸ਼ੁਰੂ ਹੋਣੇ ਚਾਹੀਦੇ ਹਨ:(1) ਬ੍ਰਹਿਮੰਡ ਦੀ ਸ਼ੁਰੂਆਤ ਅਤੇ ਅੰਤ ਲਗਭਗ 4 ਲੱਖ 32 ਹਜ਼ਾਰ ਸਾਲ ਪਹਿਲਾਂ ਸ਼ੁਰੂ ਹੋਇਆ ਸੀ। ਸ਼ੁਰੂਆਤੀ ਜਾਂ ਰਸਮੀ ਸੰਦਰਭ। ਇਹ ਅਕਸਰ ਗੈਰ-ਭੌਤਿਕ ਪ੍ਰਕਿਰਿਆਵਾਂ ਨਾਲ ਜੁੜਿਆ ਹੁੰਦਾ ਹੈ ਜਿਵੇਂ ਕਿ ਘਟਨਾਵਾਂ, ਯੁੱਗਾਂ ਜਾਂ ਅਨੁਭਵਾਂ ਦੇ ਸ਼ੁਰੂਆਤੀ ਪੜਾਅ। ਸ਼ਬਦ @ਸ਼ੁਰੂਆਤ@ ਆਮ ਤੌਰ @ਤੇ ਕਿਸੇ ਹੋਰ ਖਾਸ ਜਾਂ ਠੋਸ ਗਤੀਵਿਧੀ ਦੀ ਸ਼ੁਰੂਆਤ ਦਾ ਵਰਣਨ ਕਰਨ ਲਈ ਵਰਤਿਆ ਜਾਂਦਾ ਹੈ। ਇਹ ਉਹਨਾਂ ਸਥਿਤੀਆਂ ਲਈ ਢੁਕਵਾਂ ਹੈ ਜਿਸ ਵਿੱਚ ਸਰੀਰਕ ਕਿਰਿਆਵਾਂ ਸ਼ਾਮਲ ਹੁੰਦੀਆਂ ਹਨ, ਜਿਸ ਵਿੱਚ ਮਸ਼ੀਨਰੀ ਜਾਂ ਕੰਮ ਸ਼ੁਰੂ ਕਰਨਾ ਸ਼ਾਮਲ ਹੈ, ਅਤੇ ਗੈਰ ਰਸਮੀ ਸੈਟਿੰਗਾਂ ਵਿੱਚ ਵੀ ਤਰਜੀਹ ਦਿੱਤੀ ਜਾਂਦੀ ਹੈ ਸੰਖੇਪ ਵਿੱਚ, ਸ਼ੁਰੂਆਤ ਅਤੇ ਸ਼ੁਰੂਆਤ ਨੂੰ ਆਮ ਤੌਰ @ਤੇ ਇੱਕ ਦੂਜੇ ਦੇ ਬਦਲੇ ਵਰਤਿਆ ਜਾਂਦਾ ਹੈ, ਫਿਰ ਵੀ ਸ਼ੁਰੂਆਤ ਨੂੰ ਆਮ ਤੌਰ @ਤੇ ਵਧੇਰੇ ਰਸਮੀ ਜਾਂ ਸੰਖੇਪ ਸੰਦਰਭਾਂ ਵਿੱਚ ਤਰਜੀਹ ਦਿੱਤੀ ਜਾਂਦੀ ਹੈ ਜਦੋਂ ਕਿ ਸ਼ੁਰੂਆਤ ਗੈਰ ਰਸਮੀ ਸਥਿਤੀਆਂ ਅਤੇ ਸਰੀਰਕ ਗਤੀਵਿਧੀਆਂ ਵਿੱਚ ਵਧੇਰੇ ਆਮ ਹੁੰਦੀ ਹੈ।ਸ਼ੁਰੂਆਤ ਪ੍ਰਕਿਰਿਆ ਦੇ ਸ਼ੁਰੂਆਤੀ ਪੜਾਅ ਨੂੰ ਦਰਸਾਉਂਦੀ ਹੈ, ਖਾਸ ਕਰਕੇ ਗੈਰ-ਸਰੀਰਕ ਜਾਂ ਸੰਕਲਪਿਕ ਮਾਮਲਿਆਂ ਵਿੱਚ। ਇਸਦੇ ਉਲਟ, ਸ਼ੁਰੂਆਤ ਅਕਸਰ ਕਿਸੇ ਠੋਸ ਜਾਂ ਕਾਰਜਸ਼ੀਲ ਚੀਜ਼ ਨੂੰ ਸ਼ੁਰੂ ਕਰਨ ਦੇ ਕੰਮ ਨੂੰ ਦਰਸਾਉਂਦੀ ਹੈ, ਜਿਵੇਂ ਕਿ ਇੱਕ ਡਿਵਾਈਸ ਜਾਂ ਘਟਨਾ। ਇਹ ਜਾਣਨਾ ਕਿ ਹਰੇਕ ਸ਼ਬਦ ਨੂੰ ਕਦੋਂ ਵਰਤਣਾ ਹੈ, ਤੁਹਾਡੇ ਸੰਚਾਰਾਂ ਵਿੱਚ ਸ਼ੁੱਧਤਾ ਦੀ ਇੱਕ ਸੂਖਮ ਪਰਤ ਜੋੜ ਸਕਦਾ ਹੈ।

ਇਸ ਲਈ, ਜੇ ਅਸੀਂ ਪੂਰੇ ਵੇਰਵੇ ਦਾ ਅਧਿਐਨ ਕਰੀਏ ਅਤੇ ਇਸਦਾ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਸਰ ! ਸ਼ਬਦ ਇੱਕ ਹੈ, ਅਰਥ ਵੱਖ-ਵੱਖ ਹਨ- ਸੱਦਾ-ਸੱਦਾ ਬਨਾਮ ਸ਼ੁਰੂਆਤ-ਸ਼ਬਦ ਦੇ ਸਹੀ ਅਰਥਾਂ ਦੀ ਚੋਣ ਸ਼ਖ਼ਸੀਅਤ ਵਿੱਚ ਚਮਕ ਨੂੰ ਦਰਸਾਉਂਦੀ ਹੈ ਅਤੇ ਬੌਧਿਕ ਯੋਗਤਾ ਨੂੰ ਦਰਸਾਉਂਦੀ ਹੈ। ਬੌਧਿਕ ਵਿਹਾਰ ਦੇ ਮੁਲਾਂਕਣ ਦਾ ਇੱਕ ਥੰਮ੍ਹ, ਸ਼ਬਦਾਂ ਦੀ ਗਹਿਰਾਈ ਵਿੱਚ ਜਾਣਾ ਅਤੇ ਪ੍ਰਸੰਗਿਕ ਸਥਿਤੀਆਂ ਵਿੱਚ ਸ਼ਬਦਾਂ ਦੀ ਵਰਤੋਂ ਕਰਨਾ ਇੱਕ ਨੇਕ ਸ਼ਖਸੀਅਤ ਦੀ ਵਿਸ਼ੇਸ਼ਤਾ ਹੈ।

# ਸਮਾਜ ਵਿੱਚ ਔਰਤ ਦੀ ਦਸ਼ਾ

ਬਰਜਿੰਦਰ ਕੌਰ ਬਿਸਰਾਓ
9988901324

ਔਰਤ ਦੀ ਜਿੰਨੀ ਪੂਜਾ ਸਾਡੇ ਦੇਸ਼ ਵਿੱਚ ਕੀਤੀ ਜਾਂਦੀ ਹੈ ਸ਼ਾਇਦ ਹੀ ਕਿਸੇ ਹੋਰ ਦੇਸ਼ ਵਿੱਚ ਹੁੰਦੀ ਹੋਵੇਗੀ । ਔਰਤ ਉੱਤੇ ਜਿੰਨੇ ਅੱਤਿਆਚਾਰ ਸਾਡੇ ਦੇਸ਼ ਵਿੱਚ ਹੁੰਦੇ ਹਨ ਐਨੇ ਅੱਤਿਆਚਾਰ ਵੀ ਸ਼ਾਇਦ ਹੀ ਕਿਸੇ ਹੋਰ ਦੇਸ਼ ਵਿੱਚ ਹੁੰਦੇ ਹੋਣਗੇ। ਸਾਡੇ ਦੇਸ਼ ਵਿੱਚ ਔਰਤ ਨੂੰ ਮਰਦਾਂ ਦੇ ਬਰਾਬਰ ਹੱਕ ਦੇਣ ਦੀ ਦੁਹਾਈ ਵੀ ਸਭ ਤੋਂ ਵੱਧ ਦਿੱਤੀ ਜਾਂਦੀ ਹੈ। ਤੁਹਾਡੇ ਸਾਹਮਣੇ ਹੀ ਹੈ , ਰਿਜ਼ਰਵ ਸੀਟਾਂ ਤੇ ਔਰਤਾਂ ਚੋਣ ਤਾਂ ਲੜ ਲੈਂਦੀਆਂ ਹਨ ਪਰ ਬਹੁਤੀਆਂ ਸਰਪੰਚ ਜਾਂ ਕਾਊਂਸਲਰ ਔਰਤਾਂ ਦੇ ਪਤੀ ਕੰਮ ਕਾਜ ਸੰਭਾਲ ਰਹੇ ਹੁੰਦੇ ਹਨ। ਜੇ ਕੋਈ ਲੜਕੀ ਜਾਂ ਔਰਤ ਮਰਦ ਦੀ ਸੱਚ ਮੁੱਚ ਬਰਾਬਰੀ ਕਰਦੀ ਹੈ ਤਾਂ ਉਸ ਦੇ ਮੱਥੇ ਤੇ ÷ਇਹ ਤਾਂ ਇਹੋ ਜਿਹੀ ਹੀ ਹੈ÷ ਭਾਵ ਚਰਿੱਤਰਹੀਣ ਹੈ ਦਾ ਟੈਗ ਲਗਾ ਦਿੱਤਾ ਜਾਂਦਾ ਹੈ।ਇਹ ਹੈ ਸਾਡੇ ਮਰਦ-ਪ੍ਰਧਾਨ ਦੇਸ਼ ਵਿੱਚ ਔਰਤ ਦੀ ਅਜ਼ਾਦੀ ਦੀ ਕਹਾਣੀ ।

ਸਾਡੇ ਸਮਾਜ ਵਿੱਚ ਔਰਤ ਬਹੁਤ ਕੁਝ ਕਰਨਾ ਚਾਹੁੰਦੀ ਹੈ ,ਪਰ ਕਰ ਨਹੀਂ ਸਕਦੀ ਕਿਉਂਕਿ ਕਿਤੇ ਰਾਹਾਂ ਵਿੱਚ ਦਰਿੰਦੇ ਜਾਲ਼ ਵਿਛਾਈ ਖੜ੍ਹੇ ਹੁੰਦੇ ਹਨ , ਕਿਸੇ ਨੂੰ ਘਰ ਦੀਆਂ ਦਹਿਲੀਜ਼ਾਂ ਦੀ ਲਛਮਣ ਰੇਖਾ ਰੋਕ ਰਹੀ ਹੁੰਦੀ ਹੈ ਤੇ ਕਿਸੇ ਦੇ ਪੈਰਾਂ ਵਿੱਚ ਰਿਸ਼ਤਿਆਂ ਦੀਆਂ ਬੇੜੀਆਂ ਪਾਈਆਂ ਜਾਂਦੀਆਂ ਹਨ।ਜੇ ਕੋਈ ਔਰਤ ਹੌਂਸਲਾ ਕਰਕੇ ਇਹ ਸਭ ਰੁਕਾਵਟਾਂ ਨੂੰ ਤੋੜਦੀ ਹੋਈ ਅੱਗੇ ਵਧਦੀ ਹੈ ਤਾਂ ਉਸ ਦੇ ਚਰਿੱਤਰ ਨੂੰ ਮਾਪਣ ਵਾਲੇ ਲੋਕ ਫੀਤੇ ਲੈ ਕੇ ਖੜ੍ਹੇ ਹੁੰਦੇ ਹਨ,ਜਿਹੜੀ ਔਰਤ ਚਰਿੱਤਰ ਦੇ ਮਾਪਦੰਡਾਂ ਦੀ ਪ੍ਰਵਾਹ ਨਹੀਂ ਕਰਦੀ ਤਾਂ ਉਸ ਦੇ ਨਾਲ ਜੁੜੇ ਰਿਸ਼ਤਿਆਂ ਨੂੰ ਬੋਲ ਕੁਬੋਲ ਬੋਲ ਕੇ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।ਔਰਤਾਂ ਨਾਲ ਛੇੜ ਛਾੜ ਦੇ ਮਾਮਲੇ ਤਾਂ ਆਮ ਜਿਹੀ ਗੱਲ ਹੋ ਗਈ ਹੈ। ਘਰਾਂ ਤੋਂ ਲੈ ਕੇ ਗਲੀਆਂ, ਬਜ਼ਾਰਾਂ,ਸਕੂਲਾਂ, ਕਾਲਜਾਂ, ਬੱਸਾਂ, ਰਸਤਿਆਂ, ਥਾਣਿਆਂ, ਜੇਲ੍ਹਾਂ, ਗੁਰਦੁਆਰਿਆਂ, ਮੰਦਰਾਂ, ਡੇਰਿਆਂ ਭਾਵ ਕਿਸੇ ਸਥਾਨ ਤੇ ਵੀ ਔਰਤਾਂ ਸੁਰੱਖਿਅਤ ਨਹੀਂ ਹਨ। ਔਰਤਾਂ ਦੀ ਸਥਿਤੀ ਵਿੱਚ ਸੁਧਾਰ ਲਿਆਉਣ ਲਈ ਬਣਾਏ ਕਾਨੂੰਨ ਤਾਂ ਜਦੋਂ ਤੱਕ ਕੰਮ ਕਰਦੇ ਹਨ ਉਦੋਂ ਤੱਕ ਤਾਂ ਔਰਤ ਦੀ ਹੋਂਦ ਦੇ ਕਈ ਪੱਖ ਧੁੰਦਲੇ ਹੋ ਚੁੱਕੇ ਹੁੰਦੇ ਹਨ, ਉਦੋਂ ਤੱਕ ਤਾਂ ਔਰਤ ਸਿਰਫ ਆਪਣਾ ਅਕਸ ਬਚਾ ਰਹੀ ਹੁੰਦੀ ਹੈ। ਔਰਤ ਦੀ ਸਮਾਜਿਕ ਦਸ਼ਾ ਨੂੰ ਸੁਧਾਰਨ ਲਈ ਔਰਤਾਂ ਨੂੰ ਅਤੇ ਸਾਡੇ ਸਮਾਜ ਦੇ ਮਰਦਾਂ ਨੂੰ ਰਲ਼ ਕੇ ਹੰਭਲਾ ਮਾਰਨਾ ਪਵੇਗਾ। ਇੱਕ ਇਹੋ ਜਿਹੇ ਸਮਾਜ ਦੀ ਸਿਰਜਣਾ ਕੀਤੀ ਜਾਵੇ, ਜਿੱਥੇ ਔਰਤਾਂ ਆਪਣੇ ਆਪ ਨੂੰ ਸੁਰੱਖਿਅਤ ਸਮਝਣ। ਮਰਦਾਂ ਨੂੰ ਆਪਣੇ ਅੰਦਰੋਂ @ਪੈਰ ਦੀ ਜੁੱਤੀ@ ਵਾਲੀ ਧਾਰਨਾ ਖ਼ਤਮ ਕਰਨੀ ਪਵੇਗੀ। ਔਰਤਾਂ ਨੂੰ ਅੱਗੇ ਵਧਣ ਦੇ ਮੌਕੇ ਦਿੱਤੇ ਜਾਣ,ਔਰਤ ਦੀ ਸੁੰਦਰਤਾ ਦੀ ਪਰਖ਼ ਉਸ ਦੇ ਸਰੀਰ ਤੋਂ ਨਹੀਂ ਬਲਕਿ ਉਸ ਦੇ ਗੁਣਾਂ ਤੋਂ ਕੀਤੀ ਜਾਵੇ। ਔਰਤਾਂ ਲਈ ਹਰ ਖੇਤਰ ਵਿੱਚ ਰਾਖਵਾਂਕਰਨ ਨਿਸ਼ਚਿਤ ਕੀਤਾ ਜਾਵੇ। ਔਰਤਾਂ ਦੀ ਸੁਰੱਖਿਆ ਲਈ ਸਰਕਾਰ ਵੱਲੋਂ ਉਚਿਤ ਕਦਮ ਚੁੱਕੇ ਜਾਣ। ਔਰਤ ਅੰਦਰਲੇ ਜੋਸ਼ ਅਤੇ ਉਤਸ਼ਾਹ ਨੂੰ ਵਧਣ ਫੁੱਲਣ ਲਈ ਮੌਕੇ ਦਿੱਤੇ ਜਾਣ। ਉਹਨਾਂ ਨੂੰ ਉਡਾਰੀ ਮਾਰਨ ਲਈ ਆਪਣੇ ਪੰਖ ਫੈਲਾਉਣ ਲਈ ਖੁੱਲ੍ਹਾ ਅਕਾਸ਼ ਦਿੱਤਾ ਜਾਵੇ। ਸਿੱਖ ਧਰਮ ਵਿੱਚ ਔਰਤ ਨੂੰ ਸਤਿਕਾਰਿਆ ਗਿਆ ਤਾਂ ਮਾਤਾ ਭਾਗੋ ਵਰਗੀਆਂ ਮਹਾਨ ਸ਼ਖ਼ਸੀਅਤਾਂ ਨੇ ਜੰਗ ਦੇ ਮੈਦਾਨ ਵਿੱਚ ਦੁਸ਼ਮਣਾਂ ਦੇ ਆਹੂ ਲਾਹ ਸੁੱਟੇ ਸੀ।ਝਾਂਸੀ ਦੀ ਰਾਣੀ ਦੀ ਮਿਸਾਲ ਲੈ ਲਵੋ ਜਾਂ ਫਿਰ ਹੋਰ ਕਿੰਨੀਆਂ ਉਦਾਹਰਣਾਂ ਕਾਇਮ ਹਨ।ਅੱਜ ਦੀਆਂ ਔਰਤਾਂ ਅੰਦਰੋਂ ਵੀ ਕਿੰਨੀਆਂ ਕਲਪਨਾਂ ਚਾਵਲਾ, ਸਰੋਜਨੀ ਨਾਇਡੂ, ਅੰਮ੍ਰਿਤਾ ਪ੍ਰੀਤਮ ਪੈਦਾ ਹੋ ਜਾਣਗੀਆਂ। ਸਾਡੇ ਸਮਾਜ ਵਿੱਚ ਔਰਤਾਂ ਪ੍ਰਤੀ ਨਿੱਘਰ ਰਹੇ ਮਰਦ ਕਿਰਦਾਰਾਂ ਦੇ ਰਵੱਈਏ ਅਤੇ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਦੀ ਲੋੜ ਹੈ ਇਸ ਲਈ ਸਮਾਜ ਵਿੱਚ ਔਰਤ ਦੀ ਦਸ਼ਾ ਸੁਧਾਰਨ ਲਈ ਯਤਨਸ਼ੀਲ ਹੋਣਾ ਹਰ ਇੱਕ ਇਨਸਾਨ ਦਾ ਮੁੱਢਲਾ ਫ਼ਰਜ਼ ਬਣਦਾ ਹੈ।ਇਹ ਤਾਂ ਹੀ ਸੰਭਵ ਹੈ ਜੇ ਸਮਾਜ ਦੀ ਸਭ ਤੋਂ ਛੋਟੀ ਇਕਾਈ ਘਰ ਤੋਂ ਸ਼ੁਰੂ ਕੀਤਾ ਜਾਵੇ।ਹਰ ਨਰੋਏ ਸਮਾਜ ਦੀ ਸਿਰਜਣਾ ਕਰਨ ਲਈ ਔਰਤ ਪ੍ਰਤੀ ਸੋਚ ਨੂੰ ਬਦਲਣਾ ਹੀ ਪੈਣਾ ਹੈ। ਮੁੱਢ ਕਦੀਮ ਤੋਂ ਹੀ ਸਾਡੇ ਦੇਸ਼ ਵਿੱਚ ਵਸਤੂਆਂ ਵਾਂਗ ਔਰਤਾਂ ਦੀਆਂ ਮੰਡੀਆਂ ਲੱਗਦੀਆਂ ਰਹੀਆਂ ਹਨ। ਔਰਤ ਵਿਕਦੀ ਰਹੀ ਹੈ ਤੇ ਅੱਜ ਵੀ ਵਿਕ ਰਹੀ ਹੈ। ਮਰਦ ਖ਼ਰੀਦਦਾਰ ਹੁੰਦਾ ਹੈ । ਸਮੇਂ ਦੇ ਬਦਲਾਅ ਨਾਲ ਸਤਿਕਾਰ ਵਧਿਆ ਹੈ ਪਰ ਫਿਰ ਵੀ ਫਰਕ ਸਿਰਫ਼ ਇੰਨਾ ਹੈ ਕਿ ਹੁਣ ਵਸਤੂਆਂ ਵੇਚਣ ਲਈ ਦਿਲਚਸਪ ਤਰੀਕੇ ਨਾਲ ਖ਼ੂਬਸੂਰਤ ਔਰਤਾਂ ਦੀਆਂ ਤਸਵੀਰਾਂ ਜਾਂ ਬੁੱਤਾਂ ਨੂੰ ਪਹਿਨਾ ਕੇ ਪ੍ਰਦਰਸ਼ਨੀ ਲਗਾਈ ਜਾਂਦੀ ਹੈ।ਇਸ ਵਿੱਚ ਵੀ ਇਹੀ ਸਵਾਲ ਉੱਠਦਾ ਹੈ ਕਿ ਇਸਤਰੀ ਵੇਚੀ ਜਾ ਰਹੀ ਹੈ ਜਾਂ ਵਸਤੂ ਵੇਚੀ ਜਾ ਰਹੀ ਹੈ ? ਔਰਤ ਨੂੰ ਅੱਗੇ ਕਰਕੇ ਵਸਤੂ ਨੂੰ ਵੇਚਿਆ ਜਾਂਦਾ ਹੈ ਜਦ ਕਿ ਉਹ ਸਾਰੀਆਂ ਵਸਤੂਆਂ ਇਕੱਲੀ ਔਰਤ ਹੀ ਤਾਂ ਨੀ ਵਰਤਦੀ। ਜੇ ਕਿਤੇ ਆਧੁਨਿਕ ਸਮਾਜ ਵਿੱਚ ਔਰਤ ਨਾਲ ਵਾਪਰਨ ਵਾਲੀਆਂ ਦੁਰਘਟਨਾਵਾਂ ਦੀ ਗੱਲ ਦਾ ਨਿਰੀਖਣ ਕੀਤਾ ਜਾਵੇ ਤਾਂ ਕਈ ਵਾਰ ਉਸ ਲਈ ਔਰਤ ਆਪ ਹੀ ਜ਼ਿੰਮੇਵਾਰ ਹੁੰਦੀ ਹੈ। ਬਹੁਤੀ ਵਾਰ ਔਰਤ ਆਧੁਨਿਕਤਾ ਅਤੇ ਖੁੱਲ੍ਹ ਦੀ ਅਜ਼ਾਦੀ ਦਾ ਸਹਾਰਾ ਲੈ ਕੇ ਆਪਣਿਆਂ ਨਾਲੋਂ ਵੱਧ ਓਪਰੇ ਲੋਕਾਂ ਤੇ ਅੰਨ੍ਹਾ ਵਿਸ਼ਵਾਸ ਕਰ ਬੈਠਦੀ ਹੈ ਤੇ ਗਲਤ ਰਸਤੇ ਤੇ ਚੱਲ ਪੈਂਦੀ ਹੈ। ਅੱਜ ਕੱਲ੍ਹ ਸ਼ਰਮ ਅਤੇ ਹਯਾ ਦੇ ਗਹਿਣੇ ਨੂੰ ਉਤਾਰ ਕੇ ਕਈ ਵਿਆਹੀਆਂ ਹੋਈਆਂ ਔਰਤਾਂ ਵੀ ਕਿਸੇ ਹੋਰ ਨਾਲ ਜਾ ਕੇ ਲਿਵ ਇਨ ਰਿਲੇਸ਼ਨ ਸ਼ਿਪ ਵਿੱਚ ਰਹਿਣ ਲੱਗ ਜਾਂਦੀਆਂ ਹਨ ਜਿਸ ਦੇ ਨਤੀਜੇ ਭਿਆਨਕ ਨਿਕਲ਼ਦੇ ਹਨ। ਕਈ ਵਾਰ ਤਾਂ ਅਜਿਹੀਆਂ ਔਰਤਾਂ ਨੂੰ ਆਪਣੀ ਜ਼ਿੰਦਗੀ ਤੋਂ ਵੀ ਹੱਥ ਧੋਣੇ ਪੈਂਦੇ ਹਨ। ਇਸ ਤਰ੍ਹਾਂ ਦੀਆਂ ਘਟਨਾਵਾਂ ਸਾਡੇ ਸਮਾਜ ਵਿੱਚ ਔਰਤ ਪ੍ਰਤੀ ਵਿਸ਼ਵਾਸ ਦੀ ਕਮੀ ਪੈਦਾ ਕਰਦੀਆਂ ਹਨ ਕਿਉਂਕਿ ਇਹੋ ਜਿਹੀਆਂ ਗੱਲਾਂ ਸਾਡੇ ਸਭਿਆਚਾਰ ਦਾ ਹਿੱਸਾ ਨਹੀਂ ਹਨ। ਔਰਤ ਦਿਵਸ ਦੇ ਮੌਕੇ @ਤੇ ਔਰਤਾਂ ਦੀ ਅਜ਼ਾਦੀ ਅਤੇ ਖੁੱਲ੍ਹ ਦੀ ਗੱਲ ਕਰਨ ਦੇ ਨਾਲ ਨਾਲ ਉਹਨਾਂ ਨੂੰ ਆਪਣੀ ਹੋਂਦ ਅਤੇ ਤਾਕਤ ਨੂੰ ਬਰਕਰਾਰ ਰੱਖਣ ਲਈ ਆਪਣੇ ਸਮਾਜਿਕ ਅਤੇ ਸੱਭਿਆਚਾਰਕ ਦਾਇਰੇ ਦੀ ਗੱਲ ਚਿਤਾਰਨੀ ਵੀ ਜ਼ਰੂਰੀ ਹੈ।

## ਜਨਤਕ ਬੇਨਤੀ





ਦੁਖ ਦੀ ਘੜੀ ਚੋਂ ਲੰਘ ਰਹੇ ਪਰਿਵਾਰ ਵੱਲੋਂ ਕਰ ਜੋੜ ਬੇਨਤੀ ਹੈ ਕਿ 13-14 ਸਾਲ ਦੀ ਕੁੜੀ ਜਿਸਦਾ ਨਾਮ ਜੈਸਮੀਨ ਕੌਰ ਹੈ, ਅਤੇ ਜੋ ਕਿ ਸਰਕਾਰੀ ਸਕੂਲ ਲੌਂਗੋਵਾਲ (ਜ਼ਿਲ੍ਹਾ ਸੰਗਰੂਰ), ਪੰਜਾਬ ਵਿੱਚੋ 9ਵੀਂ ਜਮਾਤ ਦਾ ਪੇਪਰ ਦੇਕੇ ਆ ਰਹੀ ਸੀ, ਮਿਤੀ 06-03-2025 ਨੂੰ ਅਚਾਨਕ ਗੁੰਮਸ਼ੁਦਾ ਹੋ ਗਈ ਹੈ। ਲਿਹਾਜ਼ਾ, ਬੇਨਤੀ ਹੈ ਕਿ ਜਿੱਸ ਕਿਸੇ ਵੀਰ ਨੂੰ ਇਸ ਕੁੜੀ ਬਾਰੇ ਕੁਝ ਵੀ ਪਤਾ ਲੱਗੇ ਤਾਂ ਜ਼ਰੂਰ ਸੂਚਨਾ ਦਿਓ ਜੀ।

**ਸੰਪਰਕ ਨੰਬਰ :**

**9878746108**

ਕਿਰਪਾ ਕਰਕੇ ਇਸ ਬੇਨਤੀ ਨੂੰ ਅੱਗੇ ਹੋਰ ਗਰੁੱਪਾਂ ਵਿੱਚ ਵੀ ਵੱਧ ਤੋਂ ਵੱਧ ਪ੍ਰਸਾਰਿਤ (ਸ਼ੇਅਰ) ਕੀਤਾ ਜਾਵੇ ਤਾਂ ਜੌ ਇਹ ਗੁਮਸ਼ੁਦਾ ਕੁੜੀ ਦੁਬਾਰਾ ਆਪਣੇ ਪਰਿਵਾਰ ਦੇ ਜੀਆਂ ਨੂੰ ਮਿਲ ਸਕੇ।



# ਖ਼ੁਦ ਤੇ ਵਿਅੰਗ ਕਰਨ ਵਾਲਾ ਜ਼ਿੰਦਾਦਿਲ ਲੇਖਕ ਸੀ: ਖ਼ੁਸ਼ਵੰਤ ਸਿੰਘ

ਪ੍ਰੋ. ਨਵ ਸੰਗੀਤ ਸਿੰਘ
(9417692015)

ਖ਼ੁਸ਼ਵੰਤ ਸਿੰਘ ਇਕੋ ਸਮੇਂ ਗਲਪਕਾਰ, ਪੱਤਰਕਾਰ ਤੇ ਇਤਿਹਾਸਕਾਰ ਸਨ। ਉਨ੍ਹਾਂ ਨੇ ਮੁੱਖ ਤੌਰ 'ਤੇ ਅੰਗਰੇਜ਼ੀ ਵਿਚ ਹੀ ਲਿਖਿਆ, ਪਰ ਉਨ੍ਹਾਂ ਦੀਆਂ ਕਿਤਾਬਾਂ ਦੇ ਪੰਜਾਬੀ ਅਤੇ ਹੋਰਨਾਂ ਭਾਸ਼ਾਵਾਂ ਵਿਚ ਅਨੁਵਾਦ ਵੀ ਮਿਲਦੇ ਹਨ। ਖ਼ੁਸ਼ਵੰਤ ਸਿੰਘ ਦਾ ਮੁੱਢਲਾ ਨਾਂ ਖ਼ੁਸ਼ਹਾਲ ਸਿੰਘ ਸੀ ਤੇ ਉਨ੍ਹਾਂ ਦੀ ਦਾਦੀ ਲਕਸ਼ਮੀ ਬਾਈ ਉਨ੍ਹਾਂ ਨੂੰ 'ਸ਼ਾਲੀ' ਕਹਿ ਕੇ ਬੁਲਾਉਂਦੀ ਸੀ। ਸਕੂਲ ਵਿਚ ਜਮਾਤੀ ਅਕਸਰ ਉਨ੍ਹਾਂ ਨੂੰ ਇਸੇ ਨਾਂ ਨਾਲ ਛੇੜਦੇ- ÷ਸ਼ਾਲੀ ਸ਼ੂਲੀ ਬਾਗ ਦੀ ਮੂਲੀ..."ਪਰ ਫਿਰ ਉਨ੍ਹਾਂ ਨੇ ਆਪਣੇ- ਆਪ ਹੀ ਇਹ ਨਾਂ ਬਦਲ ਲਿਆ ਤੇ ਆਪਣਾ ਨਾਂ ਵੱਡੇ ਭਰਾ ਭਗਵੰਤ ਸਿੰਘ ਨਾਲ ਮਿਲਦਾ-ਜੁਲਦਾ 'ਖ਼ੁਸ਼ਵੰਤ ਸਿੰਘ' ਰੱਖ ਲਿਆ।

ਖ਼ੁਸ਼ਵੰਤ ਸਿੰਘ ਦਾ ਜਨਮ ਪਿਤਾ ਸਰ ਸੋਭਾ ਸਿੰਘ ਦੇ ਘਰ ਮਾਂ ਵੀਰਾਂ ਬਾਈ ਦੀ ਕੁੱਖੋਂ 2 ਫਰਵਰੀ 1915 ਨੂੰ ਹਦਾਲੀ, ਜ਼ਿਲਾ ਖ਼ੁਸ਼ਹਾਲ (ਪਾਕਿਸਤਾਨ) ਵਿਚ ਹੋਇਆ। ਉਨ੍ਹਾਂ ਨੇ ਸਕੂਲ ਦੀ ਪੜ੍ਹਾਈ ਮਾਡਰਨ ਹਾਈ ਸਕੂਲ, ਦਿੱਲੀ ਤੋਂ ਹਾਸਲ ਕੀਤੀ। ਇਥੇ ਹੀ ਉਨ੍ਹਾਂ ਦਾ ਮੇਲ ਕਮਲ ਮਲਿਕ ਨਾਲ ਹੋਇਆ, ਜੋ ਪਿੱਛੋਂ ਉਨ੍ਹਾਂ ਨੂੰ ਕਿੰਗਜ਼ ਕਾਲਜ ਲੰਡਨ ਵਿਚ ਮਿਲੀ ਤੇ ਬਾਅਦ ਵਿਚ ਦੋਹਾਂ ਦੀ ਸ਼ਾਦੀ ਹੋ ਗਈ। ਖ਼ੁਸ਼ਵੰਤ ਨੇ ਆਪਣੀ ਉਚੇਰੀ ਪੜ੍ਹਾਈ ਗੌਰਮਿੰਟ ਕਾਲਜ ਲਾਹੌਰ; ਵਕਾਲਤ ਦੀ ਪੜ੍ਹਾਈ ਕਿੰਗਜ਼ ਕਾਲਜ ਲੰਡਨ ਤੇ ਸੇਂਟ ਸਟੀਫ਼ਨ ਕਾਲਜ ਦਿੱਲੀ ਤੋਂ ਕੀਤੀ।

ਉਨ੍ਹਾਂ ਦਾ ਚਾਚਾ ਉੱਜਲ ਸਿੰਘ ਪੰਜਾਬ ਅਤੇ ਤਾਮਿਲਨਾਡੂ ਦਾ ਗਵਰਨਰ ਰਹਿ ਚੁੱਕਾ ਹੈ। ਉਨ੍ਹਾਂ ਦੇ ਦੋ ਬੱਚੇ ਹਨ- ਬੇਟਾ ਰਾਹੁਲ ਸਿੰਘ ਅਤੇ ਬੇਟੀ ਮਾਲਾ ਸਿੰਘ। ਹਿੰਦੀ ਫਿਲਮ-ਅਭਿਨੇਤਰੀ ਅੰਮ੍ਰਿਤਾ ਸਿੰਘ ਉਨ੍ਹਾਂ ਦੇ ਭਰਾ ਦਲਜੀਤ ਸਿੰਘ ਦੇ ਲੜਕੇ/ਨੂੰਹ ਸ਼ਵਿੰਦਰ ਸਿੰਘ/ਰੁਖ਼ਸਾਨਾ ਸੁਲਤਾਨਾ ਦੀ ਧੀ ਹੈ। ਉਨ੍ਹਾਂ ਦੀ ਪੜ-ਭਤੀਜੀ ਟਿਸਕਾ ਚੋਪੜਾ ਵੀ ਇਕ ਜਾਣੀ-ਪਛਾਣੀ ਟੀ.ਵੀ. ਅਭਿਨੇਤਰੀ ਹੈ।

ਆਪਣੇ ਮੁੱਢਲੇ ਨਾਂ ਮੁਤਾਬਿਕ ਖ਼ੁਸ਼ਵੰਤ ਦਾ ਪਰਿਵਾਰ ਇਕ ਖ਼ੁਸ਼ਹਾਲ ਪਰਿਵਾਰ ਸੀ। ਉਨ੍ਹਾਂ ਦੇ ਪਿਤਾ ਜੀ ਇਕ ਠੇਕੇਦਾਰ ਅਤੇ ਬਿਲਡਰ ਸਨ। 1945 ਵਿਚ ਉਨਾਂ ਦੇ ਪਿਤਾ ਨੇ ਦਾਦੇ ਦੇ ਨਾਂ 'ਤੇ ਦਿੱਲੀ ਵਿਚ 'ਸੁਜਾਨ ਸਿੰਘ ਪਾਰਕ' ਨਾਂ ਦੀ ਕਾਲੋਨੀ ਬਣਾਈ, ਜੋ ਖ਼ਾਨ ਮਾਰਕੀਟ ਦੇ ਨੇੜੇ ਹੈ। ਇਥੇ ਹੀ ਖ਼ੁਸ਼ਵੰਤ ਸਿੰਘ ਨੇ ਆਪਣੀ ਪੂਰੀ ਜ਼ਿੰਦਗੀ ਬਿਤਾਈ।

ਖ਼ੁਸ਼ਵੰਤ ਸਿੰਘ ਨੇ ਮੁੱਖ ਤੌਰ 'ਤੇ ਹੇਠ ਲਿਖੇ ਕਾਰਜ ਕੀਤੇ:

* 1939-47 ਦੌਰਾਨ ਉਹ ਹਾਈਕੋਰਟ ਲਾਹੌਰ ਵਿਚ ਵਕੀਲ ਰਹੇ।
* 1947-51 ਦੌਰਾਨ ਉਨ੍ਹਾਂ ਨੇ ਆਜ਼ਾਦ ਭਾਰਤ ਵਿਚ ਇਕ ਅੰਬੈਸਡਰ ਵਜੋਂ ਟੋਰਾਂਟੋ (ਕੈਨੇਡਾ) ਅਤੇ ਓਟਾਵਾ (ਲੰਡਨ) ਵਿਖੇ ਕੰਮ ਕੀਤਾ।
* 1951 ਵਿਚ ਉਨ੍ਹਾਂ ਨੇ ਆਲ ਇੰਡੀਆ ਰੇਡੀਓ ਤੋਂ ਇਕ ਪੱਤਰਕਾਰ ਵਜੋਂ ਕਰੀਅਰ ਸ਼ੁਰੂ ਕੀਤਾ।
* 1951-53 ਦੌਰਾਨ ਉਹ 'ਯੋਜਨਾ' (ਭਾਰਤ ਸਰਕਾਰ) ਪੱਤ੍ਰਿਕਾ ਦੇ ਸੰਸਥਾਪਕ ਤੇ ਸੰਪਾਦਕ ਬਣੇ।
* 1956 ਵਿਚ ਉਨ੍ਹਾਂ ਨੇ ਪੈਰਿਸ ਵਿਖੇ 'ਯੂਨੈਸਕੋ' ਦੇ ਲੋਕ ਸੰਪਰਕ ਵਿਭਾਗ ਵਿਚ ਕੰਮ ਕੀਤਾ।
* 1969-78 ਦੌਰਾਨ ਉਹ ਇਲਸਟ ?ੇਰਟਿਡ ਵੀਕਲੀ ਆਫ ਇੰਡੀਆ, ਬਾਂਬੇ ਦੇ ਸੰਪਾਦਕ ਰਹੇ।
* 1978-79 ਦੌਰਾਨ ਉਨ੍ਹਾਂ ਨੇ ਨੈਸ਼ਨਲ ਹੈਰਾਲਡ, ਨਵੀਂ ਦਿੱਲੀ ਦੇ ਮੁੱਖ ਸੰਪਾਦਕ ਵਜੋਂ ਕੰਮ ਕੀਤਾ। ਉਨ੍ਹਾਂ ਦੇ ਕਾਰਜਕਾਲ ਦੌਰਾਨ ਇਲਸਟ ?ੇਰਟਿਡ ਵੀਕਲੀ ਦੀ ਛਪਣ ਗਿਣਤੀ 65,000 ਤੋਂ ਵਧ ਕੇ 40,00,00 ਹੋ ਗਈ।

ਕਿਤਾਬਾਂ ਦੀ ਰਚਨਾ

ਖ਼ੁਸ਼ਵੰਤ ਸਿੰਘ ਨੇ ਗਲਪ ਅਤੇ ਇਤਿਹਾਸ ਵਿਚ ਬਹੁਤ ਸਾਰੀਆਂ ਕਿਤਾਬਾਂ ਦੀ ਰਚਨਾ ਕੀਤੀ। ਉਨ੍ਹਾਂ ਦੀਆਂ ਪ੍ਰਤੀਨਿਧ ਕਿਤਾਬਾਂ ਵਿਚ 'ਟ ?ਰੇਨ ਟੂ ਪਾਕਿਸਤਾਨ' (ਨਾਵਲ) ਸ਼ਾਮਲ ਹੈ, ਜਿਸ ਨੂੰ ਅੰਤਰਰਾਸ਼ਟਰੀ ਪ੍ਰਸਿੱਧੀ ਮਿਲੀ ਤੇ 1954 ਵਿਚ 'ਗਰੁਵ ਪ੍ਰੈੱਸ ਅਵਾਰਡ' ਮਿਲਿਆ।

ਇਸ ਨਾਵਲ ਵਿਚ 1947 ਦੀ ਭਾਰਤ-ਪਾਕਿ ਵੰਡ ਦੇ ਦਰਦਨਾਕ ਬਿਆਨ ਨੂੰ ਚਿੱਤਰਿਆ ਗਿਆ ਹੈ। ਇਸ ਨਾਵਲ ਉੱਤੇ 1998 ਵਿਚ ਫਿਲਮ ਵੀ ਬਣ ਚੁੱਕੀ ਹੈ। ਉਨ੍ਹਾਂ ਦੀ ਇਕ ਹੋਰ ਕਿਤਾਬ ਹੈ- 'ਵਾਈ ਆਈ ਸਪੋਰਟ ਐਮਰਜੈਂਸੀ', ਜਿਸ ਵਿਚ ਭਾਰਤ ਦੀ ਐਮਰਜੈਂਸੀ ਬਾਰੇ ਲਿਖੇ ਵੱਖੋ-ਵੱਖਰੇ ਨਿਬੰਧ ਹਨ। ਨਾਵਲ ਵਜੋਂ ਚਰਚਿਤ ਉਨ੍ਹਾਂ ਦੀ ਇਕ ਹੋਰ ਅੰਗਰੇਜ਼ੀ ਦੀ ਕਿਤਾਬ ਹੈ 'ਦੇਹਲੀ'।

ਸਿੱਖ ਰਾਜ ਅਤੇ ਸਿੱਖ/ਭਾਰਤੀ ਇਤਿਹਾਸ ਸਬੰਧੀ ਵੀ ਉਨ੍ਹਾਂ ਦੀ ਪਕੜ ਕਾਫੀ ਮਜ਼ਬੂਤ ਸੀ। ਇਸ ਸਬੰਧੀ ਉਨ੍ਹਾਂ ਦੀਆਂ ਬਹੁਤ ਸਾਰੀਆਂ ਕਿਤਾਬਾਂ ਮਿਲਦੀਆਂ ਹਨ- 'ਰਣਜੀਤ ਸਿੰਘ : ਦ ਮਹਾਰਾਜਾ ਆਫ ਪੰਜਾਬ', 'ਦ ਫਾਲ ਆਫ ਕਿੰਗਡਮ ਆਫ ਦ ਪੰਜਾਬ', 'ਗ਼ਦਰ 1915 : ਇੰਡੀਆ'ਜ਼ ਆਰਮਡ ਰੈਵੋਲੂਸ਼ਨ', 'ਇੰਡੀਆ : ਐਨ ਇੰਟ ?ੋਰਡਕਸ਼ਨ', 'ਦ ਹਿਸਟਰੀ ਆਫ ਦ ਸਿੱਖਜ਼', 'ਦ ਸਿੱਖਜ਼ ਟੂਡੇ', 'ਦ ਇਲਸਟ ?ੇਰਟਿਡ ਹਿਸਟਰੀ ਆਫ ਦ ਸਿੱਖਜ਼' ਆਦਿ।

ਖ਼ੁਸ਼ਵੰਤ ਸਿੰਘ ਵੱਲੋਂ ਲਿਖੀਆਂ ਹੋਰ ਕਿਤਾਬਾਂ ਵਿਚ 'ਆਈ ਸ਼ੈੱਲ ਨਾਟ ਹੀਅਰ ਦ ਨਾਈਟਿੰਗੇਲ', 'ਪੋਰਟਰੇਟ ਆਫ ਏ ਲੇਡੀ', 'ਟਰੁੱਥ, ਲਵ ਐਂਡ ਏ ਲਿਟਲ ਮੈਲਿਸ', 'ਸੈਕਸ, ਸਕਾਚ ਐਂਡ ਸਕਾਲਰਸ਼ਿਪ', 'ਇਨ ਦ ਕੰਪਨੀ ਆਫ ਵਿਮੈੱਨ', 'ਦ ਮਾਰਕ ਆਫ ਵਿਸ਼ਨੂੰ ਐਂਡ ਅਦਰ ਸਟੋਰੀਜ਼', 'ਦ ਵਾਇਸ ਆਫ ਗੌਡ ਐਂਡ ਅਦਰ ਸਟੋਰੀਜ਼, 'ਏ ਬਰਾਈਡ ਫਾਰ ਦ ਸਾਹਿਬ ਐਂਡ ਅਦਰ ਸਟੋਰੀਜ਼', 'ਬਲੈਕ ਜੈਸਮੀਨ', ਨੌਟ ਏ ਨਾਈਸ ਮੈਨ ਟੂ ਨੋਅ : ਦ ਬੈਸਟ ਆਫ ਖ਼ੁਸ਼ਵੰਤ ਸਿੰਘ', 'ਦ ਇੰਡੀਅਨਜ਼', 'ਵਿਮੈੱਨ ਐਂਡ ਮੈੱਨ ਇਨ ਮਾਈ ਲਾਈਫ', 'ਡਿਕਲੇਅਰਿੰਗ ਲਵ ਇਨ ਫੋਰ ਲੈਂਗੁਏਜਿਜ਼' (ਸ਼ਾਰਦਾ ਕੌਸ਼ਿਕ ਨਾਲ ਮਿਲ ਕੇ), 'ਵਿਦ ਮੈਲਿਸ ਟੁਵਾਰਡਜ਼ ਵਨ ਐਂਡ ਆਲ', 'ਦ ਐਂਡ ਆਫ ਇੰਡੀਆ', 'ਬਰੀਅਲ ਐਟ ਦ ਸੀ', 'ਪੈਰਾਡਾਈਜ਼ ਐਂਡ ਅਦਰ ਸਟੋਰੀਜ਼', 'ਡੈੱਥ ਐਟ ਮਾਈ ਡੋਰਸਟੈੱਪ', 'ਦ ਸਨਸੈੱਟ ਕਲੱਬ', 'ਐਗਨਾਸਟਿਕ ਖ਼ੁਸ਼ਵੰਤ : ਦਿਅਰ ਇਜ਼ ਨੋ ਗੌਡ' ਆਦਿ ਸ਼ਾਮਿਲ ਹਨ।'

98 ਸਾਲ ਦੀ ਉਮਰ (ਅਕਤੂਬਰ 2013) ਵਿਚ ਲਿਖੀ 'ਦ ਗੁੱਡ, ਦ ਬੈਡ ਐਂਡ ਦ ਰਿਡੀਕੁਲਸ' (ਹੁਮਰਾ ਕੁਰੈਸ਼ੀ ਨਾਲ ਮਿਲ ਕੇ) ਉਨ੍ਹਾਂ ਦੀ ਆਖਰੀ ਕਿਤਾਬ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਲਿਖਣਾ ਬੰਦ ਕਰ ਦਿੱਤਾ ਸੀ।

ਖ਼ੁਸ਼ਵੰਤ ਸਿੰਘ ਨੂੰ ਮਿਲੇ ਕੁਝ ਇਕ ਪ੍ਰਮੁੱਖ ਸਨਮਾਨ/ਪੁਰਸਕਾਰ ਇਸ ਤਰ੍ਹਾਂ ਹਨ:

* 1974 ਵਿਚ 'ਪਦਮਸ਼੍ਰੀ', ਜੋ ਉਨ੍ਹਾਂ ਨੇ ਹਰਿਮੰਦਰ ਸਾਹਿਬ 'ਤੇ ਹੋਏ ਭਾਰਤੀ ਫੌਜ ਦੇ ਹਮਲੇ ਦੇ ਰੋਸ ਵਜੋਂ 1984 ਵਿਚ ਵਾਪਸ ਕਰ ਦਿੱਤਾ ਸੀ।
* 1999 ਵਿਚ ਪੰਜਾਬ ਸਰਕਾਰ ਵਲੋਂ ਖਾਲਸਾ ਪੰਥ ਦੀ ਤ੍ਰੈ-ਸ਼ਤਾਬਦੀ ਮੌਕੇ 'ਨਿਸ਼ਾਨੇ-ਖਾਲਸਾ' ਪ੍ਰਦਾਨ ਕੀਤਾ ਗਿਆ।
* 2006 ਵਿਚ ਪੰਜਾਬ ਸਰਕਾਰ ਵੱਲੋਂ 'ਪੰਜਾਬ ਰਤਨ' ਅਵਾਰਡ ਦਿੱਤਾ ਗਿਆ।
* 2007 'ਚ ਭਾਰਤ ਸਰਕਾਰ ਵੱਲੋਂ 'ਪਦਮ ਵਿਭੂਸ਼ਣ' ਪ੍ਰਦਾਨ ਕੀਤਾ ਗਿਆ।
* 2008 ਵਿਚ ਪ੍ਰਤਿਭਾਸ਼ੀਲ ਲੇਖਨ ਲਈ 'ਸੁਲਭ ਇੰਟਰਨੈਸ਼ਨਲ ਸੋਸ਼ਲ ਸਰਵਿਸ' ਵਲੋਂ 'ਆਨੈਸਟ ਮੈਨ ਆਫ ਦ ਯੀਅਰ ਅਵਾਰਡ' ਦਿੱਤਾ ਗਿਆ।
* 2010 ਵਿਚ ਸਾਹਿਤ ਅਕਾਦਮੀ ਫੈਲੋਸ਼ਿਪ ਪ੍ਰਦਾਨ ਕੀਤੀ ਗਈ।
* 2012 ਵਿਚ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ 'ਅਖਿਲ ਭਾਰਤੀ ਘੱਟਗਿਣਤੀ ਫੋਰਮ ਵਾਰਸ਼ਿਕ ਫੈਲੋਸ਼ਿਪ ਅਵਾਰਡ' ਪ੍ਰਦਾਨ ਕੀਤਾ।
* 2013 ਵਿਚ ਟਾਟਾ ਲਿਟਰੇਚਰ ਲਾਈਫ ਵਲੋਂ 'ਲਾਈਫਟਾਈਮ ਅਚੀਵਮੈਂਟ ਅਵਾਰਡ' ਪ੍ਰਦਾਨ ਕੀਤਾ ਗਿਆ।
* 2014 ਵਿਚ ਕਿੰਗਜ਼ ਕਾਲਜ, ਲੰਡਨ ਨੇ ਫੈਲੋ ਵਜੋਂ ਨਾਮਜ਼ਦ ਕੀਤਾ।
* 2016 ਵਿਚ (ਮੌਤ ਪਿੱਛੋਂ) ਉਨ੍ਹਾਂ ਦਾ ਨਾਂ ਲਿਮਕਾ ਬੁੱਕ ਆਫ ਰਿਕਾਰਡਜ਼ ਵਿਚ ਸ਼ਾਮਲ ਕੀਤਾ ਗਿਆ।

20 ਮਾਰਚ 2014 ਨੂੰ ਦਿੱਲੀ ਵਿਖੇ ਆਪਣੇ ਨਿਵਾਸ ਸਥਾਨ 'ਤੇ 99 ਸਾਲ ਦੀ ਉਮਰ ਵਿਚ ਉਨ੍ਹਾਂ ਦਾ ਦਿਹਾਂਤ ਹੋ ਗਿਆ। ਉਨ੍ਹਾਂ ਨੇ 1943 ਵਿਚ ਹੀ ਆਪਣਾ 'ਸ਼ੋਕ ਸੰਦੇਸ਼' ਲਿਖ ਦਿੱਤਾ ਸੀ, ਇਕ ਕਹਾਣੀ ਦੇ ਰੂਪ ਵਿਚ, ਜਿਸ ਦਾ ਸਿਰਲੇਖ ਸੀ : 'ਸਰਦਾਰ ਖ਼ੁਸ਼ਵੰਤ ਸਿੰਘ ਡੈੱਡ' (ਖ਼ੁਸ਼ਵੰਤ ਸਿੰਘ ਦੀ ਮੌਤ), ਜਿਸ ਦਾ ਪੰਜਾਬੀ ਅਨੁਵਾਦ ਇਸ ਤਰ੍ਹਾਂ ਹੈ : ÷ਸਾਨੂੰ ਇਹ ਦੱਸਦਿਆਂ ਡੂੰਘਾ ਅਫਸੋਸ ਹੋ ਰਿਹਾ ਹੈ ਕਿ ਸਰਦਾਰ ਖ਼ੁਸ਼ਵੰਤ ਸਿੰਘ ਦਾ ਬੀਤੀ ਸ਼ਾਮ 6 ਵਜੇ ਦਿਹਾਂਤ ਹੋ ਗਿਆ ਹੈ। ਉਹ ਆਪਣੇ ਪਿੱਛੇ ਜਵਾਨ ਵਿਧਵਾ ਅਤੇ ਦੋ ਛੋਟੇ ਬੱਚੇ ਛੱਡ ਗਿਆ ਹੈ। ਉਹਦੇ ਘਰ ਅਫਸੋਸ ਪ੍ਰਗਟ ਕਰਨ ਵਾਲਿਆਂ ਵਿਚ ਚੀਫ ਜਸਟਿਸ ਦਾ ਪੀ. ਏ., ਬਹੁਤ ਸਾਰੇ ਮੰਤਰੀ ਅਤੇ ਹਾਈਕੋਰਟ ਦੇ ਬਹੁਤ ਸਾਰੇ ਵਕੀਲ ਸ਼ਾਮਲ ਸਨ। ਉਨ੍ਹਾਂ ਦਾ ਚਰਚਿਤ ਕਾਲਮ 'ਨਾ ਕਾਹੂੰ ਸੇ ਦੋਸਤੀ, ਨਾ ਕਾਹੂੰ ਸੇ ਬੈਰ' ('ਵਿਦ ਮੈਲਿਸ ਟੁਵਾਰਡਜ਼ ਵਨ ਐਂਡ ਆਲ') ਕਈ ਸਾਲਾਂ ਤੱਕ ਭਾਰਤ ਦੀਆਂ ਵੱਖ-ਵੱਖ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੁੰਦਾ ਰਿਹਾ। ਉਨ੍ਹਾਂ ਨੇ ਆਪਣੇ ਵਿਅੰਗ ਲੇਖਨ ਦੇ ਮਾਧਿਅਮ ਰਾਹੀਂ ਪਾਠਕਾਂ ਦਾ ਭਰਪੂਰ ਮਨੋਰੰਜਨ ਕੀਤਾ। ਉਹ ਖ਼ੁਦ 'ਤੇ ਵਿਅੰਗ ਕਰਨ ਵਾਲੇ ਇਕ ਜ਼ਿੰਦਾਦਿਲ ਭਾਰਤੀ ਲੇਖਕ ਸਨ। ਭਾਰਤੀ ਲੇਖਕਾਂ ਤੇ ਪੱਤਰਕਾਰਾਂ 'ਚੋਂ ਸਭ ਤੋਂ ਮੂਹਰੇ ਰਹਿਣ ਵਾਲੇ ਖ਼ੁਸ਼ਵੰਤ ਸਿੰਘ ਅੰਗਰੇਜ਼ੀ ਭਾਸ਼ਾ ਦੇ ਇਕ ਪ੍ਰਸਿੱਧ ਉੱਤਰ-ਬਸਤੀਵਾਦੀ ਲੇਖਕ ਸਨ, ਜੋ ਇਕ ਧਰਮ-ਨਿਰਪੱਖ ਪਰ ਮਜ਼ਾਕੀਆ ਸਾਹਿਤਕਾਰ ਸਨ।

# ਨੈਤਿਕਤਾ ਤੋਂ ਸੱਖਣੇ ਮਨੁੱਖ

ਨਵਜੋਤ ਕੌਰ ਪੰਜਾਬੀ ਅਧਿਆਪਕ
ਸ.ਸ.ਸ.ਗਿਆਨਾ

ਨੈਤਿਕ ਕਦਰਾਂ ਕੀਮਤਾਂ ਅਤੇ ਜਜ਼ਬਾਤਾਂ ਤੋ ਸੱਖਣੇ ਮਨੁੱਖ ਸਮਾਜ ਦਾ ਕਦੇ ਵੀ ਭਲਾ ਨਹੀਂ ਕਰ ਸਕਦੇ। ਅੱਜ ਦੇ ਯੁੱਗ ਵਿੱਚ ਅਸੀਂ ਬੱਚਿਆਂ ਨੂੰ ਸਿਰਫ਼ ਡਾਕਟਰ ਇੰਜੀਨੀਅਰ ਤਾਂ ਬਣਾ ਰਹੇ ਹਾਂ ਪਰ ਉਹਨਾਂ ਦੇ ਭਾਵਨਾਤਮਕ ਅਤੇ ਨੈਤਿਕ ਪੱਧਰ ਵਿੱਚ ਨਿਘਾਰ ਪੈਦਾ ਹੋ ਰਿਹਾ ਹੈ। ਅਸੀਂ ਵਿਦਿਆਰਥੀਆਂ ਦੀ ਸਿਰਫ਼ ਅਕਾਦਮਿਕ ਕਾਮਯਾਬੀ ਨੂੰ ਹੀ ਮਹੱਤਵ ਦੇ ਰਹੇ ਹਾਂ। ਬਹੁਤੇ ਲੋਕਾਂ ਦੀ ਸੋਚ ਇਹ ਹੈ ਕਿ ਅਕਾਦਮਿਕ ਰੂਪ ਵਿੱਚ ਕਾਮਯਾਬ ਬੱਚੇ ਹੀ ਆਪਣੇ ਜੀਵਨ ਪੱਧਰ ਵਿੱਚ ਸਫਲ ਹੋ ਸਕਦੇ ਹਨ ਜਦੋਂ ਕਿ ਅਕਾਦਮਿਕ ਤੋ ਵੀ ਜ਼ਿਆਦਾ ਬੱਚੇ ਦਾ ਸਮਾਜਿਕ ਅਤੇ ਨੈਤਿਕ ਪੱਖ ਮਜ਼ਬੂਤ ਹੋਣਾ ਜ਼ਰੂਰੀ ਹੈ, ਪਰ ਇਸ ਪੱਖ ਨੂੰ ਬਿਲਕੁਲ ਅਣਗੌਲ਼ਿਆ ਕੀਤਾ ਹੋਇਆ ਹੈ। ਮਾਪਿਆਂ ਦਾ ਧਿਆਨ ਵੀ ਆਪਣੇ ਬੱਚਿਆਂ ਦੇ ਸਿਰਫ਼ ਨੰਬਰਾਂ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਸਾਡੇ ਬੱਚੇ ਨੈਤਿਕ ਪੱਖ ਤੋ ਬਹੁਤ ਕਮਜ਼ੋਰ ਹੁੰਦੇ ਜਾ ਰਹੇ ਹਨ। ਸਮਾਜ ਦੀ ਚਕਾ ਚੋਂਧ ਵਿੱਚ ਖੁੱਭੇ ਬੱਚਿਆਂ ਨੂੰ ਸਿਰਫ਼ ਪੈਸਾ ਹੀ ਸਭ ਕੁਝ ਲੱਗਦਾ ਹੈ। ਸੋਸ਼ਲ ਮੀਡੀਆ ਅਤੇ ਦਿਖਾਵੇ ਦੀ ਪ੍ਰਵਿਰਤੀ ਕਾਰਨ ਉਨ੍ਹਾਂ ਦੀ ਸੋਚ ਬਹੁਤ ਅਮੀਰ ਲੋਕਾਂ ਨੂੰ ਦੇਖਣ ਵਾਲੀ ਹੋ ਗਈ ਹੈ। ਇਸ ਕਰਕੇ ਉਨ੍ਹਾਂ ਦੇ ਸੁਪਨੇ ਅਤੇ ਇੱਛਾਵਾਂ ਸਿਰਫ਼ ਇਸ ਮ੍ਰਿਗ ਤ੍ਰਿਸ਼ਨਾ ਵਰਗੀ ਜ਼ਿੰਦਗੀ ਲੱਭਣ ਵਿੱਚ ਲੱਗੀਆਂ ਹੋਈਆਂ ਹਨ। ਆਪਣੇ ਮਾਂ ਬਾਪ ਭੈਣ ਭਰਾਵਾਂ ਸਕੇ ਸੰਬੰਧੀਆਂ ਨਾਲ ਪਿਆਰ ਉਹਨਾਂ ਦੀਆਂ ਭਾਵਨਾਵਾਂ ਨੂੰ ਸਮਝਣਾ ਬਹੁਤ ਦੂਰ ਦੀ ਗੱਲ ਹੈ ਉਨ੍ਹਾਂ ਨੂੰ ਆਪਣੀਆਂ ਖ਼ੁਦ ਦੀਆਂ ਭਾਵਨਾਵਾਂ ਵੀ ਵਿਅਕਤ ਕਰਨੀਆਂ ਨਹੀਂ ਆਉਂਦੀਆਂ। ਵੱਡਿਆਂ ਦਾ ਸਤਿਕਾਰ ਵੱਡਿਆਂ ਨਾਲ ਗੱਲਬਾਤ ਕਰਨ ਦਾ ਢੰਗ ਤਰੀਕਾ ਉੱਠਣ ਬੈਠਣ ਅਤੇ ਬੋਲਣ ਦਾ ਸਲੀਕਾ ਅਤੇ ਕਿਸੇ ਕੰਮ ਵਿੱਚ ਪਰਪੱਕਤਾ ਇਹਨਾਂ ਸਭ ਚੀਜ਼ਾਂ ਤੋ ਬੱਚੇ ਕੋਹਾਂ ਦੂਰ ਹਨ। ਕਿਉਂਕਿ ਇਹਨਾਂ ਚੀਜ਼ਾਂ ਨਾਲ ਉਹਨਾਂ ਦਾ ਕੋਈ ਵਾਹ ਵਾਸਤਾ ਨਹੀਂ ਹੈ। ਉਹਨਾਂ ਦਾ ਜ਼ਿਆਦਾ ਸਮਾਂ ਸੋਸ਼ਲ ਮੀਡੀਆ ਤੇ ਨਿਕਲਣ ਕਾਰਨ ਉਹ ਇਸ ਰੰਗੀਨ ਦੁਨੀਆ ਵਿੱਚ ਹੀ ਖੋਏ ਰਹਿੰਦੇ ਹਨ। ਉੱਥੋਂ ਵੀ ਬੱਚੇ ਸਿਰਫ਼ ਨੱਚਣਾ-ਟੱਪਣਾ ਮੇਕਅਪ ਕਰਨੇ, ਫ਼ੈਸ਼ਨ ਕਰਨੇ ਆਦਿ ਹੀ ਸਿੱਖ ਰਹੇ ਹਨ। ਇੱਥੋਂ ਤੱਕ ਕਿ ਵਿੱਦਿਅਕ ਅਦਾਰਿਆਂ ਵਿੱਚ ਵੀ ਬਹੁਤੇ ਪ੍ਰੋਗਰਾਮ ਨੱਚਣ ਟੱਪਣ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ। ਹਰ ਬੱਚਾ ਹਰ ਗੀਤ ਤੇ ਨੱਚ ਸਕਦਾ ਹੈ ਪਰ ਜੇਕਰ ਉਹਨਾਂ ਹੀ ਬੱਚਿਆਂ ਨੂੰ ਸਮਾਜਿਕ ਨੈਤਿਕ ਸਿੱਖਿਆ ਸੰਬੰਧੀ ਮੁੱਦਿਆਂ ਉੱਤੇ ਭਾਸ਼ਣ ਜਾਂ ਡਿਬੇਟ ਕਰਨ ਦੀ ਗੱਲ ਕੀਤੀ ਜਾਵੇ ਤਾਂ ਉਹ ਇਸ ਵਿੱਚ ਅਸਮਰਥ ਹਨ। ਸਹਿਜਤਾ ਦਾ ਗੁਣ ਤਾਂ ਅੱਜ ਦੇ ਸਿਰਫ਼ ਬੱਚਿਆਂ ਵਿੱਚ ਹੀ ਨਹੀਂ ਪੂਰੀ ਮਨੁੱਖਤਾ ਵਿੱਚ ਹੀ ਖ਼ਤਮ ਹੁੰਦਾ ਜਾ ਰਿਹਾ। ਮਨੁੱਖ ਵਿੱਚ ਇਨ੍ਹਾਂ ਜ਼ਿਆਦਾ ਕਾਹਲਾਪਣ ਹੋ ਗਿਆ ਹੈ ਕਿ ਅਸੀਂ ਚਾਹੁੰਦੇ ਹਾਂ ਕਿ ਸਾਡਾ ਹਰ ਕੰਮ ਮਿੰਟਾਂ ਸਕਿੰਟਾਂ ਵਿੱਚ ਹੋ ਜਾਵੇ। ਜਦੋਂ ਇਸ ਤਰ੍ਹਾਂ ਨਹੀਂ ਹੁੰਦਾ ਤਾਂ ਮਾਨਸਿਕ ਪ੍ਰੇਸ਼ਾਨੀਆਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਜਿੰਨਾ ਸਮਾਂ ਬੱਚਿਆਂ ਦੇ ਮਾਤਾ ਪਿਤਾ ਵਿੱਚ ਸਹਿਜਤਾ ਨਹੀਂ ਇਨ੍ਹਾਂ ਸਮਾਂ ਬੱਚਿਆਂ ਤੋ ਸਹਿਜਤਾ ਦੀ ਉਮੀਦ ਹੀ ਕੀਤੀ ਨਹੀਂ ਜਾ ਸਕਦੀ। ਜਿਸ ਕਾਰਨ ਛੋਟੇ ਛੋਟੇ ਬੱਚੇ ਮਾਨਸਿਕ ਤਨਾਂ ਝੱਲ ਰਹੇ ਹਨ। ਸਹਿਜਤਾ ਹੀ ਸੁੰਦਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਗੱਲ ਕਰਨ ਦੀ ਯੋਗਤਾ ਹੈ ਅਤੇ ਇਹ ਦਿਲ ਅਤੇ ਮਨ ਵਿੱਚ ਇਕਾਤਮਿਕ ਸਥਿਰਤਾ ਦੀ ਅਵਸਥਾ ਹੈ। ਇਸ ਨਾਲ ਹੀ ਬੱਚੇ ਜੀਵਨ ਵਿੱਚ ਆਉਣ ਵਾਲੀਆਂ ਕਠਨਾਈਆਂ ਦਾ ਸਾਹਮਣਾ ਕਰਨ ਦੇ ਯੋਗ ਹੋ ਸਕਦੇ ਹਨ ਅਤੇ ਇਸ ਦੇ ਨਾਲ ਨਾਲ ਬੱਚਿਆਂ ਵਿੱਚ ਨੈਤਿਕ ਗੁਣ ਹੋਣੇ ਬਹੁਤ ਜ਼ਰੂਰੀ ਹਨ। ਨੈਤਿਕਤਾ ਨਾਲ ਬੱਚਿਆਂ ਵਿੱਚ ਸਹੀ ਗ਼ਲਤ ਦੀ ਪਹਿਚਾਣ ਕਰਨ ਦੀ ਸਮਰੱਥਾ ਹੀ ਨਹੀਂ ਵਧਦੀ ਸਗੋਂ ਉਨ੍ਹਾਂ ਵਿੱਚ ਮਨੁੱਖਤਾ, ਸਹਿਣਸ਼ੀਲਤਾ, ਸਹਿਜਤਾ ਅਤੇ ਜ਼ਿੰਮੇਵਾਰੀ ਦੇ ਗੁਣ ਵੀ ਆਉਂਦੇ ਹਨ। ਇਸ ਤੋਂ ਬਗੈਰ ਬੱਚੇ ਸਿਰਫ਼ ਕਿਤਾਬੀ ਗਿਆਨੀ ਸਿੱਧ ਹੋ ਸਕਦੇ ਹਨ ਪਰ ਉਹਨਾਂ ਵਿੱਚ ਮਨੁੱਖੀ ਸੰਵੇਦਨਾਵਾਂ ਦੀ ਘਾਟ ਰਹਿ ਜਾਂਦੀ ਹੈ। ਇਹਨਾਂ ਸਾਰੇ ਪੱਖਾਂ ਤੋਂ ਪਰਿਪੱਕ ਬੱਚੇ ਹੀ ਚੰਗੇ ਮਨੁੱਖ ਬਣ ਕੇ ਸਮਾਜ ਵਿੱਚ ਇੱਕ ਸੁਚੱਜੇ ਨਾਗਰਿਕ ਵਜੋਂ ਆਪਣਾ ਯੋਗਦਾਨ ਪਾ ਸਕਦੇ ਹਨ।

# ਵਾਤਾਵਰਨ ਨਾਲ ਜੁੜਿਆ ਸੰਸਾਰ ਦਾ ਭਵਿੱਖ

ਵਾਤਾਵਰਨ ਵਿਚ ਫੈਲੇ ਪ੍ਰਦੂਸ਼ਨ ਰਾਹੀਂ ਤੇਜ਼ੀ ਨਾਲ ਆ ਰਹੀ ਮਹਾਂਮਾਰੀ ਤੋਂ ਦੁਨੀਆ ਨੂੰ ਬਚਾਉਣਾ ਸੰਸਾਰ ਲਈ ਗੰਭੀਰ ਮਸਲਾ ਅਤੇ ਚੁਣੌਤੀ ਹੈ। ਵਾਤਾਵਰਨ ਦੀ ਸੁਰੱਖਿਆ ਲਈ ਦੂਜਿਆਂ ਵਲ ਝਾਕਣ ਦੀ ਥਾਂ ਸੰਸਾਰ ਦੇ ਹਰ ਨਾਗਰਿਕ ਨੂੰ ਆਪ ਆਪਣੇ ਲਈ ਜ਼ਿੰਮੇਵਾਰੀ ਮਿਥਣੀ ਚਾਹੀਦੀ ਹੈ। ਸਾਡੇ ਖਿੱਤੇ ਦੇ ਲੋਕ ਗੁਰਮਤਿ ਦਰਸ਼ਨ ਵਿਚੋਂ ਕੇਵਲ ਇਕ ਸਤਰ ਨੂੰ ਸਮਝ ਲੈਣ ਅਤੇ ਇਸ 'ਤੇ ਅਮਲ ਕਰ ਲੈਣ ਤਾਂ ਅਸੀਂ ਸ੍ਰਿਸ਼ਟੀ ਦੀ ਭਲਾਈ ਲਈ ਸਾਰਥਕ ਮਿਸ਼ਨ ਤੋਂ ਖੁੰਝੀ ਹੋਈ ਮਾਨਵਤਾ ਦਾ ਮਾਰਗ ਦਰਸ਼ਨ ਕਰ ਸਕਦੇ ਹਾਂ। ਗੁਰਮਤਿ ਨੇ ਸਾਨੂੰ ਦੱਸਿਆ ਹੈ: ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਪਰ ਅਸੀਂ ਲਾਪ੍ਰਵਾਹੀ ਤੇ ਬੇਦਰਦੀ ਨਾਲ ਇਨ੍ਹਾਂ ਕੁਦਰਤੀ ਤੇ ਕਲਿਆਣਕਾਰੀ ਸੋਮਿਆਂ ਦਾ ਉਜਾੜਾ ਹੀ ਨਹੀਂ ਕਰ ਰਹੇ, ਇਨ੍ਹਾਂ ਨੂੰ ਪ੍ਰਦੂਸ਼ਿਤ ਕਰਕੇ ਨਵੀਆਂ ਤੋਂ ਨਵੀਆਂ ਬਿਮਾਰੀਆਂ ਤੇ ਬੇਵਕਤ ਮੌਤਾਂ ਵੀ ਸਹੇੜ ਰਹੇ ਹਾਂ। ਸੰਸਾਰ ਵਿਚ ਵਾਤਾਵਰਨ ਪ੍ਰਦੂਸ਼ਨ ਦੀ ਸਮੱਸਿਆ ਲੰਮੇ ਸਮੇਂ ਤੋਂ ਬਣੀ ਹੋਈ ਹੈ। ਸੰਨ 1985 ਵਿਚ ਇੰਗਲੈਂਡ ਦੇ ਪ੍ਰਿਥਵੀ ਵਿਗਿਆਨੀ ਜੋਏ ਫਰਮਾਨ ਨੇ ਐਨਟਾਰਕਟਿਕਾ ਦਾ ਸਰਵੇਖਣ ਅਤੇ ਅਧਿਐਨ ਕਰਦੇ ਸਮੇਂ ਦੇਖਿਆ ਕਿ ਧਰਤੀ ਤੋਂ ਤਕਰੀਬਨ 40 ਕਿਲੋਮੀਟਰ 'ਤੇ ਓਜ਼ੋਨ ਦੀ ਪਰਤ ਜੋ ਸੂਰਜ ਦੀਆਂ ਤੇਜ਼ ਕਹਿਰਵਾਨ ਕਿਰਨਾਂ ਨੂੰ ਪੁਣ ਕੇ ਅਤੇ ਠੰਢੀਆਂ ਕਰਕੇ ਧਰਤੀ 'ਤੇ ਭੇਜਦੀ ਹੈ ਅਤੇ ਜਿਹੜੀ ਸਾਡੇ ਜੀਵਨ ਲਈ ਸੁਰੱਖਿਆ ਛਤਰੀ ਦੇ ਸਮਾਨ ਹੈ, ਨਾਂਹ ਪੱਖੀ ਗੈਸਾਂ ਦੇ ਦਬਾਅ ਕਰਕੇ ਪਤਲੀ ਤੇ ਕਮਜ਼ੋਰ ਪੈ ਗਈ ਹੈ ਤੇ ਅੰਟਾਰਕਟਿਕਾ 'ਤੇ ਓਜ਼ੋਨ ਵਿਚ ਵੱਡਾ ਮਘੋਰਾ ਹੋ ਗਿਆ ਹੈ। ਇਹ ਮਘੋਰਾ ਅਮਰੀਕਾ ਦੇ ਘੇਰੇ (ਵਿਆਸ) ਜਿੰਨਾ ਚੌੜਾ ਤੇ ਹਿਮਾਲਿਆ ਪਰਬਤ ਜਿੰਨਾ ਡੂੰਘਾ ਹੈ। ਇਸ ਖੋਜ ਦੀ ਪੁਸ਼ਟੀ ਪਿੱਛੋਂ 1992 ਵਿਚ ਅਮਰੀਕਾ ਦੀ ਪੁਲਾੜ ਏਜੰਸੀ ਨਾਸਾ ਨੇ ਵੀ ਆਪਣੇ ਉਪਗ੍ਰਹਿ ਨਿੰਬੁਸ-7 ਰਾਹੀਂ ਕੀਤੀ। ਵਾਤਾਵਰਨ ਲਈ ਸਭ ਤੋਂ ਵੱਧ ਖਤਰਾ ਈ-ਕਚਰੇ ਅਤੇ ਐਟਮੀ ਕਚਰੇ ਤੋਂ ਹੈ। ਪੁਲਾੜ ਵਿਚ ਛੱਡਿਆ ਜਾਣ ਵਾਲਾ ਇਕ ਅਮਰੀਕੀ ਸ਼ਟਲ ਤਕਰੀਬਨ ਪੌਣੇ ਚਾਰ ਲੱਖ ਟਨ ਕਾਰਬਨ-ਡਾਇਆਕਸਾਈਡ ਗੈਸ ਵਾਤਾਵਰਨ ਵਿਚ ਛੱਡਦਾ ਹੈ ਤੇ ਇੰਨੀ ਗੈਸ ਇਕੋ ਸਮੇਂ ਤਕਰੀਬਨ 10 ਲੱਖ ਟਨ ਓਜ਼ੋਨ ਨੂੰ ਤਬਾਹ ਕਰਨ ਦਾ ਕੰਮ ਕਰਦੀ ਹੈ। ਏਸੀ ਤੇ ਫ੍ਰਿਜਾਂ ਵਿਚ ਵਰਤੋਂ ਲਈ ਕਦੇ ਸੀਐੱਫਸੀ ਗੈਸ ਨੂੰ ਅਮੋਨੀਆ ਦੇ ਬਦਲ ਦੇ ਰੂਪ ਵਿਚ ਤਲਾਸ਼ ਕੀਤਾ ਗਿਆ ਸੀ ਪਰ ਅੱਜ ਏਸੀ ਤੇ ਫ੍ਰਿਜਾਂ ਦਾ ਰੁਝਾਨ ਵਧਣ ਨਾਲ ਇਸ ਗੈਸ ਨੇ ਵੀ ਵੱਡੀ ਪੱਧਰ 'ਤੇ ਵਾਤਾਵਰਨ ਵਿਚ ਗੰਭੀਰ ਸਮੱਸਿਆਵਾਂ ਪੈਦਾ ਕੀਤੀਆਂ ਹਨ। ਭੱਠਿਆਂ, ਮਿੱਲਾਂ, ਕਾਰਖਾਨਿਆਂ ਤੇ ਗੱਡੀਆਂ ਦਾ ਬੇਸ਼ੁਮਾਰ ਧੂੰਆਂ ਹਰ ਥਾਂ ਹਰ ਪਾਸੇ ਨਾਂਹ ਪੱਖੀ ਗੈਸਾਂ ਦੇ ਨਿਕਾਸ ਨਾਲ ਵਧ ਚੜ੍ਹ ਕੇ ਹਿੱਸਾ ਪਾ ਰਿਹਾ ਹੈ। ਪ੍ਰਿਥਵੀ ਵਿਗਿਆਨੀਆਂ ਦੀ ਖੋਜ ਤੇ ਅਨੁਮਾਨ ਅਨੁਸਾਰ ਢਾਈ ਤੋਂ ਤਿੰਨ ਡਿਗਰੀ ਸੈਲਸੀਅਸ ਤਾਪਮਾਨ ਵਿਚ ਹੋਰ ਵਾਧਾ ਹੋ ਜਾਂਦਾ ਹੈ ਤਾਂ ਖੇਤੀ ਦਾ ਖੇਤਰ ਸਭ ਤੋਂ ਵੱਧ ਪ੍ਰਭਾਵਿਤ ਹੋਵੇਗਾ। ਅਜਿਹੀ ਸੂਰਤ ਵਿਚ ਗਾਵਾਂ ਮੱਝਾਂ ਦੇ ਗਰਭ ਨਹੀਂ ਠਹਿਰਨਗੇ। ਬਿਰਛ ਬੂਟਿਆਂ ਨੂੰ ਫੁੱਲ ਤਾਂ ਪੈਣਗੇ ਪਰ ਫੁੱਲਾਂ ਤੋਂ ਫਲ ਨਹੀਂ ਬਣਨਗੇ। ਫ਼ਸਲਾਂ ਦੇ ਸਿੱਟਿਆਂ ਦੀਆਂ ਕੁੱਖਾਂ ਵਿਚ ਦਾਣੇ ਨਹੀਂ ਨਿਕਲਣਗੇ। ਸਭ ਤੋਂ ਵੱਡੀ ਸਮੱਸਿਆ ਅਜਿਹੀ ਗਰਮੀ ਨਾਲ ਗਲੇਸ਼ੀਅਰ ਪਿਘਲਣ ਕਰਕੇ ਆਵੇਗੀ। ਅੱਜ ਸਮੁੱਚੇ ਹਿਮਾਲਿਆ ਖੇਤਰ ਦੇ 30 ਲੱਖ ਹੈਕਟੇਅਰ ਰਕਬੇ ਵਿਚ ਪਏ ਗਲੇਸ਼ੀਅਰ ਸਹਿਜੇ ਸਹਿਜੇ ਖੁਰ ਕੇ ਧਰਤੀ ਤੇ ਵਸਣ ਵਾਲੇ ਜੀਵਨ ਦੀਆਂ ਤਕਰੀਬਨ 2 ਤਿਹਾਈ ਲੋੜਾਂ ਦੀ ਪੂਰਤੀ ਕਰਦੇ ਹਨ। ਇਹ ਏਸ਼ੀਆ ਦੇ ਤਕਰੀਬਨ ਇਕ ਅਰਬ ਲੋਕਾਂ ਦੀ ਪਾਣੀ ਦੀ ਲੋੜ ਪੂਰੀ ਕਰਦੇ ਹਨ। ਇਹ ਪਾਣੀ ਗੰਗਾ, ਬ੍ਰਹਮਪੁੱਤਰ, ਸਿੰਧੂ ਤੇ ਮੇਘਨਾ ਨਦੀਆਂ ਰਾਹੀਂ ਲੋਕਾਂ ਤੱਕ ਪਹੁੰਚਦਾ ਹੈ। ਇਨ੍ਹਾਂ ਦੀ ਕਿਰਪਾ ਕਰਕੇ ਹੀ ਧਰਤੀ ਉਤੇ ਜੀਵਨ ਦੀ ਜੋਤ ਲਗਾਤਾਰ ਜਗ ਰਹੀ ਹੈ

# ਭਾਰਤ ਦਾ ਇੱਕ ਵਿਸ਼ੇਸ਼ ਤਿਉਹਾਰ ਹੋਲੀ



ਹੋਲੀ ਭਾਰਤ ਦਾ ਇੱਕ ਵਿਸੇਸ ਤਿਉਹਾਰ ਹੈ।ਇਸ ਨੂੰ ਰੰਗਾਂ ਦਾ ਤਿਉਹਾਰ ਕਹਿ ਕੇ ਵੀ ਜਾਣਿਆ ਜਾਂਦਾ ਹੈ।ਹੋਲੀ ਦਾ ਤਿਉਹਾਰ ਅਲੱਗ ਅਲੱਗ ਤਰੀਕਿਆਂ ਨਾਲ ਮਨਾਇਆ ਜਾਂਦਾ ਹੈ।ਕਿਤੇ ਲੱਠਮਾਰ ਹੋਲੀ ਹੁੰਦੀ ਹੈ,ਕਿਤੇ ਗੁਲਾਲ ਨਾਲ ਹੋਲੀ ਖੇਡੀ ਜਾਂਦੀ ਹੈ।ਹੋਲੀ ਦਾ ਤਿਉਹਾਰ ਅਸਲ ਵਿੱਚ ਸਾਰੇ ਗੁੱਸੇ ਗਿਲੇ ਭੁਲਾ ਕੇ ਇੱਕ ਹੋ ਜਾਣ ਦਾ ਤਿਉਹਾਰ ਹੈ।ਕੁਦਰਤ ਤਰ੍ਹਾਂ ਤਰ੍ਹਾਂ ਦੇ ਰੰਗਾਂ ਵਿੱਚ ਰੰਗੀ ਹੋਈ ਹੈ।ਫ਼ਰਵਰੀ ਮਾਰਚ ਵਿੱਚ ਤਰ੍ਹਾਂ ਤਰ੍ਹਾਂ ਦੇ ਫੁੱਲ ਖਿੜਦੇ ਹਨ।ਕੁਦਰਤ ਆਪਣੇ ਬਿਹਤਰੀਨ ਰੰਗਾਂ ਦੀ ਨੁਮਾਇਸ਼ ਕਰਦੀ ਹੈ।ਪਹਿਲਾਂ ਫੁੱਲਾਂ ਨਾਲ ਹੀ ਹੋਲੀ ਖੇਡੀ ਜਾਂਦੀ ਸੀ।ਰੰਗ ਬਣਾ ਕੇ ਹੋਲੀ ਖੇਡਣ ਦਾ ਤਰੀਕਾ ਬਾਅਦ ਵਿੱਚ ਅਪਣਾਇਆ ਗਿਆ।ਲਾਲ,ਗੁਲਾਬੀ, ਪੀਲੇ, ਹਰੇ,ਨੀਲੇ,ਕੇਸਰੀ ਅਲੱਗ ਅਲੱਗ ਰੰਗ ਸਾਡੇ ਚਾਰੋਂ ਪਾਸੀਂ ਫੈਲੀ ਹੋਈ ਦਿਖਾਈ ਦਿੰਦੇ ਹਨ।ਖੁੱਲ੍ਹੀ ਇੱਕ ਤਰ੍ਹਾਂ ਨਾਲ ਅਨੇਕਤਾ ਵਿਚ ਏਕਤਾ ਦਾ ਪ੍ਰਤੀਕ ਹੈ।ਜਦੋਂ ਵੱਖ ਵੱਖ ਰੰਗ ਇੱਕ ਦੂਜੇ ਨਾਲ ਜੁੜਦੇ ਹਨ ਤਾਂ ਬੜਾ ਸੁੰਦਰ ਦ੍ਰਿਸ਼ ਸਿਰਜ ਦਿੰਦੇ ਹਨ।ਹੋਲੀ ਵਾਲੇ ਦਿਨ ਦੁਸ਼ਮਣ ਤੇ ਵੀ ਰੰਗ ਪਾ ਦਿੱਤਾ ਜਾਵੇ ਤਾਂ ਉਹ ਗੁੱਸਾ ਨਹੀਂ ਕਰਦਾ।ਇਸੇ ਲਈ ਕਿਹਾ ਜਾਂਦਾ ਹੈ "ਬੁਰਾ ਨਾ ਮੰਨੋ ਹੋਲੀ ਹੈ" ।ਦੀਵਾਲੀ ਦੇ ਤਿਉਹਾਰ ਦਾ ਸਭ ਤੋਂ ਵੱਧ ਅਨੰਦ ਬੱਚਿਆਂ ਨੂੰ ਆਉਂਦਾ ਹੈ।ਕਈ ਦਿਨ ਪਹਿਲਾਂ ਤੋਂ ਹੋਲੀ ਮਨਾਉਣ ਦੀਆਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ।ਬੱਚੇ ਪਿਚਕਾਰੀਆਂ ਖਰੀਦਦੇ ਹਨ।ਤਰ੍ਹਾਂ ਤਰ੍ਹਾਂ ਦੇ ਰੰਗ ਲੈ ਕੇ ਰੱਖਦੇ ਹਨ।ਹੋਲੀ ਵਾਲੇ ਦਿਨ ਪਾਣੀ ਵਿੱਚ ਰੰਗ ਘੋਲ ਕੇ ਪਿਚਕਾਰੀਆਂ ਭਰਦੇ ਹਨ।ਇਨ੍ਹਾਂ ਪਿਚਕਾਰੀਆਂ ਦੇ ਰੰਗੀਨ ਪਾਣੀ ਨਾਲੋਂ ਇੱਕ ਦੂਜੇ ਨੂੰ ਸਰੋਬਾਰ ਕਰ ਦਿੰਦੇ ਹਨ।ਕੀ ਨਿਆਣੇ ਕੀ ਸਿਆਣੇ ਚ ਹੋਲੀ ਦੇ ਰੰਗਾਂ ਵਿੱਚ ਰੰਗੇ ਜਾਂਦੇ ਹਨ।ਤਰ੍ਹਾਂ ਤਰ੍ਹਾਂ ਦੇ ਪਕਵਾਨ ਬਣਾਏ ਜਾਂਦੇ ਹਨ।ਹੋਲੀ ਖੇਡਣ ਤੋਂ ਬਾਅਦ ਮਿਲ ਜੁਲ ਕੇ ਇਨ੍ਹਾਂ ਪਕਵਾਨਾਂ ਦਾ ਸੇਵਨ ਕੀਤਾ ਜਾਂਦਾ ਹੈ।ਹੋਲੀ ਖੁਸ਼ੀਆਂ ਤੇ ਪਿਆਰ ਭਰਿਆ ਤਿਉਹਾਰ ਹੈ।ਜਿਵੇਂ ਹਰ ਤਿਉਹਾਰ ਵਿਚ ਕੁਛ ਨਾ ਕੁਛ ਗਲਤ ਪ੍ਰਚਲਨ ਜੁੜ ਜਾਂਦੇ ਹਨ ਇਸੇ ਤਰ੍ਹਾਂ ਹੋਲੀ ਵਾਲੇ ਦਿਨ ਵੀ ਕੁਝ ਲੋਕ ਮਿੱਟੀ ਜਾਂ ਚਿੱਕੜ ਨਾਲ ਹੋਲੀ ਖੇਡਦੇ ਹਨ।ਇਸ ਤਰ੍ਹਾਂ ਉਹ ਹੋਲੀ ਦੇ ਰੰਗ ਵਿਚ ਭੰਗ ਪਾਉਂਦੇ ਹਨ।ਉਹ ਹੋਲੀ ਦੇ ਰੰਗਾਂ ਨੂੰ ਕਿਰਕਿਰਾ ਕਰਦੇ ਹਨ।ਕੁਝ ਲੋਕ ਜ਼ਬਰਦਸਤੀ ਵੀ ਰੰਗ ਪਾਉਂਦੇ ਹਨ ਜੋ ਕਿ ਚੰਗੀ ਗੱਲ ਨਹੀਂ। ਕਈ ਵਾਰ ਕੁਝ ਵਿਅਕਤੀਗਤ ਤੇ ਕੁਝ ਸਮਾਜਿਕ ਕਾਰਨਾਂ ਕਰਕੇ ਪਰਿਵਾਰ ਹੋਲੀ ਨਹੀਂ ਮਨਾ ਰਿਹਾ ਹੁੰਦਾ ਅਜਿਹੇ ਵਿੱਚ ਉਨ੍ਹਾਂ ਨੂੰ ਜ਼ਬਰਦਸਤੀ ਰੰਗ ਦੇਣਾ ਉਚਿਤ ਨਹੀਂ।ਤਿਉਹਾਰ ਅਸਲ ਵਿੱਚ ਆਪਸੀ ਮੇਲ ਜੋਲ ਨੂੰ ਵਧਾਉਣ ਦਾ ਇੱਕ ਤਰੀਕਾ ਹੁੰਦੇ ਹਨ।ਤਿਉਹਾਰਾਂ ਵਿੱਚ ਅਸੀਂ ਆਪਣੀਆਂ ਖ਼ੁਸ਼ੀਆਂ ਸਾਂਝੀਆਂ ਕਰਦੇ ਹਾਂ।ਅਜਿਹੇ ਮੌਕੇ ਤੇ ਸਾਨੂੰ ਅਜਿਹਾ ਕੋਈ ਵੀ ਕੰਮ ਨਹੀਂ ਕਰਨਾ ਚਾਹੀਦਾ ਜੋ ਦੂਸਰਿਆਂ ਨੂੰ ਤਕਲੀਫ ਦਏ।ਹੋਲੀ ਦੇ ਤਿਉਹਾਰ ਦਾ ਮਕਸਦ ਹੀ ਖ਼ੁਸ਼ੀਆਂ ਤੇ ਖੇੜੇ ਲਿਆਉਣਾ ਹੈ।ਸਰਦੀ ਖਤਮ ਹੋਣ ਤੋਂ ਬਾਅਦ ਬਸੰਤ ਰੁੱਤ ਦੀ ਆਮਦ ਤੇ ਰੰਗਾਂ ਦਾ ਇਹ ਤਿਉਹਾਰ ਮੌਲਦੀ ਬਨਸਪਤੀ ਦੇ ਨਾਲ ਮਨੁੱਖ ਦੇ ਮਨ ਨੂੰ ਵੀ ਮੌਲਣ ਦਾ ਮੌਕਾ ਦਿੰਦਾ ਹੈ।ਤਿਉਹਾਰ ਦੇ ਸਮੇਂ ਵੀ ਤੁਹਾਨੂੰ ਮਰਿਆਦਾ ਕਾਇਮ ਰੱਖਣੀ ਚਾਹੀਦੀ ਹੈ।ਸਾਡੇ ਸੰਜਮ ਨਾਲ ਕੀਤੇ ਵਿਹਾਰ ਨਾਲ ਹੀ ਤਿਉਹਾਰ ਖ਼ੁਸ਼ੀਆਂ ਤੇ ਖੇੜਿਆਂ ਦਾ ਸਬੱਬ ਬਣਦੇ ਹਨ।ਹੋਲੀ ਆ ਰਹੀ ਹੈ।ਆਓ ਤਿਆਰੀਆਂ ਵਿਚ ਜੁੱਟ ਜਾਈਏ।ਰੰਗਾਂ ਦੇ ਇਸ ਤਿਉਹਾਰ ਨੂੰ ਖ਼ੁਸ਼ੀਆਂ ਵੰਡ ਕੇ ਰੰਗੀਨ ਬਣਾਈਏ।

**ਹਰਪ੍ਰੀਤ ਕੌਰ ਸੰਧੂ**

# ਅਲੋਪ ਹੋ ਰਹੇ ਹੌਲੀ ਦੇ ਅਸਲ ਰੰਗ

ਹੋਲੀ ਦਾ ਤਿਉਹਾਰ ਸਰਦੀ ਤੋਂ ਬਆਦ ਫਸਲਾਂ ਦੀ ਸਾਂਭ ਸੰਭਾਲ ਤੇ ਗਰਮੀ ਦੀ ਸ਼ੁਰੂਆਤ 'ਚ ਹੁਲੇ ਹੁਲਾਰੇ ਦੀ ਆਮਦ 'ਤੇ ਮਨਾਇਆ ਜਾਂਦਾ ਹੈ।ਇਸ ਤਿਹਾਰ ਨੂੰ ਹੋਲਕਾ ਨਾਲ ਵੀ ਜੋੜਿਆ ਜਾਂਦਾ ਹੈ, ਰਾਮ ਸੀਤਾ ਨਾਲ ਵੀ ਤੇ ਕ੍ਰਿਸ਼ਨ ਮਹਾਰਾਜ ਨਾਲ ਵੀ। ਵੱਖ-ਵੱਖ ਬੋਲੀਆਂ ਤੇ ਸਭਿਆਚਾਰਾਂ ਦੇ ਦੇਸ਼ ਭਾਰਤ ਵਿੱਚ ਹੋਲੀ ਵੀ ਅਲੱਗ-ਅਲੱਗ ਰਵਾਇਤਾਂ ਤੇ ਢੰਗ ਤਰੀਕਿਆਂ ਨਾਲ ਮਨਾਈ ਜਾਂਦੀ ਹੈ। ਕ੍ਰਿਤੀ ਵੀ ਬੜੀ ਖੁਸ਼ੀ ਵਿਚ ਮਸਤ ਹੋ ਜਾਂਦੀ ਹੈ। ਉਹ ਮਿੱਟੀ ਉਡਾ ਕੇ, ਪੁਰਾਣੇ ਪੱਤੇ ਗਿਰਾ ਕੇ ਅਤੇ ਨਵੇਂ ਫੁੱਲ ਅਤੇ ਪੱਤੇ ਲਹਿਰਾ ਕੇ ਆਪਣੀ ਖ਼ੁਸ਼ੀ ਦਰਸਾ ਕੇ ਬਸੰਤ ਦਾ ਅਭਿਨੰਦਨ ਕਰਦੀ ਹੈ। ਦੇਸ਼ ਦਾ ਅੰਨਦਾਤਾ ਕਿਸਾਨ ਆਪਣੇ ਹਰੇ ਭਰੇ ਖੇਤਾਂ ਨੂੰ ਵੇਖ ਕੇ ਖ਼ੁਸ਼ੀ ਨਾਲ ਨੱਚ ਉਠਦਾ ਹੈ। ਹਾੜੀ ਦੀ ਇਸ ਫਸਲ ਦਾ ਸਵਾਗਤ ਹੋਲੀ ਦੇ ਰੂਪ ਵਿਚ ਹੁੰਦਾ ਹੈ। ਲੋਕ ਨਵੇਂ ਅਨਾਜ ਨੂੰ ਹੋਲੀ ਵਿਚ ਜਲਾ ਕੇ ਖਾਂਦੇ ਹਨ। ਪੰਜਾਬ ਵਿਚ ਹੁਣ ਵੀ ਛੋਲੀਏ ਨੂੰ ਅੱਗ ਵਿਚ ਜਲਾ ਕੇ ਖਾਧਾ ਜਾਂਦਾ ਹੈ, ਜਿਸ ਨੂੰ ਪੰਜਾਬੀ ਵਿਚ ਹੋਲਾ' ਆਖਦੇ ਹਨ। ਜੇਕਰ ਪੁਰਣੇ ਸਮਿਆਂ ਦੀ ਗੱਲ ਕਰੀਏ ਤਾਂ, ਔਰਤਾਂ ਗਲੀਆਂ ਵਿਚ ਰਲ ਮਿਲ ਬੈਠ ਬੋਲੀਆਂ ਪਾ ਕੇ ਧਮਾਲ ਪਾ ਦਿੰਦੀਆਂ ਸਨ। ਪਿਪਲਾਂ ਤੇ ਪੀਘਾ ਪਾ ਕੇ ਮੁਟਿਆਰਾਂ ਪੀਘਾਂ ਝੂਟਦਿਆਂ ਸਨ ਪਰ ਅਫ਼ਸੋਸ ਨਾ ਹੁਣ ਉਹ ਪਿੱਪਲ ਰਹੇ ਤੇ ਨਾ ਹੀ ਉਹੋ ਜਿਹੀਆਂ ਮੁਟਿਆਰਾਂ ਦੀਆਂ ਹਸਰਤਾਂ ਤੇ ਸੌਕ। ਪੰਜਾਬੀਆਂ ਨੂੰ ਪ੍ਰਦੇਸਾਂ ਵਿਚ ਜਾ ਵਸਣ ਤੇ ਜੋ ਨੌਜਵਾਨ ਬਚੇ ਹਨ ਉਹਨਾਂ ਨੂੰ ਨਸ਼ਿਆਂ ਨੇ ਖਾਂ ਲਿਆ ਹੈ। ਪਰ ਫਿਰ ਵੀ ਉਹ ਵੇਲੇ ਯਾਦ ਆਉਂਦੇ ਹਨ। ਇਨ੍ਹਾਂ ਬੋਲੀਆਂ ਵਿੱਚ ਪੂਰੀ ਪੰਜਾਬੀ ਕੌਮ ਦਾ ਦਿਲ ਧੜਕਦਾ ਹੁੰਦਾ ਸੀ, ਸਮਾਜ ਦਾ ਚਿਹਰਾ, ਸਮਾਂ -ਕਾਲ ਝਾਤੀ ਮਾਰਦਾ ਹੁੰਦਾ ਸੀ। ਇਹ ਬੋਲੀਆਂ ਪੰਜਾਬੀ ਕੌਮ ਦਾ ਮੁਹਾਂਦਰਾ ਹੁੰਦੀਆਂ ਸਨ। ਇਹਨਾਂ ਵਿੱਚ ਪਿਆਰ ਦੇ ਭਾਵ, ਨਫ਼ਰਤ ਦੇ ਭਾਵ , ਮੇਲ - ਮਿਲਾਪ ਅਤੇ ਜੁਦਾਈ ਦਾ ਗ਼ਮ ਹੁੰਦਾ ਸੀ।

ਪਰ ਅੱਜ ਸਮਾਂ ਇੰਨਾ ਬਦਲ ਗਿਆ ਹੈ ਕਿ ਇਕ ਹੀ ਛੱਤ ਹੇਠ ਪਿਉ ਪੁਤਰ, ਮਾਂ ਧੀ ਨਹੀਂ ਰਹਿ ਸਕਦੇ, ਇਕ ਦੂਜੇ ਦੀ ਜਾਨ ਲੈਣ ਲਈ ਤੱਤਪਰ ਰਹਿੰਦੇ ਹਨ। ਪਹਿਲੈ ਸਮਿਆਂ ਵਿਚ ਸਾਰਾ ਪਰਿਵਾਰ ਰਲ ਮਿਲ ਕੇ ਇਕ ਹੀ ਛੱਤ ਹੇਠ ਸਾਰਾਂ ਜੀਵਨ ਕੱਢ ਲੈਂਦਾ ਸੀ। ਬੋਲੀਆਂ ਵਿੱਚ ਲੜਾਈ ਹੁੰਦੀ ਸੀ, ਸੁਲਹ ਸਲਾਮਤੀ ਹੁੰਦੀ ਸੀ ।ਇਸ ਵਿੱਚ ਗਰੂਰ, ਤਾਬੋਰ ਤੇ ਦੇਸ਼ ਭਗਤੀ ਹੁੰਦੀ ਸੀ ।ਇਨ੍ਹਾਂ ਵਿੱਚ ਹੰਝੂਆਂ ਦੀਆਂ ਬਰਸਾਤਾਂ ਤੇ ਹਾਸਿਆਂ ਦੀ ਚਮਕਾਰ ਹੁੰਦੀ ਸੀ। ਨਿਰਾਜ਼ ਤੇ ਮਨਾਉਣ ਦੀ ਗੱਲ੍ਹ ਕਰਦੀਆਂ ਸਨ ਏਹ ਬੋਲੀਆਂ। ਇਨ੍ਹਾਂ ਬੋਲੀਆਂ ਵਿੱਚ ਜ਼ਾਲਮ ਹਾਕਮਾਂ ਲਈ ਵੰਗਾਰ ਅਤੇ ਬੇਸਹਾਰਿਆਂ ਪ੍ਰਤੀ ਹਮਾਇਤ ਦੇ ਭਾਵ ਵੀ ਸ਼ਾਮਿਲ ਹੁੰਦੇ ਸਨ ਹਾਸ-ਵਿਅੰਗ, ਮਿੱਠੀਆਂ ਤੇ ਪਿਆਰੀਆਂ ਗਾਲ੍ਹਾਂ ਵੀ ਹੁੰਦੀਆਂ ਸਨ । ਵਿਆਹ ਸ਼ਾਦੀ ਸਮੇਂ ਨਾਨਕਾ ਮੇਲ ਆਂਉਂਦਾ ਹੁੰਦਾ ਸੀ, ਗਲੀਆਂ ਵਿਚ ਪਿੰਡਾਂ ਦੀ ਸੱਥ ਤੱਕ ਉਹਨਾਂ ਬੋਲੀਆਂ ਪਾਉਂਦੇ ਜਾਣਾ, ਜੋ ਵੀ ਸਾਹਮਣੇ ਆਉਂਦਾ ਉਸ ਦੇ ਕੱਪੜੇ ਲਾਹ ਲੈਣੇ ਸਾਇਕਲ ਖੋਹ ਲੈਣੇ, ਬੋਲੀਆਂ ਪਾ-ਪਾ ਕੇ ਨੱਚਣਾ ਤੇ ਗਾਲਾਂ , ਤਾਹਨੇ ਮਿਹਨੇ ਇਹ ਸਭ ਆਮ ਜਿਹੀ ਗੱਲ ਸੀ। ਪਰ ਅੱਜ ਦਾ ਸਮਾਂ ਸ਼ਾਦੀ ਕਦ ਹੋ ਗਈ ਕੁਝ ਪਤਾ ਵੀ ਨਹੀਂ ਲੱਗਦਾ, ਜੇਕਰ ਕੋਈ ਕਿਸੇ ਨਾਲ ਹਾਸੇ ਨਾਲ ਮਜਾਕ ਕਰ ਵੀ ਲਏ, ਉਹ ਝੱਟ ਗਲੇ ਨੂੰ ਜਾਂ ਮਾਂ-ਭੈਣ ਦੀ ਇਕ ਕਰਨ ਨੂੰ ਤਿਆਰ ਰਹਿੰਦਾ ਹੈ। ਬੋਲੀਆਂ ਵਿੱਚ ਪੰਜਾਬੀ ਸਭਿਆਚਾਰ ਦੇ ਕੀਮਤੀ ਲਿਬਾਸ ਵੱਡਮੁੱਲੇ ਗਹਿਣਿਆਂ ਦਾ ਜ਼ਿਕਰ ਛੇਡ- ਛਾੜ ਤੇ ਰੁਮਾਂਸ, ਦੁਆਲੇ ਤੇ ਬੱਦ ਦੁਆਵਾਂ ਵੀ ਸ਼ਾਮਿਲ ਹੁੰਦੀਆਂ ਸਨ। ਇਨ੍ਹਾਂ ਵਿੱਚ ਰਿਸ਼ਤੇ ਨਾਤੇ ਤੇ ਉਨ੍ਹਾਂ ਦੇ ਗੁਣ ਤੇ ਅਉਗੁਣ ਵੀ ਦਿਖਾਈ ਦਿੰਦੇ ਸਨ। ਇਨ੍ਹਾਂ ਵਿੱਚ ਪੰਛੀਆਂ ਦੀਆਂ ਸਾਰੀਆ ਤੇ ਰੁੱਖਾਂ ਦੀਆਂ ਗੱਲਾਂ ਵੀ ਹੁੰਦੀਆਂ ਸਨ। ਪਿਆਰ ਦੇ ਗਿਲੇ- ਸ਼ਿਕਵੇ ਤੇ ਇਸ਼ਕੀਆ ਤਰਲੇ ਵੀ। ਇਨ੍ਹਾਂ ਵਿੱਚ ਸੁਰਾਂ ਵੀ ਨੇ ਤਾਲ ਹੋਕੇ ਤੇ ਹਟਕੋਰੇ ਵੀ ਪਰ ਅੱਜ ਦਾ ਇੰਨਸਾਨ ਸਿਰਫ਼ ਆਪਣੇ ਵਾਰੇ ਸੋਚਦਾ ਹੈ, ਮਤਲਵੀ ਕਿ ਆਪਣੇ ਫਾਇਦੇ ਲਈ ਕਿਸੇ ਵੀ ਹੱਦ ਤੱਕ ਜਾਂ ਸਕਦਾ ਹੈ। ਸਰਘੀ ਵੇਲੇ ਤੋਂ ਲੈਕੇ ਰਾਤ ਦੇ ਪਿਛਲੇ ਪਹਿਰ ਤੱਕ ਪੰਜਾਬੀ ਕੌਮ ਜੋ ਘਾਲਣਾ ਘਾਲਦੀ ਸੀ, ਅੱਜ ਉਹ ਕੇਵਲ ਟੀਵੀ ਚੈਂਨਲਾ ਨੇ ਲੈ ਲਈ, ਇਥੋਂ ਤੱਕ ਕੇ ਬੰਦਾ ਬਜਾਰ ਤੱਕ ਜਾ ਕੇ ਖੁਦ ਸਬਜੀ ਭਾਜੀ ਤੱਕ ਖਰੀਦਣ ਲਈ ਬਾਹਰ ਨਹੀਂ ਨਿਕਲਦਾ ਸਗੋ,ਫੋਨਾਂ ਤੇ ਐਪਸ ਦੀ ਵਰਤੋਂ ਕਰਕੇ ਘਰ ਤੱਕ ਡਿਲਵਰੀ ਕਰਵਾ ਲੈਂਦਾ ਹੈ। ਅੱਜ ਦਾ ਮਨੁਖ ਬਹੁਤ ਕਮਜੋਰ ਪੈ ਚੁਕਾ ਹੈ, ਉਹ ਕਸਰਤਾਂ , ਉਹ ਖਾਣੇ ਸਭ ਅਲੋਪ ਹੋ ਚੁਕੇ ਹਨ।



ਲੋਕ ਬੋਲੀਆਂ ਪੰਜਾਬੀ ਸੱਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਸਨ। ਇੰਨ੍ਹਾਂ ਵਿੱਚ ਜ਼ਿੰਦਗੀ ਦੇ ਕਈ ਤਜ਼ਰਬੇ, ਸਮਾਜਿਕ ਆਰਥਿਕ ਅਤੇ ਇਤਿਹਾਸਕ ਜਾਣਕਾਰੀ ਸਮਾਈ ਹੋਈ ਹੁੰਦੀ ਸੀ। ਬੋਲੀਆਂ ਕਿਸੇ ਵਿਸ਼ੇਸ਼ ਲੇਖਕ ਦੀਆਂ ਲਿਖੀਆਂ ਨਹੀਂ ਹੁੰਦੀਆਂ ਇੰਨ੍ਹਾਂ ਵਿੱਚ ਸਮੇਂ ਅਤੇ ਸਥਾਨ ਦੇ ਹਿਸਾਬ ਨਾਲ ਵਾਧਾ - ਘਾਟਾ ਹੁੰਦਾ ਰਹਿੰਦਾ ਹੈ। ਤ੍ਰਿੰਞਣਾ ਵਿੱਚ ਕੱਤਦੀਆਂ ਮੁਟਿਆਰਾਂ ਦੁੱਧ ਰਿੜਕਦੀਆਂ ਸੁਆਣੀਆਂ, ਫੁਲਕਾਰੀਆਂ ਕੱਢਦੀਆਂ ਨੱਢੀਆਂ ਪਤਾ ਨਹੀਂ ਲੋਕ ਬੋਲੀਆਂ ਰੂਪੀ ਖਜ਼ਾਨਾ ਕਿੰਨਾ ਵਧਾ ਦਿੰਦੀਆਂ ਸਨ। ਪਰ ਅੱਜ ਦੁੱਧ ਕੌਣ ਰਿੜਕਦਾ ਹੈ, ਪੈਕਟਾਂ ਵਾਲੇ ਦਹੀ, ਬੋਤਲਾਂ'ਚ ਲੱਸੀ, ਜਿਸ ਮਰਜੀ ਕੋਨੇ ਦੇ ਠੇਲੇ ਤੋਂ ਲੈ ਲਓ। ਅੱਜ ਉਹ ਹੌਲੀ ਦਾ ਮਜਾ ਵੀ ਨਹੀਂ ਰਿਹਾ, ਹੌਲੀ ਦੀ ਆੜ ਹੇਠ ਮਾਵਾਂ ਭੈਣਾ ਨਾਲ ਦੁਰਵਿਵਹਾਰ ਕੀਤੇ ਜਾਂਦੇ ਹਨ। ਉਹਨਾਂ ਦੀਆਂ ਇਜ਼ਤਾਂ ਨਾਲ ਖੇੜਿਆ ਜਾਂਦਾ ਹੈ। ਖੁਸ਼ੀਆਂ ਦੇ ਇਸ ਤਿਹਾਰ ਸਮੇਂ ਕੁੱਝ ਸਾਵਧਾਨੀਆਂ ਵਰਤਣੀਆਂ ਜਰੂਰੀ ਹਨ।ਕਿਉਂਕਿ ਨਾ ਤਾਂ ਅੁਹ ਰੰਗ ਰਹੇ ਨਾ ਉਹ ਪਿਆਰ ਮੁਹੱਬਤ ਵਾਲੇ ਲੋਕ, ਰੰਘਾ ਵਿਚ ਮਿਲਾਵਟ, ਕੈਮੀਕਲ ਮਿਲੇ ਹੁੰਦੇ ਹਨ। ਜਿਸ ਕਰਕੇ ਹੋਲੀ ਖੇਡਣ ਤੋਂ ਪਹਿਲਾਂ ਸਰੀਰਾਂ 'ਤੇ ਸਰੋਂ ਦਾ ਤੇਲ ਜਾਂ ਨਾਰੀਅਲ ਦਾ ਤੇਲ ਲਗਾ ਲਿਆ ਜਾਵੇ।ਅੱਖਾਂ 'ਤੇ ਚਸਮੇਂ ਲਗਾ ਲਏ ਜਾਣ।ਚਾਇਨਾਂ ਦੇ ਰੰਗ ਨਾ ਵਰਤੇ ਜਾਣ।ਕੁਦਰਤੀ ਰੰਗ ਜੋ ਕੇਸੂ ਦੇ ਫੁੱਲਾਂ ਤੋਂ ਤਿਆਰ ਹੁੰਦਾ ਹੈ ਵਰਤਿਆ ਜਾਵੇ।ਖਾਣ ਵਾਲੇ ਰੰਗ ਮਿਲਾ ਕੇ ਆਪ ਹੀ ਸੁੱਕੇ ਗਿੱਲੇ ਰੰਗ ਤਿਆਰ ਕਰ ਲਏ ਜਾਣ।ਕਾਲਾ ਤੇਲ, ਗਰੀਸ, ਚਿੱਕੜ, ਗੰਦੇ ਪਾਣੀ ਦੀ ਵਰਤੋਂ ਨਾ ਕੀਤੀ ਜਾਵੇ।ਮੋਟਰਸਾਈਕਲਾਂ 'ਤੇ ਗਲੀਆਂ ਬਜ਼ਾਰਾਂ ਵਿੱਚ, ਰਾਹ ਜਾਂਦੇ ਰਾਹੀਆਂ ਤੇ ਰੰਗ ਸੁੱਟਣ ਤੋਂ ਪਰਹੇਜ਼ ਕੀਤਾ ਜਾਵੇ।ਰੰਗ ਉਤਾਰਨ ਲਈ ਨਹਾਉਣ ਵਾਲੇ ਸਾਬਣ ਦੀ ਹੀ ਵਰਤੋਂ ਕੀਤੀ ਜਾਵੇ।ਚਮੜੀ ਨੂੰ ਖਰੋਚ ਆਉਣ ਤੋਂ ਬਚਾਇਆ ਜਾਵੇ। ਹੋਲੀ ਦੀ ਆੜ ਵਿੱਚ ਪਰਾਈਆਂ ਔਰਤਾਂ ਨਾਲ ਛੇੜ-ਛਾੜ ਕਰਨ ਤੋਂ ਨਾ ਕੀਤੀ ਜਾਵੇ।

ਸਾਡੇ ਦੇਸ਼ ਵਿਚ ਹੋਲੀ ਦਾ ਤਿਉਹਾਰ ਆਪਣੀ ਖਾਸ ਮਹੱਤਤਾ ਰੱਖਦਾ ਹੈ। ਮੁਸਲਮਾਨ ਜੋ ਆਨੰਦ ਈਦ ਵਿਚ ਅਤੇ ਈਸਾਈ ਕ੍ਰਿਸਮਿਸ ਵਿਚ ਲੈਂਦੇ ਹਨ,ਹਿੰਦੂਆਂ ਨੂੰ ਉਹੀ ਅਨੰਦ ਹੋਲੀ ਦਾ ਤਿਉਹਾਰ ਪ੍ਰਦਾਨ ਕਰਦਾ ਹੈ। ਹੋਲੀ ਦੇ ਆਉਣ ਤੇ ਸਭ ਲੋਕ ਖ਼ੁਸ਼ੀਆਂ ਨਾਲ ਨੱਚ ਉਠਦੇ ਹਨ। ਮਨੁੱਖਾਂ ਦੇ ਵਿੱਚ ਪਈਆਂ ਤਰੇੜਾਂ ਮਿਟ ਜਾਂਦੀਆਂ ਹਨ ਅਤੇ ਸਾਰੇ ਇਕ ਦੂਜੇ ਦੇ ਗਲੇ ਮਿਲ ਕੇ ਪਰਮਪਿਤਾ ਪਰਮਾਤਮਾ ਦੇ ਪੁੱਤਰ ਹੋਣ ਨੂੰ ਸੱਚ ਸਾਬਤ ਕਰ ਦਿੰਦੇ ਸਨ ਜਿਸ ਦੀ ਅੱਜ ਫਿਰ ਬਹੁਤ ਲੋੜ ਹੈ। ਹੋਲੀ ਦਾ ਤਿਉਹਾਰ ਹਰ ਸਾਲ ਫੱਗਨ ਦੀ ਸ਼ੁਕਲ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ। ਸਾਡੇ ਦੇਸ਼ ਦੇ ਪ੍ਰਮੁੱਖ ਤਿਉਹਾਰ ਦਾ ਸੰਬੰਧ ਅਨੇਕਾਂ ਪੁਰਾਣੀਆਂ ਕਹਾਣੀਆਂ ਨਾਲ ਪ੍ਰਚੱਲਤ ਹੈ। ਹੋਲੀ ਦਾ ਸੰਬੰਧ ਪ੍ਰਹਿਲਾਦ ਦੀ ਕਥਾ ਦੇ ਨਾਲ ਜੁੜਿਆ ਹੋਇਆ ਹੈ । ਪ੍ਰਹਿਲਾਦ ਦਾ ਪਿਤਾ ਹਰਨਾਖਸ਼ ਇਕ ਰਾਜਾ ਸੀ ਜੋ ਕਿਸੇ ਨੂੰ ਈਸ਼ਵਰ ਦਾ ਭਜਨ ਨਹੀਂ ਕਰਨ ਦਿੰਦਾ ਸੀ। ਪ੍ਰਹਿਲਾਦ ਭਗਵਾਨ ਦਾ ਪਰਮ ਭਗਤ ਸੀ। ਹਰਨਾਖਸ਼ ਨੇ ਪ੍ਰਹਿਲਾਦ ਨੂੰ ਮਾਰਨ ਦੇ ਅਨੇਕਾਂ ਢੰਗ ਅਪਣਾਏ ਪਰ ਭਗਵਾਨ ਦੇ ਭਗਤ ਨੂੰ ਕੌਣ ਮਾਰ ਸਕਦਾ ਹੈ ? ਪਰੰਤੂ ਉਸ ਦੀ ਭੁਆ ਨੇ ਉਸਨੂੰ ਅੱਗ ਵਿੱਚ ਜਲਾਉਣ ਦੀ ਯੋਜਨਾ ਬਣਾਈ। ਹੋਲਿਕਾ ਨੂੰ ਅੱਗ ਵਿਚ ਨਾ ਜਲਣ ਦਾ ਵਰਦਾਨ ਮਿਲਿਆ ਹੋਇਆ ਸੀ। ਪ੍ਰਹਿਲਾਦ ਆਪਣੀ ਭੂਆ ਦੇ ਨਾਲ ਅੱਗ ਵਿਚ ਬੈਠ ਗਿਆ। ਪ੍ਰਹਿਲਾਦ ਤਾਂ ਜੀਉਂਦਾ ਬਚ ਨਿਕਲਿਆ ਪਰ ਹੋਲਿਕਾ ਸੜ ਗਈ । ਇਸ ਖ਼ੁਸ਼ੀ ਭਰੇ ਵਾਤਾਵਰਣ ਵਿਚ ਲੋਕ ਇਸ ਦਿਨ ਇਕ-ਦੂਜੇ ਉੱਤੇ ਰੰਗ ਪਾ ਕੇ ਇਹ ਤਿਉਹਾਰ ਮਨਾਉਂਦੇ ਹਨ। ਹੋਲਿਕਾ ਨੂੰ ਜਲਾਇਆ ਜਾਂਦਾ ਹੈ। ਹਰੇਕ ਗਲੀ ਅਤੇ ਬਾਜ਼ਾਰ ਵਿਚ ਲਕੜਾਂ ਦੇ ਢੇਰ ਜਲਾਏ ਜਾਂਦੇ ਹਨ ਅਤੇ ਅੱਗ ਦੀਆਂ ਲਪਟਾਂ ਨੂੰ ਵੇਖਕੇ ਲੋਕ ਭਗਤ ਪ੍ਰਹਿਲਾਦ ਨੂੰ ਯਾਦ ਕਰਕੇ ਈਸ਼ਵਰ ਦਾ ਗੁਣਗਾਣ ਕਰਦੇ ਹਨ। ਹੋਲਿਕਾ ਨੂੰ ਸਾੜਨ ਦੇ ਬਾਅਦ ਲੋਕ ਹਸਦਿਆਂ-ਖੇਡਦਿਆਂ ਇਕ ਦੂਜੇ ਤੋਂ ਗੁਲਾਲ ਪਾਉਂਦੇ ਅਤੇ ਪੁਰਾਣੇ ਵੈਰ-ਵਿਰੋਧ ਭੁਲਾ ਕੇ ਇਕ ਦੂਜੇ ਦੇ ਗਲੇ ਮਿਲਦੇ ਹਨ। ਵੱਡੇ ਵੱਡੇ ਸ਼ਹਿਰਾਂ ਵਿਚ ਹੁਣ ਇਸ ਦਿਨ ਸੰਗੀਤ ਸਮਾਰੋਹ ਵੀ ਹੋਣ ਲੱਗੇ ਹਨ। ਲੋਕ ਅਬੀਰ ਅਤੇ ਗੁਲਾਲ ਦੇ ਨਾਲ-ਨਾਲ ਸੰਗੀਤ ਦਾ ਅਨੰਦ ਲੈਂਦੇ ਹਨ। ਸੁਤੰਤਰ ਭਾਰਤ ਵਿਚ ਇਹਨਾਂ ਤਿਉਹਾਰਾਂ ਦੀ ਮਹੱਤਤਾ ਹੋਰ ਵੀ ਵਧ ਗਈ। ਹੈ। ਇਹ ਤਿਉਹਾਰ ਸਾਡੀ ਏਕਤਾ, ਸੰਸਕ੍ਰਿਤੀ ਅਤੇ ਸਭਿਅਤਾ ਦੇ ਮਹਾਨ ਰਾਖੇ ਬਣ ਗਏ ਹਨ ਅਜਕਲ ਹੋਲੀ ਦੇ ਮਨਾਉਣ ਵਿਚ ਕੁਝ ਬੁਰਾਈ ਆ ਗਈ ਹੈ। ਕੁਝ ਲੋਕ ਗੰਦਗੀ ਜਾਂ ਤਾਰਕੋਲ ਪਾ ਕੇ, ਗਾਲਾਂ ਕੱਢ ਕੇ ਜਾਂ ਸ਼ਰਾਬ ਪੀ ਕੇ ਹੋਲੀ ਦੇ ਮਹੱਤਵ ਦਾ ਘਟਾ ਕਰਦੇ ਹਨ। ਕੁਝ ਮਹਿੰਗਾਈ ਕਰਕੇ ਵੀ ਲੋਕ ਕੱਪੜੇ ਖਰਾਬ ਕਰਨਾ ਪਸੰਦ ਨਹੀਂ ਕਰਦੇ, ਇਸ ਕਰਕੇ ਹੋਲੀ ਦਾ ਮਹੱਤਵ ਕੁਝ ਘਟ ਗਿਆ ਹੈ। ਸਾਡਾ ਕਰੱਤਵ ਹੈ ਕਿ ਅਸੀਂ ਆਪਣੇ ਤਿਉਹਾਰਾਂ ਨੂੰ ਬੜੀ ਖ਼ੁਸ਼ੀ ਨਾਲ ਮਨਾਈਏ ਅਤੇ ਇਹਨਾਂ ਦੀ ਮਹੱਤਤਾ ਨੂੰ ਵੀ ਬਣਾਈ ਰੱਖਈਏ।ਉਹੋ ਜਿਹਾ ਮਾਹੌਲ ਬਣਾਈਏ ਜੋ ਕਦੇ ਸਾਡੇ ਬਜ਼ੁਰਗਾਂ ਨੇ ਸਿਰਜਿਆ ਸੀ। ਜਿਸ ਵਿਚ ਏਕਾ , ਪਿਆਰ ਮੁਹੱਬਤ, ਹਸਰਤ, ਹੁੰਦੀ ਸੀ ਹੌਲੀ ਦੀਆਂ ਸਭ ਨੂੰ ਬਹੁਤ ਬਹੁਤ ਮੁਬਾਰਕਾ

**ਸੁਰਜੀਤ ਸਿੰਘ ਫਿਲੌਰਾ**
**647-829-9397**



# ਹੋਲਾ ਮਹੱਲਾ : ਸਰੂਪ, ਸੰਕਲਪ ਤੇ ਸਮਕਾਲ

ਤਿਉਹਾਰਾਂ ਦਾ ਇਤਿਹਾਸ ਉਨਾ ਹੀ ਪੁਰਾਣਾ ਹੈ ਜਿੰਨਾ ਕਿ ਮਨੁੱਖੀ ਸੱਭਿਅਤਾ ਦਾ। ਮਨੁੱਖ ਦੇ ਸਮਾਜਿਕ ਹੋਣ ਤੋਂ ਲੈ ਕੇ ਸਮਕਾਲ ਤੀਕ ਤਿੱਥ- ਤਿਉਹਾਰ, ਰਹੁ- ਰੀਤਾਂ ਅਤੇ ਉਤਸਵ ਮਨੁੱਖ ਦੇ ਨਾਲ- ਨਾਲ ਚੱਲਦੇ ਆ ਰਹੇ ਹਨ। ਦੂਜੀ ਅਹਿਮ ਅਤੇ ਮਹਤੱਵਪੂਰਨ ਗੱਲ, ਆਦਿਕਾਲ ਤੋਂ ਲੈ ਕੇ ਸਮਕਾਲ ਤੀਕ ਤਿੱਥਾਂ- ਤਿਉਹਾਰਾਂ, ਰਹੁ- ਰੀਤਾਂ ਅਤੇ ਉਤਸਵਾਂ ਦੇ ਸਰੂਪ, ਸਿਧਾਂਤ ਅਤੇ ਸੰਕਲਪ ਬਦਲਦੇ ਰਹੇ ਹਨ। ਕਿਸੇ ਖ਼ਾਸ ਉਦੇਸ਼ ਜਾਂ ਮਨੌਤ ਕਰਕੇ ਆਰੰਭ ਹੋਇਆ ਕੋਈ ਤਿੱਥ- ਤਿਉਹਾਰ ਅਜੋਕੇ ਸੰਦਰਭ 'ਚ ਕਿਸੇ ਹੋਰ ਉਦੇਸ਼ ਦੀ ਪੂਰਤੀ ਹਿੱਤ ਮਨਾਇਆ ਜਾ ਰਿਹਾ ਹੈ। ਇਹ ਬਦਲਾਓ! ਲਾਜ਼ਮੀ ਅਤੇ ਕੁਦਰਤੀ ਹਨ। ਇਹਨਾਂ 'ਤੇ ਕਿਸੇ ਪ੍ਰਕਾਰ ਦੀ ਚਰਚਾ ਅਤੇ ਬਹਿਸ ਫ਼ਿਜ਼ੂਲ ਸਾਬਿਤ ਹੋਵੇਗੀ। ਸਮਾਜਿਕ ਸਿਸਟਮ ਦੀ ਆਰੰਭਤਾ ਤੋਂ ਹੀ ਮਨੁੱਖ ਆਪਣੇ ਨਿੱਤ ਦੇ ਕਾਰ- ਵਿਹਾਰ, ਉਕੇਵੇਂ ਜਾਂ ਖ਼ਾਸ ਧਾਰਮਿਕ ਮਨੌਤਾਂ, ਪਰੰਪਰਾਵਾਂ ਦੇ ਅਧੀਨ ਤਿੱਥ- ਤਿਉਹਾਰ ਮਨਾਉਂਦਾ ਆ ਰਿਹਾ ਹੈ। ਇਹ ਤਿਉਹਾਰ ਕਦੇ ਰੁੱਤਾਂ ਦੇ ਬਦਲਣ ਮੌਕੇ ਮਨਾਏ ਜਾਂਦੇ ਹਨ, ਕਦੇ ਇਤਿਹਾਸਕ ਪਰਿਪੇਖ ਦੀ ਇਵਜ਼ ਵਿਚ ਅਤੇ ਕਦੇ ਸਮਾਜਿਕ ਸੰਦਰਭ ਵਿਚ ਮਨਾਏ ਜਾਂਦੇ ਹਨ। ਇਹਨਾਂ ਦਾ ਮੂਲ ਉਦੇਸ਼ ਮਨੁੱਖੀ ਜੀਵਨ ਦੇ ਅੰਦਰ ਖੜੌਤ ਨੂੰ ਰੋਕਨਾ ਅਤੇ ਨਵ- ਚੇਤਨਾ ਦਾ ਸੰਚਾਰ ਕਰਨਾ ਹੁੰਦਾ ਹੈ। ਮਨੁੱਖ ਅਤੇ ਤਿਉਹਾਰ ਦਾ ਸੰਬੰਧ — ਮਨੁੱਖਤਾ ਦਾ ਇਤਿਹਾਸ ਸਦੀਆਂ ਪੁਰਾਣਾ ਹੈ। ਜਦੋਂ ਤੋਂ ਸ੍ਰਿਸਟੀ ਦੀ ਰਚਨਾ ਹੋਈ ਹੈ ਉਦੋਂ ਤੋਂ ਲੈ ਕੇ ਹੁਣ ਤੱਕ ਮਨੁੱਖੀ ਜੀਵਨ ਵਿਚ ਬਦਲਾਓ! ਹੁੰਦੇ ਆ ਰਹੇ ਹਨ। ਉਂਝ ਇਹ ਬਦਲਾਓ! ਲਾਜ਼ਮੀ ਵੀ ਹਨ ਕਿਉਂਕਿ ਖੜੌਤ ਹਮੇਸ਼ਾ ਗਿਰਾਵਟ ਅਤੇ ਵਿਨਾਸ਼ ਦੀ ਨਿਸ਼ਾਨੀ ਹੁੰਦੀ ਹੈ। ਆਦਿਕਾਲ ਤੋਂ ਮਨੁੱਖੀ ਸੱਭਿਅਤਾ ਵਿਚ ਬਦਲਾਓ ਹੁੰਦੇ ਆਏ ਹਨ ਅਤੇ ਮਨੁੱਖਤਾ ਇਸ ਨੂੰ ਸਹਿਜਤਾ ਨਾਲ ਸਵੀਕਾਰ ਵੀ ਕਰਦੀ ਆਈ ਹੈ। ਸਮਾਜਕ ਬਣਤਰ ਨੂੰ ਦਰੁੱਸਤ ਢੰਗ ਨਾਲ ਚਲਾਉਣ ਵਾਸਤੇ ਧਰਮ ਨੇ ਜਨਮ ਲਿਆ। ਇਹ ਧਰਮ ਹੀ ਸੀ ਜਿਸਨੇ ਮਨੁੱਖ ਨੂੰ ਉਸਦੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਇਆ। ਫੇਰ ਮਨੁੱਖ ਇਹਨਾਂ ਜ਼ਿੰਮੇਵਾਰੀਆਂ ਦੇ ਬੋਝ ਹੇਠਾਂ ਇੰਨਾ ਦੱਬ ਗਿਆ ਕਿ ਉਹ ਆਪਣੇ ਜੀਵਨ 'ਚ ਤਬਦੀਲੀਆਂ ਚਾਹੁਣ ਲੱਗਾ। ਇਸੇ ਤਬਦੀਲੀ ਦੀ ਚਾਹਤ, ਇੱਛਾ ਕਰਕੇ ਤਿੱਥਾਂ- ਤਿਉਹਾਰਾਂ ਨੇ ਜਨਮ ਲਿਆ। ਅਸਲ ਵਿਚ ਮਨੁੱਖ ਆਪਣੇ ਨਿੱਤ ਦੇ ਕਾਰ- ਵਿਹਾਰ ਤੋਂ ਕੁਝ ਸਮੇਂ ਲਈ ਨਿਜ਼ਾਤ ਚਾਹੁੰਦਾ ਸੀ ਇਸ ਲਈ ਉਸਨੇ ਮਨੋਰੰਜਨ (ਕੁਝ ਹੱਦ ਤੱਕ ਸ਼ਰਧਾ ਕਰਕੇ) ਲਈ ਕਈ ਤਰ੍ਹਾਂ ਦੇ ਮੇਲੇ- ਤਿਉਹਾਰ ਮਨਾਉਣੇ ਸ਼ੁਰੂ ਕਰ ਦਿੱਤੇ। ਇਹਨਾਂ ਮੇਲਿਆਂ- ਤਿਉਹਾਰਾਂ ਨੂੰ ਰੁੱਤਾਂ, ਮੌਸਮ ਦੇ ਬਦਲਾਓ ਜਾਂ ਇਤਿਹਾਸ, ਸਮਾਜਿਕ ਪਰਿਪੇਖ ਵਿਚ ਮਨਾਇਆ ਜਾਣ ਲੱਗਾ। ਕੁਝ ਤਿਉਹਾਰ ਦੇਵੀ- ਦੇਵਤਿਆਂ ਨੂੰ ਪ੍ਰਸੰਨ ਕਰਨ ਹਿੱਤ ਮਨਾਏ ਜਾਂਦੇ ਸਨ। ਸੰਖੇਪ 'ਚ ਕਿਹਾ ਜਾ ਸਕਦਾ ਹੈ ਕਿ ਲੋਕ ਇਹਨਾਂ ਤਿਉਹਾਰਾਂ ਨੂੰ ਸ਼ਰਧਾ ਅਤੇ ਮਨੋਰੰਜਨ ਹਿੱਤ ਹੀ ਮਨਾਉਂਦੇ ਸਨ ਖ਼ਾਲਸੇ ਦੀ ਆਮਦ ਅਤੇ ਤਿਉਹਾਰਾਂ ਦਾ ਬਦਲਦਾ ਸਰੂਪ —ਸੰਸਾਰ ਦੇ ਨਕਸ਼ੇ ਤੇ ਖ਼ਾਲਸਾ ਪੰਥ ਦੀ ਆਮਦ ਨਾਲ ਜਿੱਥੇ ਰਾਜਨੀਤਕ, ਸਮਾਜਿਕ ਬਦਲਾਓ! ਆਇਆ ਉੱਥੇ ਹੀ ਮਨੁੱਖੀ ਜੀਵਨ 'ਚ ਕੇਵਲ ਮਨੋਰੰਜਨ ਅਤੇ ਸ਼ਰਧਾ ਹਿੱਤ ਮਨਾਏ ਜਾਂਦੇ ਤਿਉਹਾਰਾਂ ਦੀ ਰੂਪ- ਰੇਖਾ ਵੀ ਬਦਲ ਗਈ। ਇਹਨਾਂ ਤਿਉਹਾਰਾਂ ਵਿੱਚੋਂ ਇੱਕ ਹੈ ਹੋਲਾ- ਮਹੱਲਾ। ਹਾਲਾਂਕਿ ਹੋਲੇ ਮਹੱਲੇ ਦਾ ਹੋਲੀ ਨਾਲ ਕੋਈ ਸਿੱਧਾ ਸੰਬੰਧ ਨਹੀਂ ਹੈ ਪਰ, ਇਹ ਤਿਉਹਾਰ ਹੋਲੀ ਤੋਂ ਅਗਲੇ ਦਿਨ ਮਨਾਇਆ ਜਾਂਦਾ ਹੈ ਅਤੇ ਇਸਦਾ ਨਾਮ ਵੀ ਹੋਲਾ ਹੈ ਸੋ ਆਮ ਲੋਕਾਂ ਨੂੰ ਭੁਲੇਖਾ ਪੈਂਦਾ ਹੈ ਕਿ ਖ਼ਬਰੇ! ਇਹ ਤਿਉਹਾਰ ਹੋਲੀ ਦਾ ਸੁਧਰਿਆ ਰੂਪ ਹੈ। ਹੋਲੀ ਜਿੱਥੇ ਰੰਗਾਂ ਦਾ ਤਿਉਹਾਰ ਹੈ ਉੱਥੇ ਹੋਲਾ ਮਹੱਲਾ ਸ਼ਸਤਰ ਵਿੱਦਿਆ ਅਤੇ ਚੜ੍ਹਦੀ ਕਲਾ ਦਾ ਤਿਉਹਾਰ ਹੈ। ਇਹ ਖ਼ਾਲਸੇ ਦਾ ਕੌਮੀ ਜੋੜ ਮੇਲਾ ਹੈ। ਹੋਲਾ ਮਹੱਲਾ ਕੋਈ ਇਕੱਲਾ ਇਕ ਤਿਉਹਾਰ ਹੀ ਨਹੀਂ ਹੈ ਬਲਕਿ ਇਕ ਜਜ਼ਬਾ ਹੈ ਜਿਹੜਾ ਹਰ ਵਰ੍ਹੇ ਨਵੇਂ ਸੰਕਲਪ ਪੇਸ਼ ਕਰਦਾ ਹੈ। ਇਹਨਾਂ ਸੰਕਲਪਾਂ 'ਤੇ ਪੂਰਾ ਉਤਰ ਕੇ ਅੱਜ ਦਾ ਮਨੁੱਖ ਆਪਣੇ ਜੀਵਨ ਵਿਚ ਖੜੌਤ ਦਾ ਸ਼ਿਕਾਰ ਹੋਣ ਤੋਂ ਬਚ ਸਕਦਾ ਹੈ ਅਤੇ ਖ਼ੁਸ਼ਹਾਲੀ ਭਰਿਆ ਜੀਵਨ ਬਤੀਤ ਕਰ ਸਕਦਾ ਹੈ। ਬਸ਼ਰਤੇ! ਉਹ ਸਹੀ ਅਰਥਾਂ ਵਿਚ ਹੋਲਾ ਮਹੱਲੇ ਦੇ ਸੰਕਲਪ ਨੂੰ ਸਮਝ ਸਕਣ ਦੀ ਸਮਰੱਥਾ ਰੱਖਦਾ ਹੋਵੇ।

**ਹੋਲਾ ਮਹੱਲਾ — ਇਤਿਹਾਸਕ ਪਰਿਪੇਖ**

ਦਸਵੇਂ ਪਾਤਸ਼ਾਹ ਸਾਹਿਬ ਸ਼ ?ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੇਤ ਵਧੀ ਇਕ ਸੰਮਤ 1757 ਬਿਕ੍ਰਮੀ ਵਾਲੇ ਦਿਨ, ਸ਼ ?ਰੀ ਅਨੰਦਪੁਰ ਸਾਹਿਬ ਵਿਖੇ, ਕਿਲ੍ਹਾ ਲੋਹਗੜ੍ਹ ਦੇ ਅਸਥਾਨ ਤੇ ਹੋਲੇ ਮਹੱਲੇ ਦੀ ਆਰੰਭਤਾ ਕੀਤੀ। ਕਵੀ ਸੁਮੇਰ ਸਿੰਘ "ਗੁਰ ਪਦ ਪ੍ਰੇਮ ਪ੍ਰਕਾਸ਼"ਵਿਚ ਲਿਖਦੇ ਹਨ;

**"ਔਰਨ ਕੀ ਹੋਲੀ ਮਮ ਹੋਲਾ**
**ਕਹਯੋ ਕ੍ਰਿਪਾਨਿਧ ਬਚਨ ਅਮੋਲਾ।**

ਦਸਮ ਪਿਤਾ ਸਿੱਖਾਂ ਅੰਦਰ ਜਿੱਤ, ਜਜ਼ਬੇ ਅਤੇ ਜੰਗ ਦੇ ਭਾਵਨਾ ਨੂੰ ਪ੍ਰਚੰਡ ਕਰਨਾ ਚਾਹੁੰਦੇ ਸਨ। ਅਸਲ ਵਿਚ ਇਹ ਸਮੇਂ ਦੀ ਜਰੂਰਤ ਸੀ। ਆਮ ਲੋਕਾਂ ਦੇ ਮਨਾਂ ਅੰਦਰ ਹਕੂਮਤ ਦਾ ਡਰ ਇੰਨਾ ਜ਼ਿਆਦਾ ਘਰ ਚੁਕਿਆ ਸੀ ਕਿ ਲੋਕ ਡਰ- ਡਰ ਕੇ ਜਿਉਂਦੇ ਪਏ ਸਨ। ਗੁਰੂ ਸਾਹਿਬ ਆਮ ਲੋਕਾਂ ਦੇ ਮਨਾਂ 'ਚੋਂ ਇਸ ਡਰ ਨੂੰ ਮੂਲੋਂ ਹੀ ਖ਼ਤਮ ਕਰਨਾ ਚਾਹੁੰਦੇ ਸਨ। ਇਸ ਲਈ ਉਹਨਾਂ ਨੇ ਜਿੱਥੇ ਖ਼ਾਲਸਾ ਪੰਥ ਸਾਜਿਆ। ਉੱਥੇ ਹੀ ਸਮਾਜ 'ਚ ਚੱਲ ਰਹੇ ਤਿੱਥਾਂ- ਤਿਉਹਾਰਾਂ ਨੂੰ ਨਵੇਂ ਰੂਪ 'ਚ ਮਨਾਉਣ ਦੀ ਆਰੰਭਤਾ ਕੀਤੀ। ਗੁਰੂ ਸਾਹਿਬ ਇਹਨਾਂ ਤਿਉਹਾਰਾਂ ਨੂੰ ਕੇਵਲ ਮਨੋਰੰਜਨ ਜਾਂ ਸ਼ਰਧਾ ਹਿੱਤ ਮਨਾਉਣ ਦੇ ਪੱਖ ਵਿਚ ਨਹੀਂ ਸਨ ਬਲਕਿ ਉਹ ਇਹਨਾਂ ਤਿਉਹਾਰਾਂ ਦੇ ਮਾਧਿਅਮ ਰਾਹੀਂ ਲੋਕ ਮਨਾਂ 'ਚ ਨਵ ਚੇਤਨਾ ਦਾ ਸੰਚਾਰ ਕਰਨਾ ਚਾਹੁੰਦੇ ਸਨ। ਖ਼ਾਲਸਈ ਜਾਲੋ- ਜਲਾਲ ਦਾ ਪ੍ਰਤੀਤ ਹੋਲਾ ਮਹੱਲਾ ਇਸੇ ਉਦੇਸ਼ ਦੀ ਪੂਰਤੀ ਹਿੱਤ ਨਵ- ਰੂਪ ਅਖ਼ਤਿਆਰ ਕਰ ਗਿਆ ਜਿਹੜਾ ਅੱਜ ਵੀ ਚੜ੍ਹਦੀ ਕਲਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਸ਼ਬਦੀ ਅਰਥ — ਹੋਲਾ 'ਅਰਬੀ' ਭਾਸ਼ਾ ਦੇ ਸ਼ਬਦ 'ਹੂਲ' ਤੋਂ ਬਣਿਆ ਹੈ ਜਿਸਦਾ ਅਰਥ ਹੈ ਲੋਕਾਂ ਦੀ ਭਲਾਈ ਲਈ ਜੂਝਣਾ, ਸੀਸ ਤਲੀ ਤੇ ਧਰ ਕੇ ਲੜਨਾ, ਤਲਵਾਰ ਦੀ ਧਾਰ ਤੇ ਚੱਲਣਾ ਭਾਵ ਸਰਬੱਤ ਦੇ ਭਲੇ ਲਈ ਤੱਤਪਰ ਹੋਣਾ। ਇਹੋ ਉਦੇਸ਼ ਖ਼ਾਲਸੇ ਦਾ ਮੂਲ ਉਦੇਸ਼ ਹੈ। ਖ਼ਾਲਸਾ ਸਦਾ ਤੋਂ ਹੀ ਮਜ਼ਲੂਮਾਂ ਦੀ ਰੱਖਿਆ ਖ਼ਾਤਰ ਜੂਝਦਾ ਰਿਹਾ ਹੈ ਅਤੇ ਅੱਜ ਵੀ ਜੂਝ ਰਿਹਾ ਹੈ। 'ਮਹੱਲਾ' ਸ਼ਬਦ ਦਾ ਅਰਥ ਹੈ ਉਹ ਥਾਂ ਜਿਸ ਨੂੰ ਜਿੱਤ ਕੇ, ਫਤਿਹ ਕਰਕੇ ਉੱਥੇ ਟਿਕਾਣਾ ਕੀਤਾ ਜਾਵੇ, ਪੜਾਅ ਕੀਤਾ ਜਾਵੇ, ਰੁਕਿਆ ਜਾਵੇ। ਭਾਈ ਕਾਨ੍ਹ ਸਿੰਘ ਨਾਭਾ ਹੋਲਾ ਦੇ ਅਰਥ ਕਰਦੇ ਹਨ, "ਹਮਲਾ ਕਰਨਾ ਅਤੇ ਜਿੱਥੇ ਹਮਲਾ ਕਰਦੇ ਹਨ।"ਮਹੱਲਾ ਇਕ ਤਰ੍ਹਾਂ ਦੀ ਬਨਾਉਟੀ ਲੜਾਈ ਹੈ। ਇਸ ਲੜਾਈ ਦਾ ਮੁੱਖ ਮੰਤਵ ਸ਼ਸਤਰ- ਵਿੱਦਿਆ ਦਾ ਅਭਿਆਸ ਕਰਨਾ ਹੁੰਦਾ ਹੈ। ਮਹੱਲਾ ਇਕ ਪ੍ਰਕਾਰ ਦੀ ਮਸਨੂਈ ਭਾਵ ਬਨਾਉਟੀ ਲੜਾਈ ਹੁੰਦੀ ਹੈ। ਇਸ ਵਿਚ ਪੈਦਲ ਅਤੇ ਘੋੜ- ਸਵਾਰ ਸ਼ਸਤਰਧਾਰੀ ਸਿੰਘ (ਦੋ) ਦਲ ਬਣਾ ਕੇ ਨਕਲੀ ਲੜਾਈ ਰਾਹੀਂ ਕਈ ਪ੍ਰਕਾਰ ਦੀਆਂ ਜੰਗੀ ਕਰਤੱਬਾਂ ਦਾ ਅਭਿਆਸ ਕਰਦੇ ਸਨ। ਅਸਲ ਵਿਚ ਹੋਲਾ ਮਹੱਲਾ ਸਿੱਖਾਂ ਅੰਦਰ ਚੜ੍ਹਦੀ ਕਲਾ ਦੇ ਸੰਕਲਪ ਨੂੰ ਰੂਪਮਾਨ ਕਰਦਾ ਹੈ। ਜਜ਼ਬੇ ਅਤੇ ਜੰਗਜੂ ਬਿਰਤੀ — ਗੁਰੂ ਸਾਹਿਬ ਦਾ ਮੂਲ ਮੰਤਵ ਸਿੱਖਾਂ ਅੰਦਰ ਜੰਗਜੂ ਬਿਰਤੀ ਦੀ ਪਿਰਤ ਪਾਉਣਾ ਸੀ। ਇਹ ਇਕੱਲੇ ਹੋਲਾ ਮਹੱਲੇ ਤੇ ਤਿਉਹਾਰ ਕਰਕੇ ਨਹੀਂ ਪੈ ਸਕਦੀ ਸੀ ਜਾਂ ਇਕੱਲੇ ਤਿੱਥਾ- ਤਿਉਹਾਰਾਂ ਦੇ ਨਵ-ਸਰੂਪਾਂ ਕਰਕੇ ਨਹੀਂ ਪੈ ਸਕਦੀ ਸੀ। ਇਸ ਲਈ ਗੁਰੂ ਸਾਹਿਬ ਨੇ ਜਿੱਥੇ ਦਸਤਾਰ ਬਖਸ਼ੀ ਉੱਥੇ ਤਲਵਾਰ (ਕ੍ਰਿਪਾਨ) ਰੱਖਣ ਦੀ ਤਾਕੀਦ ਕੀਤੀ। ਅਸਲ ਵਿਚ ਦਸਤਾਰ ਮਨੁੱਖ ਨੂੰ ਬਾਦਸ਼ਾਹ ਹੋਣ ਦਾ ਅਹਿਸਾਸ ਕਰਵਾਉਂਦੀ ਹੈ। ਦਸਤਾਰ (ਉਹ ਤਾਜ) ਹੈ ਜਿਹੜਾ ਰਾਜਿਆਂ- ਮਹਾਰਾਜਿਆਂ ਦੇ ਸਿਰ ਤੇ ਸੋਭਦਾ ਹੈ। ਤਲਵਾਰ ਰੱਖਣ ਦਾ ਹੌਸਲਾ ਉਸ ਮਨੁੱਖ ਕੋਲ ਹੁੰਦਾ ਹੈ ਜਿਹੜਾ ਜੰਗਜੂ (ਲੜਾਕੂ) ਬਿਰਤੀ ਦਾ ਮਾਲਕ ਹੋਵੇ ਅਤੇ ਜਿਹੜਾ ਸੂਰਬੀਰ ਦੂਜੇ ਲੋਕਾਂ ਦੀ ਮਦੱਦ ਹਿੱਤ ਜੂਝਣ (ਲੜਨ) ਦਾ ਹੌਸਲਾ ਰੱਖਦਾ ਹੋਵੇ। ਖ਼ਾਲਸੇ ਅੰਦਰ ਇਸੇ ਸਪਿਰਟ ਹੋਲਾ ਮਹੱਲੇ ਦੇ ਮੌਜੂਦਾ ਸਵਰੂਪ ਕਰਕੇ ਕਾਰਗਰ ਸਿੱਧ ਹੋਈ ਹੈ। ਹੋਲਾ ਮਹੱਲਾ ਅਜੋਕੇ ਸੰਦਰਭ 'ਚ — ਇਹ ਕੁਦਰਤੀ ਨਿਯਮ ਹੈ ਕਿ ਸਮਾਜਿਕ ਰਹੁ- ਰੀਤਾਂ ਵਿਚ ਤਬਦੀਲੀ ਅਤੇ ਗਿਰਾਵਟ ਆ ਜਾਂਦੀ ਹੈ। ਇਸਨੂੰ ਰੋਕਿਆ ਨਹੀਂ ਜਾ ਸਕਦਾ ਕਿਉਂਕਿ ਇਹ ਕੁਦਰਤੀ ਅਤੇ ਲਾਜ਼ਮੀ ਵਰਤਾਰਾ ਹੈ। ਹਾਂ, ਇਸ ਨੂੰ ਕੁਝ ਵਕਤ ਲਈ ਟਾਲਿਆ ਜਾ ਸਕਦਾ ਹੈ ਪਰ ਅਸਲੋਂ ਹੀ ਖ਼ਤਮ ਬਣਦੀਆਂ ਹਨ। ਇਰ ਪਰਕ੍ਰਿਤੀ ਦਾ ਨਿਯਮ ਹੈ। ਅੱਜ ਹੋਲੇ ਮਹੱਲੇ ਦੇ ਸੰਦਰਭ 'ਚ ਗੱਲ ਕਰਦਿਆਂ ਬਹੁਤ ਹੈਰਾਨੀ ਅਤੇ ਚਿੰਤਾ ਹੁੰਦੀ ਹੈ ਕਿ ਅਜੋਕਾ ਨੋਜਵਾਨ ਤਬਕਾ ਸ਼ਸਤਰ ਵਿੱਦਿਆ ਨੂੰ ਕੇਵਲ ਨਿਹੰਗ ਸਿੰਘਾਂ ਜਾਂ ਫੌਜੀ ਦਸਤਿਆਂ ਦਾ ਕੰਮ ਸਮਝਦਾ ਹੈ। ਇਸ ਤਿਉਹਾਰ ਤੇ ਕਈ ਪ੍ਰਕਾਰ ਦੇ ਨਸ਼ੇ ਤੇ ਹੁਲੜਬਾਜ਼ੀ ਕੀਤੀ ਜਾਂਦੀ ਹੈ ਜਿਹੜੀ ਕਿ ਗੁਰੂ ਸਾਹਿਬ ਦੇ ਸਿਧਾਂਤ ਤੇ ਅਸਲੋਂ ਹੀ ਉਲਟ ਹੈ। ਪਹਿਲਾਂ ਲੋਕ ਹੋਲੀ ਦੇ ਤਿਉਹਾਰ ਤੇ ਭੰਗ, ਸ਼ਰਾਬ ਪੀ ਕੇ, ਨਸ਼ੇ ਕਰਕੇ; ਰੰਗ ਇਕ- ਦੂਜੇ ਉੱਪਰ ਸੁੱਟਦੇ ਸਨ ਪਰ! ਅਜੋਕੇ ਵਕਤ ਖ਼ਾਲਸਾਈ ਜਾਲੋ ਜਲਾਲ ਦੇ ਪ੍ਰਤੀਤ ਤਿਉਹਾਰ ਹੋਲੇ ਮਹੱਲੇ ਤੇ ਵੀ ਕੁਝ ਲੋਕ ਨਸ਼ੇ ਦਾ ਸੇਵਨ ਕਰਦੇ ਹਨ। ਹੁਲੜਬਾਜ਼ੀ ਕਰਦੇ ਹਨ। ਇਹ ਬਹੁਤ ਮੰਦਭਾਗੀ ਗੱਲ ਹੈ। ਇਹ ਤਿਉਹਾਰ ਸਾਡੇ ਲੋਕਾਂ ਦੇ ਮਨਾਂ 'ਚ ਨਵ- ਚੇਤਨਾ ਦਾ ਸੰਚਾਰ ਕਰਦੇ ਹਨ। ਸਾਨੂੰ ਆਪਣੇ ਇਤਿਹਾਸ, ਵਿਰਸੇ ਅਤੇ ਸੱਭਿਆਚਾਰ ਨਾਲ ਜੋੜਦੇ ਹਨ। ਇਹਨਾਂ ਤਿਉਹਾਰਾਂ ਦੇ ਮੂਲ ਉਦੇਸ਼ਾਂ ਨੂੰ ਸਮਝਣਾ ਚਾਹੀਦਾ ਹੈ ਤਾਂ ਕਿ ਸਾਡੇ ਮਨਾਂ ਅੰਦਰ ਨਵ- ਜਾਗ੍ਰਤੀ ਦਾ ਸੰਚਾਰ ਹੋ ਸਕੇ ਅਤੇ ਅਸੀਂ ਗੁਰੂ ਸਾਹਿਬ ਦੇ ਅਸਲ ਉਦੇਸ਼ ਅਤੇ ਸਿੱਖਿਆ ਨੂੰ ਸਮਝ ਸਕੀਏ ਅਤੇ ਆਪਣਾ ਜੀਵਨ ਵਧੀਆ ਢੰਗ ਨਾਲ ਬਤੀਤ ਕਰ ਸਕੀਏ। ਪਰ ਇਹ ਹੁੰਦਾ ਕਦੋਂ ਹੈ ?, ਇਹ ਅਜੇ ਭਵਿੱਖ ਦੀ ਕੁੱਖ਼ ਵਿਚ ਹੈ।

ਡਾ. ਨਿਸ਼ਾਨ ਸਿੰਘ ਰਾਠੌਰ
ਸੰਪਰਕ - 90414-98009.







# ਸ੍ਰੀ ਅਨੰਦਪੁਰ ਸਾਹਿਬ ਦਾ ਪਾਵਨ ਹੋਲਾ - ਮਹੱਲਾ

ਮਾਸਟਰ ਸੰਜੀਵ ਧਰਮਾਣੀ
9478561356

ਧੰਨ - ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ। ਖ਼ਾਲਸੇ ਦੇ ਜਾਹੋ - ਜਲਾਲ ਦੇ ਪ੍ਰਤੀਕ ਹੋਲੇ - ਮਹੱਲੇ ਦੀ ਆਰੰਭਤਾ ਗੁਰੂ ਨਗਰੀ ਪਵਿੱਤਰ ਧਰਤੀ ਸ੍ਰੀ ਅਨੰਦਪੁਰ ਸਾਹਿਬ ਤੋਂ ਮਾਰਚ ਮਹੀਨੇ ਦੇ ਦੌਰਾਨ ਹਰ ਸਾਲ ਬਹੁਤ ਹੀ ਧੂਮਧਾਮ , ਉਤਸ਼ਾਹ , ਖ਼ੁਸ਼ੀ , ਉਮੰਗ ਅਤੇ ਹੌਸਲੇ ਦੇ ਨਾਲ ਹੁੰਦੀ ਹੈ। ਇਸ ਪਾਵਨ ਅਵਸਰ ਦੇ ਮੌਕੇ 'ਤੇ ਸਮੂਹ ਇਲਾਕਾ ਨਿਵਾਸੀਆਂ , ਸੰਗਤਾਂ , ਪੰਜਾਬ ਅਤੇ ਦੇਸ਼ - ਦੁਨੀਆ ਦੇ ਲੋਕਾਂ ਤੇ ਸੰਗਤਾਂ ਨੂੰ ਬਹੁਤ - ਬਹੁਤ ਵਧਾਈ ਹੋਵੇ। ਹੋਲੇ - ਮਹੱਲੇ ਦਾ ਪਾਵਨ - ਪਵਿੱਤਰ ਮਹਾਨ ਤਿਉਹਾਰ ਪੰਜਾਬ ਤੇ ਪੰਜਾਬੀਅਤ ਦੀ ਚੜ੍ਹਦੀ ਕਲਾ , ਖੁਸ਼ਹਾਲੀ , ਉੱਚੀ - ਸੁੱਚੀ ਤੇ ਨੇਕ ਸੋਚ , ਨਿਡਰਤਾ ਅਤੇ ਹੱਕ - ਸੱਚ 'ਤੇ ਪਹਿਰਾ ਦੇਣ ਦੀ ਗਵਾਹੀ ਤੇ ਪ੍ਰਤੀਕ ਹੈ। ਇਸ ਪਾਵਨ - ਪਵਿੱਤਰ ਸ਼ੁਭ ਦਿਹਾੜ ? 'ਤੇ ਦੇਸ਼ਾਂ - ਵਿਦੇਸ਼ਾਂ ਅਤੇ ਦੂਰੋਂ - ਦੁਰਾਡਿਓਂ ਸੰਗਤਾਂ ਬਹੁਤ ਹੀ ਖ਼ੁਸ਼ੀ ਤੇ ਉਮੰਗ ਦੇ ਨਾਲ ਗੁਰੂ ਦੀ ਨਗਰੀ ਪਾਵਨ - ਪਵਿੱਤਰ , ਮਹਾਨ , ਇਤਿਹਾਸਕ ਧਰਤੀ ਅਤੇ ਅਨੰਦਾਂ ਦੀ ਨਗਰੀ ਸ੍ਰੀ ਅਨੰਦਪੁਰ ਸਾਹਿਬ ( ਜਿਲ੍ਹਾ ਰੂਪਨਗਰ ) ਵਿਖੇ ਧਾਰਮਿਕ ਅਸਥਾਨਾਂ 'ਤੇ ਨਤਮਸਤਕ ਹੁੰਦੀ ਹੈ ਅਤੇ ਇਸ ਮਹਾਨ ਧਰਤੀ ਦੇ ਦਰਸ਼ਨ ਦੀਦਾਰ ਕਰਦੀ ਹੈ। ਹੋਲੇ - ਮਹੱਲੇ ਦਾ ਪਾਵਨ - ਪਵਿੱਤਰ ਤਿਉਹਾਰ ਸਾਨੂੰ ਗੁਰੂ ਸਾਹਿਬਾਨ ਜੀ ਵੱਲੋਂ ਦੱਸੇ ਗਏ ਹੱਕ - ਸੱਚ ਤੇ ਧਰਮ ਦੇ ਮਾਰਗ 'ਤੇ ਚੱਲਣ ਦਾ ਸੁਨੇਹਾ ਦਿੰਦਾ ਹੈ ਅਤੇ ਇਹ ਵੀ ਯਾਦ ਦਿਵਾਉਂਦਾ ਹੈ ਕਿ ਸਾਨੂੰ ਅੰਧ - ਵਿਸ਼ਵਾਸਾਂ , ਊਚ - ਨੀਚ , ਜਾਤ - ਪਾਤ ਅਤੇ ਵਹਿਮਾਂ - ਭਰਮਾਂ ਤੋਂ ਮੁਕਤ ਹੋ ਕੇ ਆਪਣਾ ਜੀਵਨ ਗੁਰੂ ਸਾਹਿਬ ਜੀ ਦੇ ਦੱਸੇ ਮਾਰਗ ਅਨੁਸਾਰ ਬਤੀਤ ਕਰਨਾ ਚਾਹੀਦਾ ਹੈ। ਹੋਲੇ - ਮਹੱਲੇ ਦੇ ਪਾਵਨ - ਪਵਿੱਤਰ ਮੌਕੇ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਕਵੀ ਦਰਬਾਰ , ਢਾਡੀ ਦਰਬਾਰ , ਕੀਰਤਨ ਸਮਾਗਮ , ਗੱਤਕਾ ਮੁਕਾਬਲੇ ਅਤੇ ਹੋਰ ਅਨੇਕਾਂ ਮਹਾਨ ਧਾਰਮਿਕ ਕਾਰਜ ਕੀਤੇ ਜਾਂਦੇ ਹਨ ।ਨਿਹੰਗ ਸਿੰਘਾਂ ਵੱਲੋਂ ਵੀ ਵੱਖ - ਵੱਖ ਤਰ੍ਹਾਂ ਦੇ ਹੈਰਤਅੰਗੇਜ਼ ਕਰਤੱਬ ਬਹੁਤ ਹੀ ਬਹਾਦਰੀ , ਨਿਡਰਤਾ ਅਤੇ ਦਲੇਰੀ ਨਾਲ ਕੀਤੇ ਜਾਂਦੇ ਹਨ। ਹੋਲੇ - ਮਹੱਲੇ ਦੇ ਪਾਵਨ ਦਿਹਾੜ ? 'ਤੇ ਸਿਵਲ ਪ੍ਰਸ਼ਾਸਨ , ਪੁਲਿਸ ਪ੍ਰਸ਼ਾਸਨ ਅਤੇ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਹੋਰ ਸੇਵਾਦਾਰਾਂ ਤੇ ਸੰਗਤਾਂ ਵੱਲੋਂ ਬਹੁਤ ਹੀ ਵਧੀਆ ਢੰਗ ਨਾਲ ਸਮੁੱਚੇ ਪ੍ਰੋਗਰਾਮ ਦੀ ਵਿਉਂਤਬੰਦੀ ਕੀਤੀ ਜਾਂਦੀ ਹੈ ਅਤੇ ਨੇਪਰੇ ਵੀ ਚਾੜ੍ਹਿਆ ਜਾਂਦਾ ਹੈ ।ਸੰਗਤਾਂ ਗੁਰੂ ਕੇ ਅਤੁੱਟ ਵਰਤਾਏ ਜਾਂਦੇ ਲੰਗਰਾਂ ਦਾ ਵੀ ਆਨੰਦ ਉਠਾਉਂਦੀਆਂ ਹਨ ਅਤੇ ਮੇਲੇ ਦੇ ਵੰਨ - ਸੁਵੰਨੇ ਰੰਗਾਂ ਅਤੇ ਦ੍ਰਿਸ਼ਾਂ ਦਾ ਅਨੰਦ ਵੀ ਮਾਣਦੀਆਂ ਹਨ। ਕਈ ਥਾਵਾਂ 'ਤੇ ਪੁਸਤਕ ਪ੍ਰਦਰਸ਼ਨੀਆਂ ਤੇ ਖੇਡ ਪ੍ਰੋਗਰਾਮ ਵੀ ਕਰਵਾਏ ਜਾਂਦੇ ਹਨ। ਸਭ ਤੋਂ ਵੱਡੀ ਵਿਸ਼ੇਸ਼ ਗੱਲ ਇਹ ਹੈ ਕਿ ਇਸ ਮੌਕੇ ਸ੍ਰੀ ਅਨੰਦਪੁਰ ਸਾਹਿਬ ਅਤੇ ਇਸਦੇ ਆਲੇ - ਦੁਆਲੇ ਦੇ ਪਿੰਡਾਂ ਦੇ ਲੋਕ ਬਹੁਤ ਹੀ ਸ਼ਰਧਾ ਭਾਵਨਾ ਦੇ ਨਾਲ ਆਈਆਂ ਹੋਈਆਂ ਸੰਗਤਾਂ ਦੇ ਲਈ ਲੰਗਰ , ਚਾਹ , ਪਾਣੀ ਅਤੇ ਹੋਰ ਵੰਨ - ਸੁਵੰਨੇ ਖਾਧ ਪਦਾਰਥਾਂ ਦੀ ਖੁੱਲ੍ਹਦਿਲੀ ਦੇ ਨਾਲ ਸੇਵਾ / ਉਪਲੱਬਧਤਾ ਕਰਵਾਉਂਦੇ ਹਨ। ਦੂਰੋਂ - ਨੇੜ ? ?ਓਂ ਆਈਆਂ ਹੋਈਆਂ ਸੰਗਤਾਂ ਨੂੰ ਲਾਊਡ ਸਪੀਕਰਾਂ ਦੀਆਂ ਆਵਾਜ਼ਾਂ ਵਾਰ - ਵਾਰ ਗੁਰੂ ਕੇ ਲੰਗਰ ਛਕਣ , ਚਾਹ - ਪਕੌੜਾ ਛਕਣ ਦੀਆਂ ਬੇਨਤੀਆਂ ਕਰਦੀਆਂ ਹਨ , ਜੋ ਕਿ ਇੱਕ ਬਹੁਤ ਵੱਡਾ ਤੇ ਮਹਾਨ ਉਪਰਾਲਾ ਹੈ ।ਇਸ ਪਾਵਨ ਦਿਹਾੜੇ 'ਤੇ ਗੁਰੂ ਘਰਾਂ ਵਿੱਚ ਅੰਮ੍ਰਿਤ ਦਾ ਸੰਚਾਰ ਵੀ ਕੀਤਾ ਜਾਂਦਾ ਹੈ। ਸੰਗਤਾਂ ਗੁਰੂ - ਘਰਾਂ ਵਿੱਚ ਰੱਬੀ ਇਲਾਹੀ ਬਾਣੀ ਦਾ ਅਨੰਦ ਵੀ ਬਹੁਤ ਸ਼ਰਧਾ ਨਾਲ ਮਾਣਦੀਆਂ ਹਨ। ਸਾਨੂੰ ਹੋਲੇ - ਮਹੱਲੇ ਦੇ ਪਾਵਨ ਤਿਉਹਾਰ ਨੂੰ ਮਨਾਉਂਦੇ ਸਮੇਂ ਕੁਦਰਤੀ ਰੰਗਾਂ ਜਾਂ ਫੁੱਲਾਂ ਦੀ ਵਰਤੋਂ ਨੂੰ ਤਰਜੀਹ ਦੇਣੀ ਚਾਹੀਦੀ ਹੈ ਤਾਂ ਜੋ ਰਸਾਇਣਾਂ ਵਾਲੇ ਰੰਗ ਸਾਡੇ ਸਰੀਰ , ਸਾਡੀਆਂ ਅੱਖਾਂ , ਸਾਡੇ ਕੰਨ ਆਦਿ ਨੂੰ ਨੁਕਸਾਨ ਨਾ ਪਹੁੰਚਾ ਸਕਣ। ਇਸ ਮੌਕੇ ਸਾਨੂੰ ਹੱਕ - ਸੱਚ ਦੀ ਕਮਾਈ ਕਰਨ , ਸ਼ਾਂਤੀ , ਸਾਦਗੀ ਅਤੇ ਦੂਸਰਿਆਂ ਪ੍ਰਤੀ ਸਤਿਕਾਰ ਦੀ ਭਾਵਨਾ ਆਪਣੇ ਅੰਦਰ ਲਿਆਉਣ ਦਾ ਅਹਿਦ ਵੀ ਲੈਣਾ ਚਾਹੀਦਾ ਹੈ। ਸਾਨੂੰ ਇਹ ਵੀ ਪ੍ਰਣ ਲੈਣਾ ਚਾਹੀਦਾ ਹੈ ਕਿ ਅਸੀਂ ਖੁਦ ਅਤੇ ਆਪਣੇ ਸਮਾਜ ਨੂੰ ਨਸ਼ਿਆਂ ਤੋਂ ਮੁਕਤ ਰੱਖੀਏ। ਇਸ ਪਾਵਨ ਦਿਹਾੜ ? ਮੌਕੇ ਹੋ ਸਕੇ ਤਾਂ ਲੋੜਵੰਦਾਂ ਦੀ ਯਥਾਸੰਭਵ ਯੋਗ ਸਹਾਇਤਾ ਕਰ ਦੇਣੀ ਚਾਹੀਦੀ ਹੈ। ਪ੍ਰਮਾਤਮਾ ਕਰੇ ! ਗੁਰੂ ਮਹਾਰਾਜ ਜੀ ਦੀ ਕ੍ਰਿਪਾ ਨਾਲ ਹਰ ਸਾਲ ਸੁੱਖ - ਸ਼ਾਂਤੀ , ਖ਼ੁਸ਼ੀ , ਉਮੰਗ - ਤਰੰਗ ਅਤੇ ਹਰ ਤਰ੍ਹਾਂ ਦੇ ਭੇਦਭਾਵ ਤੇ ਮਨ - ਮੁਟਾਵ ਮਿਟਾ ਕੇ ਸਮੁੱਚੀ ਦੁਨੀਆ ਸ੍ਰੀ ਅਨੰਦਪੁਰ ਸਾਹਿਬ ਦੇ ਇਸ ਮਹਾਨ , ਪਾਵਨ ਅਤੇ ਦੁਨੀਆ ਵਿੱਚ ਵਿਸ਼ੇਸ਼ ਮਹੱਤਤਾ ਰੱਖਣ ਵਾਲੇ ਤਿਓਹਾਰ ਹੋਲਾ - ਮਹੱਲਾ ਨੂੰ ਬਹੁਤ ਹੀ ਖ਼ੁਸ਼ੀ ਨਾਲ ਅਤੇ ਆਪਸ ਵਿੱਚ ਰਲ਼ - ਮਿਲ਼ ਕੇ ਮਨਾਉਂਦੇ ਰਹਿਣ ਤੇ ਸਾਰੇ ਰਲ਼ - ਮਿਲ਼ ਕੇ ਰਹਿਣ ਜੀ।

# ਸੇਵ ਵਾਟਰ ਦੀ ਮੁਹਿੰਮ ਅਤੇ ਗੱਬਰ ਦੀ ਹੋਲੀ

* ਮੂਲ : ਵਿਨੋਦ ਕੁਮਾਰ ਵਿੱਕੀ
* ਅਨੁ : ਪ੍ਰੋ. ਨਵ ਸੰਗੀਤ ਸਿੰਘ

'ਓਏ ਸਾਂਭਾ, ਕਿੰਨੇ ਆਦਮੀ ਸਨ ?' ਗੱਬਰ ਨੇ ਖੈਨੀ ਨੂੰ ਹਥੇਲੀ 'ਤੇ ਰਗੜਦਿਆਂ ਪੁੱਛਿਆ।

'ਸਰਦਾਰ ਦੋ' ਸਾਰਿਆਂ ਨੇ ਇਕੱਠਿਆਂ ਜਵਾਬ ਦਿੱਤਾ।

'ਤੁਸੀਂ ਸੂਰ ਦੇ ਬੱਚਿਓ, ਮੈਂ ਰਾਮਗੜ੍ਹ ਬਾਰੇ ਨਹੀਂ, ਮਹਾਂਕੁੰਭ ? ?ਬਾਰੇ ਪੁੱਛ ਰਿਹਾ ਹਾਂ।' ਗੱਬਰ ਗੁੱਸੇ ਨਾਲ ਬੋਲਿਆ।

'ਸਰਦਾਰ, ਤੁਹਾਡਾ ਇਹ ਸਵਾਲ ਸੁਣ ਕੇ ਹਰ ਕੋਈ ਕਨਫਿਊਜ਼ ਹੋ ਜਾਂਦਾ ਹੈ। ਅਸਲ ਵਿੱਚ 'ਸਰਦਾਰ ਦੋ' ਜਵਾਬ ਵਾਲੇ ਤੁਹਾਡੇ ਇਸ ਪ੍ਰਸ਼ਨ ਦਾ ਜਵਾਬ ਰਾਮਗੜ੍ਹ ਹੀ ਨਹੀਂ, ਸਗੋਂ ਪੂਰਾ ਦੇਸ਼ ਜਾਣ ਚੁੱਕਾ ਹੈ। ਇਕ ਮਿੰਟ ਜ਼ਰਾ ਗੂਗਲ 'ਤੇ ਸਰਚ ਕਰ ਲਵਾਂ।' ਲੈਪਟਾਪ ਤੇ ਸਰਚ ਕਰਦਿਆਂ ਸਾਂਭਾ ਅੱਗੇ ਬੋਲਿਆ, 'ਸਰਦਾਰ ਪੈਂਹਟ ਕਰੋੜ।'

'ਪੈਂ... ਹਟ ਕਰੋੜ!... ਮਹਾਂਜਾਮ ਅਤੇ ਰੇਲ ਪਥਰਾਅ ਦੇ ਵਿਚਕਾਰ ਸ਼ਾਹੀ ਇਸ਼ਨਾਨ ਛੇ ਅਤੇ ਨਹਾਉਣ ਵਾਲੇ ਪੈਂਹਟ ਕਰੋੜ ? ਬਹੁਤ ਬੇਇਨਸਾਫ਼ੀ ਹੈ ਇਹ! ਫਿਰ ਤਾਂ ਗੁੱਜਰ ਵੀ ਆਇਆ ਹੋਵੇਗਾ!' ਗੱਬਰ ਨੇ ਹੈਰਾਨੀ ਨਾਲ ਪੁੱਛਿਆ।

'ਨਹੀਂ ਸਰਦਾਰ।' ਸਾਂਭਾ ਨੇ ਯਕੀਨ ਨਾਲ ਦੱਸਿਆ।

'ਫੇਰ ਕਾਹਦਾ ਮੇਲਾ, ਜੇ ਗੁੱਜਰ ਹੀ ਨਹੀ ਆਇਆ... ਵੈਸੇ ਹੋਲੀ ਕਦੋਂ ਦੀ ਹੈ ?' ਗੱਬਰ ਨੇ ਖੈਨੀ ਨੂੰ ਬੁੱਲ੍ਹਾਂ ਵਿਚਕਾਰ ਰੱਖਦਿਆਂ ਅਗਲਾ ਸਵਾਲ ਕੀਤਾ।

ਕਾਲੀਆ (ਸਿਰ ਖੁਰਕਦੇ ਹੋਏ) 'ਇਸ ਸਾਲ ਬਹੁਤ ਕਨਫਿਊਜ਼ਨ ਹੈ, ਸਰਦਾਰ। ਕੋਈ ਕਹਿ ਰਿਹਾ ਹੈ 13 ਮਾਰਚ ਤੇ ਕੋਈ 14 ਮਾਰਚ...'

'ਇਹ ਦੋ ਦਿਨਾਂ ਦਾ ਕੀ ਡਰਾਮਾ ਹੈ ਓਏ ?' ਗੱਬਰ ਨੇ ਖਿਝ ਕੇ ਪੁੱਛਿਆ।

'ਸਰਦਾਰ ਭਦਰਾ ਦਾ ਪ੍ਰਕੋਪ।' ਸਮੂਹਿਕ ਜਵਾਬ ਆਇਆ।

'ਖੈਰ ਇਹ ਦੱਸ, ਇਸ ਵਾਰ ਰਾਮਗੜ੍ਹ ਵਾਲਿਆਂ ਨੇ ਕੀ ਤਿਆਰੀ ਕੀਤੀ ਹੈ ?' ਗੱਬਰ ਨੇ ਅਗਲਾ ਸੁਆਲ ਕੀਤਾ।

'ਸਰਦਾਰ, ਸਾਰਿਆਂ ਨੇ ਪੂਰੀ ਤਿਆਰੀ ਕੀਤੀ ਹੋਈ ਹੈ।'

ਪੱਥਰ 'ਤੇ ਬਹਿੰਦਿਆਂ ਗੱਬਰ ਨੇ ਪੁੱਛਿਆ - 'ਅੱਛਾ ?'

ਮੋਢੇ ਤੇ ਰਾਈਫਲ ਰੱਖਦਿਆਂ ਕਾਲੀਆ ਨੇ ਕਿਹਾ- 'ਜੀ, ਕਾਫੀ ਬਿਜ਼ੀ ਸ਼ਡਿਊਲ ਹੈ ਪਿੰਡ ਵਾਲਿਆਂ ਦਾ। ਸਾਰੇ ਪਿੰਡ ਵਾਲਿਆਂ ਨੇ 5ਜੀ ਅਨਲਿਮਿਟਿਡ ਵਾਲਾ ਡਾਟਾ ਪੈਕ ਭਰਵਾ ਲਿਆ ਹੈ। ਹੋਲਿਕਾ ਦਹਨ ਤੋਂ ਲਗਾਤਾਰ ਦੋ ਦਿਨਾਂ ਤੱਕ ਸੋਸ਼ਲ ਮੀਡੀਆ 'ਤੇ ਵਧਾਈ ਅਤੇ ਸ਼ੁਭਕਾਮਨਾਵਾਂ ਸੰਦੇਸ਼ ਭੇਜਣ ਅਤੇ ਪਿਚਕਾਰੀ, ਰੰਗ, ਗੁਜੀਆ, ਪੂੜੇ-ਪਕਵਾਨਾਂ ਦੀਆਂ ਤਸਵੀਰਾਂ ਇੱਕ ਦੂਜੇ ਨੂੰ ਵਟਸਐਪ 'ਤੇ ਫਾਰਵਰਡ ਕਰਨ ਦੀ ਯੋਜਨਾ ਬਣਾਈ ਹੈ।' 'ਆਅ ਥੂਹ..., ਇਹ ਕੀ ਪਲਾਨ ਹੈ ਬਈ, ਮੋਬਾਈਲ-ਮੋਬਾਈਲ ਤੇ ਸੁੱਕੀ ਵਧਾਈ... ਅਸੀਂ ਤਾਂ ਖੂਬ ਜੰਮ ਕੇ ਰੰਗ-ਗੁਲਾਲ ਉਡਾਵਾਂਗੇ।'

'ਪਰ ਸਰਦਾਰ ਸੇਵ ਵਾਟਰ ਅਤੇ ਰੰਗ ਗੁਲਾਲ ਕਾਰਨ ਪੈਦਾ ਹੋਣ ਵਾਲੀ ਰਸਾਇਣਕ ਪ੍ਰਤੀਕਿਰਿਆ ਨੂੰ ਦੇਖਦਿਆਂ ਹੋਲੀ ਦੇ ਬਾਈਕਾਟ ਦੀ ਮੁਹਿੰਮ ਵੀ ਚਲਾਈ ਗਈ ਹੈ।' ਸਾਂਭਾ ਨੇ ਚੇਤਾਵਨੀ ਦਿੱਤੀ।

'ਹੁਣ ਠਾਕੁਰ ਨੇ ਕਿਹੜੀ ਨਵੀਂ ਚਾਲ ਚੱਲ ਦਿੱਤੀ ਹੈ ?' ਗੱਬਰ ਨੇ ਸ਼ੱਕ ਨਾਲ ਪੁੱਛਿਆ।


'ਸਰਦਾਰ, ਠਾਕੁਰ ਜਾਂ ਜੈ-ਵੀਰੂ ਨੇ ਨਹੀਂ, ਬਲਕਿ ਕੁਝ ਅਖੌਤੀ ਬੁੱਧੀਜੀਵੀਆਂ ਨੇ ਹੋਲੀ ਦੇ ਸਮੇਂ ਸੇਵ ਵਾਟਰ ਦਾ ਪ੍ਰਾਪੇਗੰਡਾ ਚਲਾਇਆ ਹੋਇਆ ਹੈ।' ਸਾਂਭਾ ਨੇ ਸਥਿਤੀ ਸਪਸ਼ਟ ਕੀਤੀ।

'ਘੋਰ ਸੰਕਟ ਹੈ ਯਾਰ... ਓ ਬਈ ਹੋਲੀ ਵਿੱਚ ਘੱਟੋ-ਘੱਟ ਕੋਈ ਨਾਚ-ਗਾਣੇ ਵਾਲੀ ਦਾ ਹੀ ਪ੍ਰਬੰਧ ਕਰ ਲਓ!' ਗੱਬਰ ਨਿਰਾਸ਼ ਹੋ ਕੇ ਬੋਲਿਆ।

'ਟੈਨਸ਼ਨ ਨਾ ਲਓ ਸਰਦਾਰ, ਮੈਟਾ ਇੰਸਟਾਗ੍ਰਾਮ 'ਤੇ ਸਾਰਾ ਦਿਨ ਰੀਲਾਂ ਦੇਖਣ ਦਾ ਵਧੀਆ ਪ੍ਰਬੰਧ ਕੀਤਾ ਹੋਇਆ ਹੈ। ਹੋਲੀ ਅਤੇ ਭੋਜਪੁਰੀ ਗੀਤਾਂ 'ਤੇ ਇੱਕ ਤੋਂ ਵੱਧ ਬਸੰਤੀ ਬਿਨਾਂ ਥੱਕਿਆਂ ਠੁਮਕੇ ਲਾਉਂਦੀ ਨਜ਼ਰ ਆਵੇਗੀ।' ਇਹ ਕਹਿ ਕੇ ਸਾਂਭਾ ਨੇ ਲੈਪਟਾਪ 'ਤੇ 'ਹੈਪੀ ਹੋਲੀ' ਦਾ ਸੁਨੇਹਾ ਟਾਈਪ ਕਰਕੇ ਡਿਜੀਟਲ ਹੋਲੀ ਦੀ ਤਿਆਰੀ ਸ਼ੁਰੂ ਕਰ ਦਿੱਤੀ।

* ਮੂਲ : ਵਿਨੋਦ ਕੁਮਾਰ ਵਿੱਕੀ, ਖਗੜੀਆ
* ਅਨੁ : ਪ੍ਰੋ. ਨਵ ਸੰਗੀਤ ਸਿੰਘ, ਲਤਾ ਗਰੀਨ ਐਨਕਲੇਵ ਪਟਿਆਲਾ- 147002.
(9417692015)





# ਹੋਲਾ ਮਹੱਲਾ- ਉਸਾਰੂ ਸੋਚ ਅਤੇ ਉਤਸ਼ਾਹ ਦਾ ਪ੍ਰਤੀਕ

ਬਰਜਿੰਦਰ ਕੌਰ ਬਿਸਰਾਓ...
9988901324

ਹੋਲਾ ਮਹੱਲਾ ਆਨੰਦਪੁਰ ਸਾਹਿਬ ਦਾ ਮਸ਼ਹੂਰ ਅਤੇ ਪਵਿੱਤਰ ਤਿਉਹਾਰ ਹੈ। ਹੋਲੀ ਤੋਂ ਅਗਲੇ ਦਿਨ ਆਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਦਾ ਤਿਉਹਾਰ ਬਹੁਤ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ। ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਹੋਲੇ ਮਹੱਲੇ ਦਾ ਵਿਸ਼ੇਸ਼ ਸਮਾਗਮ ਅਤੇ ਖਾਲਸਾਈ ਜਾਹੋ ਜਲਾਲ ਦੇਖਣ ਲਈ ਪਹੁੰਚਦੀਆਂ ਹਨ। ਹੋਲਾ ਮਹੱਲਾ ਆਜ਼ਾਦੀ, ਬਹਾਦਰੀ ਅਤੇ ਉਤਸ਼ਾਹ ਦਾ ਪ੍ਰਤੀਕ ਹੈ ।ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿੱਚ ਵਿਸਾਖੀ ਵਾਲੇ ਦਿਨ ਅਮ੍ਰਿਤ ਛਕਾ ਕੇ ਉਸ ਸਮੇਂ ਦੇ ਜ਼ਾਲਮ ਰਾਜਿਆਂ ਦੇ ਜ਼ੁਲਮ ਨੂੰ ਖਤਮ ਕਰਨ ਲਈ ਇੱਕ ਸ਼ਕਤੀਸ਼ਾਲੀ ਕੌਮ ਦੀ ਸਿਰਜਣਾ ਕੀਤੀ। ਹੋਲੀ ਦੇ ਤਿਉਹਾਰ ਨੂੰ ਸਿਰਫ਼ ਰੰਗਾਂ ਨਾਲ ਖੇਡਦੇ ਹੋਏ ਮਨਾਇਆ ਜਾਂਦਾ ਸੀ। ਉਸ ਨੂੰ ਅਧਿਆਤਮਕ ਰੰਗ ਦੇਣ ਲਈ ਅਤੇ ਉਸ ਸਮੇਂ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਅਤੇ ਜ਼ੁਲਮ ਦੂਰ ਕਰਨ ਲਈ ਮੁਰਦਾ ਹੋ ਚੁੱਕੀਆਂ ਰੂਹਾਂ ਦੇ ਅੰਦਰ ਜੋਸ਼ ਅਤੇ ਉਤਸ਼ਾਹ ਪੈਦਾ ਕਰਨ ਲਈ ਹੋਲਾ ਮਹੱਲਾ ਮਨਾਉਣਾ ਆਰੰਭਿਆ ਗਿਆ।ਉਸ ਸਮੇਂ ਦੇ ਜਾਲਮ ਹਾਕਮਾਂ ਦੇ ਜਬਰ ਖਿਲਾਫ ਸੰਘਰਸ਼ ਕਰਨ ਤੇ ਕੌਮ @ਚ ਜੋਸ਼ ਪੈਦਾ ਕਰਨ ਲਈ ਹੋਲੀ ਦੇ ਤਿਉਹਾਰ ਨੂੰ ਨਵਾਂ ਰੂਪ ਦੇ ਕੇ 1701 ਈ: @ਚ ਹੋਲੇ ਮਹੱਲੇ ਦੀ ਪ੍ਰੰਪਰਾ ਆਰੰਭ ਕੀਤੀ ਗਈ ਸੀ। ਉਨ੍ਹਾਂ ਵੱਲੋਂ ਖਾਲਸਾਈ ਫੌਜਾਂ ਦੇ ਦੋ ਦਲਾਂ ਵਿੱਚ ਸਾਸ਼ਤਰ ਵਿੱਦਿਆ ਦੇ ਜੌਹਰ ਦਿਖਾਉਂਦੇ ਹੋਏ ਜੰਗੀ ਮੁਕਾਬਲੇ ਕਰਵਾਏ ਜਾਂਦੇ ਸਨ ਤੇ ਜੇਤੂਆਂ ਨੂੰ ਸਨਮਾਨਿਤ ਕੀਤਾ ਜਾਂਦਾ ਸੀ। ਅੱਜ ਵੀ ਉਸੇ ਪਰੰਪਰਾ ਅਨੁਸਾਰ ਹੋਲਾ ਮਹੱਲਾ ਮਨਾਇਆ ਜਾਂਦਾ ਹੈ। ਜਦੋਂ ਹੋਲੇ ਮਹੱਲੇ ਦੇ ਇਕੱਠ ਨੂੰ ਜਲੂਸ ਦੇ ਰੂਪ ਵਿੱਚ ਕੱਢਿਆ ਜਾਂਦਾ ਹੈ ਤਾਂ ਉਸਦੇ ਅੱਗੇ-ਅੱਗੇ ਯੁੱਧ ਕਲਾ ਅਤੇ ਸ਼ਕਤੀ ਪ੍ਰਦਰਸ਼ਨ ਕੀਤਾ ਜਾਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਉਸ ਸਮੇਂ ਦੀ ਮੰਗ ਅਨੁਸਾਰ ਦਬੇ ਕੁਚਲੇ ਲੋਕਾਂ ਦਾ ਮਨੋਬਲ ਉੱਚਾ ਚੁੱਕਣ ਦੇ ਨਾਲ-ਨਾਲ ਉਹਨਾਂ ਅੰਦਰ ਸਰੀਰਕ ਤੌਰ @ਤੇ ਵੀ ਜੋਸ਼ ਪੈਦਾ ਕਰਨ ਲਈ ਨਵੇਂ ਸਾਧਨ ਅਪਣਾਏ ਗਏ।ਇਸ ਵਿੱਚ ਉਹਨਾਂ ਨੇ ਭਗਤੀ ਦੇ ਨਾਲ ਨਾਲ ਸ਼ਕਤੀ ਪ੍ਰਦਰਸ਼ਨ ਤੇ ਜ਼ੋਰ ਦਿੱਤਾ।ਇਸ ਆਦਰਸ਼ ਲਈ ਸ਼ਸਤਰਾਂ ਦਾ ਸਤਿਕਾਰ ਅਤੇ ਸਦਉਪਯੋਗ ਕਰਨ ਉੱਪਰ ਜ਼ੋਰ ਦਿੱਤਾ ਗਿਆ। ਇਸ ਬਦਲਾਅ ਤਰਕ ਨਾਲ ਹੀ ਖ਼ਾਲਸਾ ਪੰਥ ਵਿੱਚ ਹੋਲੇ ਮਹੱਲੇ ਦਾ ਪੁਰਬ ਮਨਾਇਆ ਜਾਣ ਲੱਗਾ।ਇਸ ਦਾ ਮੰਤਵ ਅਤੇ ਉਦੇਸ਼ ਸਿੱਖ ਕੌਮ ਵਿੱਚ ਬਹੁਤ ਉਸਾਰੂ ਅਤੇ ਸਾਰਥਕ ਸੇਧ ਦੇਣਾ ਸੀ । ਹਰੇਕ ਰੁੱਤ ਦੇ ਬਦਲਣ @ਤੇ ਆਪਣੇ ਦਿਲ ਦੇ ਭਾਵਾਂ ਦਾ ਪ੍ਰਗਟਾਵਾ ਕਰਨ ਲਈ ਭਾਰਤ ਵਿੱਚ ਸ਼ੁਰੂ ਤੋਂ ਹੀ ਕਈ ਤਿਉਹਾਰ ਨਿਸ਼ਚਿਤ ਕੀਤੇ ਹੋਏ ਹਨ। ਪਰ ਸਿੱਖ ਗੁਰੂਆਂ ਨੇ ਇਨ੍ਹਾਂ ਪ੍ਰੰਪਰਾਗਤ ਤਿਉਹਾਰਾਂ ਵਿੱਚ ਨਵਾਂ ਪਰਿਵਰਤਨ ਲਿਆਉਣ ਲਈ ਗੁਰਮਤਿ ਸੱਭਿਆਚਾਰ ਸਿਰਜਿਆ ਤਾਂ ਜੋ ਇਨ੍ਹਾਂ ਤੋਂ ਸਮਾਜ ਨੂੰ ਕੋਈ ਉਸਾਰੂ ਸੇਧ ਪ੍ਰਦਾਨ ਕੀਤੀ ਜਾ ਸਕੇ। ਹੋਲਾ ਮਹੱਲਾ ਵੀ ਇਸੇ ਦੀ ਸੂਚਕ ਹੈ। ਆਨੰਦਪੁਰ ਸਾਹਿਬ ਵਿੱਚ ਹੋਲਾ ਮਹੱਲਾ ਮਨਾਉਣ ਆਈਆਂ ਸੰਗਤਾਂ ਦਾ ਉਤਸ਼ਾਹ ਵੇਖਣ ਵਾਲ਼ਾ ਹੁੰਦਾ ਹੈ।ਹੋਲੇ ਮਹੱਲੇ ਦੀਆਂ ਤਿਆਰੀਆਂ ਕਿੰਨਾਂ ਕਿੰਨਾਂ ਚਿਰ ਪਹਿਲਾਂ ਹੀ ਸ਼ੁਰੂ ਹੋ ਜਾਂਦੀਆਂ ਹਨ। ਹਫ਼ਤਾ ਭਰ ਪੰਜਾਬ ਦੀਆਂ ਸਾਰੀਆਂ ਸੜਕਾਂ ਦੇ ਕਿਨਾਰਿਆਂ ਤੇ ਟੈਂਟ ਲਗਾ ਕੇ ਵੱਖ ਵੱਖ ਪਿੰਡਾਂ ਅਤੇ ਨਗਰਾਂ ਵੱਲੋਂ ਹੋਲੇ ਮੁਹੱਲੇ ਤੇ ਜਾਣ-ਆਉਣ ਵਾਲੀਆਂ ਸੰਗਤਾਂ ਦੀ ਸੁੱਖ ਸਹੂਲਤ ਲਈ ਵੱਖ ਵੱਖ ਪ੍ਰਕਾਰ ਦੇ ਪਕਵਾਨ ਤਿਆਰ ਕਰਕੇ ਲੰਗਰ ਲਗਾਏ ਜਾਂਦੇ ਹਨ। ਲੰਗਰ ਵਰਤਾਉਣ ਵਾਲਿਆਂ ਵਿੱਚ ਉਤਸ਼ਾਹ ਵੇਖਣ ਵਾਲ਼ਾ ਹੁੰਦਾ ਹੈ।ਉਹ ਰਸਤੇ ਵਿੱਚ ਜਾਂਦੀਆਂ ਸੰਗਤਾਂ ਨੂੰ ਰੋਕ ਰੋਕ ਕੇ ਨਿਮਰਤਾ ਅਤੇ ਸ਼ਰਧਾ ਭਾਵਨਾ ਨਾਲ ਲੰਗਰ ਛਕਾਉਂਦੇ ਹਨ।ਹੋਲੇ ਮਹੱਲੇ ਦੇ ਮੇਲੇ ਵਿੱਚ ਲੱਖਾਂ ਦੀ ਤਾਦਾਦ ਵਿੱਚ ਸੰਗਤਾਂ ਆਨੰਦਪੁਰ ਸਾਹਿਬ ਪਹੁੰਚਦੀਆਂ ਹਨ।ਉੱਥੇ ਤਿਲ ਸੁੱਟਣ ਦੀ ਥਾਂ ਨਹੀਂ ਹੁੰਦੀ। ਲੋਕਾਂ ਨੂੰ ਆਪਣੇ ਵਾਹਨ ਕਿੰਨੀ ਕਿੰਨੀ ਦੂਰ ਖੜੇ ਕਰਕੇ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕਣ ਜਾਣਾ ਪੈਂਦਾ ਹੈ।ਮੱਥਾ ਟੇਕਣ ਲਈ ਵੀ ਕਈ ਕਈ ਘੰਟੇ ਕਤਾਰਾਂ ਵਿੱਚ ਖੜ੍ਹੇ ਰਹਿਣਾ ਪੈਂਦਾ ਹੈ। ਸੰਗਤਾਂ ਦੋ ਤਿੰਨ ਦਿਨ ਪਹਿਲਾਂ ਤੋਂ ਹੀ ਉੱਥੇ ਪਹੁੰਚਣੀਆਂ ਸ਼ੁਰੂ ਹੋ ਜਾਂਦੀਆਂ ਹਨ। ਢਾਡੀ ਵਾਰਾਂ ਨਾਲ ਸਾਰਾ ਵਾਤਾਵਰਣ ਬੀਰ ਰਸ ਭਰਪੂਰ ਹੋ ਜਾਂਦਾ ਹੈ।ਹੋਲੇ ਮਹੱਲੇ ਵਾਲੇ ਦਿਨ ਪਰੰਪਰਾਗਤ ਤਰੀਕੇ ਨਾਲ ਗੱਤਕਾ, ਨੇਜ਼ੇ ਅਤੇ ਤਲਵਾਰਾਂ ਦੇ ਕਰਤੱਬ ਦਿਖਾਉਂਦੇ ਹੋਏ ਨਿਹੰਗ ਸਿੰਘ ਸ਼ਕਤੀ ਪ੍ਰਦਰਸ਼ਨ ਕਰਦੇ ਹੋਏ ਜਲੂਸ ਦੇ ਰੂਪ ਵਿੱਚ ਰੰਗ ਸੁੱਟਦੇ ਹਨ।ਇਸ ਤਰ੍ਹਾਂ ਗੁਰੂ ਸਾਹਿਬ ਦੇ ਪਾਏ ਪੂਰਨਿਆਂ ਤੇ ਚੱਲਦੇ ਹੋਏ ਹਰ ਸਾਲ ਹੋਲੇ ਮਹੱਲੇ ਦਾ ਤਿਉਹਾਰ ਉਤਸ਼ਾਹ ਪੂਰਵਕ ਮਨਾਇਆ ਜਾਂਦਾ ਹੈ।



# ਹੋਲੀ ਤੇ ਹੁੜਦੰਗ ਨਾ ਮਚਾਓ

ਬਰਜਿੰਦਰ ਕੌਰ ਬਿਸਰਾਓ...
9988901324

ਇਹ ਤਾਂ ਸਭ ਨੂੰ ਪਤਾ ਹੀ ਹੈ ਕਿ ਹੋਲੀ ਰੰਗਾਂ ਦਾ ਤਿਉਹਾਰ ਹੈ। ਰੰਗ ਖ਼ੁਸ਼ੀ ਦਾ ਪ੍ਰਤੀਕ ਹੁੰਦੇ ਹਨ ਜੋ ਸਾਡਾ ਜੀਵਨ ਰੰਗੀਨ ਬਣਾਉਂਦੇ ਹਨ।ਜੇ ਹੋਲੀ ਦਾ ਤਿਉਹਾਰ ਪੂਰੀ ਮਰਿਆਦਾ ਨਾਲ ਮਨਾਇਆ ਜਾਵੇ ਤਾਂ ਹੋਲੀ ਵਾਲੇ ਦਿਨ ਸਾਰਾ ਆਲਾ-ਦੁਆਲਾ ਰੰਗ-ਬਿਰੰਗਾ ਅਤੇ ਖਿੜਿਆ ਖਿੜਿਆ ਦਿਸਦਾ ਹੈ ਜੋ ਸਿਰਫ਼ ਦੇਖਣ ਨੂੰ ਹੀ ਸੋਹਣਾ ਨਹੀਂ ਲੱਗਦਾ, ਸਗੋਂ ਸਾਡੀ ਰੂਹ ਨੂੰ ਵੀ ਖ਼ੁਸ਼ੀ ਦਿੰਦਾ ਹੈ।ਹਰ ਉਮਰ ਅਤੇ ਹਰ ਵਰਗ ਦੇ ਲੋਕ ਇਸ ਤਿਉਹਾਰ ਨੂੰ ਆਪਣੇ-ਆਪਣੇ ਢੰਗ ਨਾਲ ਬੜੇ ਉਤਸ਼ਾਹ ਨਾਲ ਮਨਾਉਂਦੇ ਹਨ। ਬੱਚੇ ਤਰ੍ਹਾਂ-ਤਰ੍ਹਾਂ ਦੀਆਂ ਪਿਚਕਾਰੀਆਂ ਵਿੱਚ ਰੰਗ ਭਰ ਕੇ ਪਾਣੀ ਵਾਲੀ ਹੋਲੀ ਖੇਡਦੇ ਹਨ। ਉਹ ਕੋਠਿਆਂ 'ਤੇ ਚੜ੍ਹ ਕੇ ਗਲੀ ਵਿੱਚ ਲੰਘਦਿਆਂ ਉੱਤੇ ਰੰਗ ਵਾਲ਼ ਪਾਣੀ ਦੇ ਗ਼ੁਬਾਰੇ ਸੁੱਟ ਕੇ ਖ਼ੁਸ਼ੀ ਮਨਾਉਂਦੇ ਹਨ।

ਸਕੂਟਰਾਂ, ਮੋਟਰਸਾਈਕਲਾਂ ਉੱਤੇ ਚਾਰ-ਚਾਰ ,ਪੰਜ-ਪੰਜ ਜਣੇ ਤੇ ਕਾਰਾਂ ਵਿੱਚ ਦਸ-ਦਸ ਨੌਜਵਾਨ ਮੁੰਡੇ ਕੁੜੀਆਂ ਭਰ ਕੇ ਮੂੰਹ ਅਤੇ ਕੱਪੜੇ ਰੰਗ ਬਿਰੰਗੇ ਕੀਤੇ ਜਲੂਸ ਦੇ ਰੂਪ ਵਿੱਚ ਸੀਟੀਆਂ ਮਾਰਦੇ , ਲਗਾਤਾਰ ਟੀਂ-ਟੀਂ ਟੀਂ-ਟੀਂ ਕਰਦੇ, ਹੁੜਦੰਗ ਮਚਾਉਂਦੇ ਗਲ਼ੀਆਂ ਮੁਹੱਲਿਆਂ ਅਤੇ ਬਜ਼ਾਰਾਂ ਵਿੱਚ ਅੱਗ ਲੱਗੀ ਵਾਂਗੂੰ ਤੇਜ਼ ਰਫ਼ਤਾਰ ਨਾਲ਼ ਗੇੜੀਆਂ ਮਾਰਦੇ ਹਨ। ਕਈ ਤਾਂ ਬਹੁਤੇ ਮਾਡਰਨ ਮਾਪੇ ਵੀ ਉਹਨਾਂ ਦਾ ਸਾਥ ਦਿੰਦੇ ਦਿਸਦੇ ਹਨ। ਸਵੇਰ ਤੋਂ ਲੈਕੇ ਸ਼ਾਮ ਤੱਕ ਗੇੜੇ ਕੱਢਦੇ, ਆਉਂਦੇ ਜਾਂਦੇ ਰਾਹੀਆਂ ਉੱਪਰ ਰੰਗ ਸੁੱਟ ਕੇ ਉਹਨਾਂ ਦੇ ਮਜ਼ਾਕ ਉਡਾਉਣਾ ਕਿਹੜੀ ਤਹਿਜ਼ੀਬ ਦਾ ਹਿੱਸਾ ਹੈ ? ਇਸ ਨੂੰ ਉਹ ਲੋਕ ਆਪਣਾ ਤਿਉਹਾਰ ਮਨਾਉਣ ਦਾ ਤਰੀਕਾ ਜਾਂ ਮਨੋਰੰਜਨ ਆਖਦੇ ਹਨ। ਰਾਹਾਂ ਵਿੱਚ ਆਪਣੇ ਕੰਮਾਂ ਕਾਰਾਂ ਲਈ ਜਾਂਦੇ, ਧੋਤੇ ਪ੍ਰੈੱਸ ਕੀਤੇ ਕੱਪੜੇ ਪਾਈ ਜਾਂਦੇ ਸ਼ਰੀਫ਼ ਲੋਕਾਂ ਨੂੰ ਤਾਂ ਇਹਨਾਂ ਨੇ ਕੀ ਬਖਸ਼ਣਾ ਹੈ,ਇਹ ਤਾਂ ਬੇਜ਼ੁਬਾਨ ਜਾਨਵਰਾਂ ਉੱਪਰ ਰੰਗ ਸੁੱਟ ਸੁੱਟ ਉਹਨਾਂ ਨੂੰ ਹਾਲੋਂ ਬੇਹਾਲ ਕਰ ਦਿੰਦੇ ਹਨ। ਉਹ ਸਮਝ ਹੀ ਨਹੀਂ ਪਾਉਂਦੇ ਕਿ ਇਹ ਧਰਤੀ ਉੱਤੇ ਕਿਹੜੇ ਗ੍ਰਹਿ ਦੇ ਜੀਵ-ਜੰਤੂ ਉਤਰ ਆਏ ਹਨ। ਕਈ ਵਾਰ ਕਈ ਅੱਕੇ ਹੋਏ ਲੋਕ ਇਹੋ ਜਿਹੇ ਮੱਛਰੇ ਹੋਏ ਅੱਥਰੇ ਲੋਕਾਂ ਨਾਲ ਦੋ ਹੱਥ ਵੀ ਕਰ ਲੈਂਦੇ ਹਨ। ਕਈ ਵਾਰ ਤਾਂ ਇਹ ਲੜਾਈਆਂ ਭਿਆਨਕ ਰੂਪ ਧਾਰਨ ਕਰ ਲੈਂਦੀਆਂ ਹਨ। ਜਿਹੜੇ ਲੋਕ ਤਹਿਜ਼ੀਬ ਨਾਲ ਮਰਿਆਦਾ ਸਹਿਤ ਇਸ ਤਿਉਹਾਰ ਨੂੰ ਮਨਾਉਂਦੇ ਹਨ ਉਹ ਆਪਣੇ ਦੋਸਤਾਂ-ਮਿੱਤਰਾਂ, ਗੁਆਂਢੀਆਂ ਅਤੇ ਰਿਸ਼ਤੇਦਾਰਾਂ ਦੇ ਘਰ ਜਾ ਕੇ ਗੁਲਾਲ ਲਗਾ ਕੇ ਹੋਲੀ ਦੀਆਂ ਵਧਾਈਆਂ ਦਿੰਦੇ ਹਨ। ਘਰ ਆਏ ਮਹਿਮਾਨਾਂ ਨੂੰ ਮਠਿਆਈ ਖੁਆਈ ਜਾਂਦੀ ਹੈ ਅਤੇ ਚਾਹ ਪਾਣੀ ਪਿਆਇਆ ਜਾਂਦਾ ਹੈ। ਕਈ ਲੋਕ ਹੋਲੀ ਵਾਲੇ ਦਿਨ ਗੁਜੀਆ ਖ਼ਾਸ ਤੌਰ ਤੇ ਬਣਾਉਂਦੇ ਹਨ । ਹੋਰ ਵੀ ਕਈ ਪ੍ਰਕਾਰ ਦੇ ਪਕਵਾਨ ਬਣਾਏ ਜਾਂਦੇ ਹਨ। ਇਹ ਤਿਉਹਾਰ ਸਵੇਰ ਤੋਂ ਲੈ ਕੇ ਸ਼ਾਮ ਤੱਕ ਮਨਾਇਆ ਜਾਂਦਾ ਹੈ। ਚਾਰੇ-ਪਾਸੇ ਰੰਗ ਉੱਡ ਰਹੇ ਹੁੰਦੇ ਹਨ ਅਤੇ ਕਈ ਮਰਦ ਔਰਤਾਂ ਖ਼ਾਸ ਤੌਰ ਤੇ ਟੋਲੀਆਂ ਬਣਾ ਕੇ ਢੋਲ ਵਜਾਉਂਦੇ,ਨੱਚਦੇ ਟੱਪਦੇ 'ਹੋਲੀ ਹੈ ਬਈ ਹੋਲੀ ਹੈ@ ਗਾਉਂਦੇ ਅਗਾਂਹ ਵਧਦੇ ਦੇਖੇ ਜਾ ਸਕਦੇ ਹਨ।ਹੋਲੀ ਦਾ ਤਿਉਹਾਰ ਪਿਆਰ ਅਤੇ ਭਾਈਚਾਰਕ ਸਾਂਝ ਦਾ ਪ੍ਰਤੀਕ ਹੁੰਦਾ ਹੈ।ਇਸ ਦਾ ਸਬੰਧ ਬਸੰਤ ਦੀ ਰੁੱਤ ਨਾਲ ਹੈ। ਇਹ ਬਸੰਤ ਪੰਚਮੀ ਤੋਂ ਚਾਲੀਵੇਂ ਦਿਨ ਮਨਾਈ ਜਾਂਦੀ ਹੈ। ਕਹਿੰਦੇ ਹਨ ਕਿ ਪੁਰਾਣੇ ਸਮਿਆਂ ਵਿੱਚ ਇਹ ਤਿਉਹਾਰ ਬਸੰਤ ਤੋਂ ਲੈ ਕੇ ਹੋਲੀ ਤੱਕ ਲਗਾਤਾਰ ਮਨਾਇਆ ਜਾਂਦਾ ਸੀ। ਇਸ ਰੁੱਤ ਵਿੱਚ ਸ਼ਾਮ ਨੂੰ ਇਕੱਠੇ ਹੋ ਕੇ ਹੋਲ਼ਾਂ ਭੁੰਨ ਕੇ ਖਾਧੀਆਂ ਜਾਂਦੀਆਂ ਸਨ। ਹੋਲਾਂ ਭੁੰਨਣ ਲਈ ਬਾਲੀ ਅੱਗ ਨੂੰ ਵੀ ਹੋਲੀ ਆਖਿਆ ਜਾਂਦਾ ਸੀ। ਹੋਲੀ ਹੋਲ਼ਾਂ ਦਾ ਤਿਉਹਾਰ ਵੀ ਮੰਨਿਆ ਜਾਂਦਾ ਹੈ।ਇਸ ਤਿਉਹਾਰ ਨੂੰ ਮਨਾਉਣ ਸਬੰਧੀ ਕਈ ਹੋਰ ਮਿਥਿਹਾਸਕ ਕਹਾਣੀਆਂ ਵੀ ਪ੍ਰਚਲਤ ਹਨ ਜਿਵੇਂ ਹੋਲਿਕਾ ਜਲਾਕੇ ਹੋਲਿਕਾ ਦਹਨ ਕਰਨਾ ਆਦਿ।

ਕਦੇ ਸਮਾਂ ਹੁੰਦਾ ਸੀ,ਜਦ ਲੋਕ ਰੰਗ-ਬਿਰੰਗੇ ਫੁੱਲਾਂ ਅਤੇ ਫੁੱਲਾਂ ਦੀਆਂ ਪੱਤੀਆਂ ਨਾਲ ਹੋਲੀ ਖੇਡਦੇ ਹੁੰਦੇ ਸਨ। ਫਿਰ ਲੋਕ ਸੁੱਕੇ ਰੰਗਾਂ ਨਾਲ ਖੇਡਦੇ ਪਰ ਅੱਜ ਕੱਲ੍ਹ ਉਸ ਦੀ ਥਾਂ ਰਸਾਇਣਕ (ਕੈਮੀਕਲ) ਰੰਗਾਂ ਨੇ ਲੈ ਲਈ ਹੈ ਤੇ ਕੁਝ ਸ਼ਰਾਰਤੀ ਲੋਕ ਤਾਂ ਆਂਡਿਆਂ ਅਤੇ ਗੰਦੇ ਪਾਣੀ ਅਤੇ ਗੋਹੇ ਵਾਲੇ ਪਾਣੀ ਦੀ ਵਰਤੋਂ ਵੀ ਕਰਨ ਲੱਗ ਪਏ ਹਨ। ਇਸ ਕਰ ਕੇ ਹੋਲੀ ਵਾਲੇ ਦਿਨ ਕਈ ਵਾਰ ਲੜਾਈ-ਝਗੜਾ ਵੀ ਵੇਖਣ ਨੂੰ ਮਿਲਦਾ ਹੈ , ਜਿਸ ਕਾਰਨ ਇਸ ਤਿਉਹਾਰ ਦੀ ਸ਼ੋਭਾ ਘਟਦੀ ਜਾ ਰਹੀ ਹੈ।ਤਿਉਹਾਰ ਸਾਡੀ ਕੌਮੀ ਏਕਤਾ ਦਾ ਪ੍ਰਤੀਕ ਹੁੰਦੇ ਹਨ। ਸਾਨੂੰ ਇਸ ਗੱਲ ਦਾ ਧਿਆਨ ਰੱਖਦੇ ਹੋਏ ਤਿਉਹਾਰਾਂ ਨੂੰ ਪਿਆਰ ਅਤੇ ਭਾਈਚਾਰੇ ਦੀ ਭਾਵਨਾ ਨਾਲ ਮਨਾਉਣਾ ਚਾਹੀਦਾ ਹੈ। ਇਸ ਲਈ ਹੋਲੀ ਦਾ ਤਿਉਹਾਰ ਮਰਿਆਦਾ ਸਹਿਤ ਮਨਾ ਕੇ ਖੁਸ਼ੀ ਨੂੰ ਦੁੱਗਣਾ ਕਰਨਾ ਚਾਹੀਦਾ ਹੈ ਨਾ ਕਿ ਹੁੜਦੰਗ ਮਚਾ ਕੇ ਰੰਗ ਵਿੱਚ ਭੰਗ ਪਾਇਆ ਜਾਵੇ।



# ਹੋਲੀ ਦੇ ਰੰਗਾ ਵਿਚ ਬਹੁਤ ਮਿਲਾਵਟ- ਜ਼ਰਾ ਬੱਚ ਕੇ

ਹੋਲੀ ਰੰਗਾਂ ਦਾ ਤਿਉਹਾਰ ਹੈ ਜੋ ਭਾਰਤ ਅਤੇ ਦੂਨੀਆ ਭਰ ਵਿਚ ਜਿਥੇ ਵੀ ਸਿੱਖ ਅਤੇ ਹਿੰਦੂ ਭਾਈਚਾਰੇ ਦੇ ਲੋਕ ਰਹਿੰਦੇ ਹਨ ਉਹ ਇਸ ਨੂੰ ਬਹੁਤ ਉਤਸ਼ਾਹ ਨਾਲ ਮਨਾਉਂਦੇ ਹਨ। ਸਿੱਖ ਭਾਈਚਾਰਾਂ ਇਸ ਨੂੰ ਹੋਲਾ ਮੂਹੱਲਾ ਦੇ ਨਾਂ ਹੇਠ ਮਨਾਉਂਦਾ ਹੈ, ਜੋ ਚੇਤ ਦੇ ਚੰਦਰ ਮਹੀਨੇ ਦੇ ਪਹਿਲੇ ਦਿਨ ਹੁੰਦਾ ਹੈ ਜੋ ਆਮ ਤੌਰ ’ਤੇ ਮਾਰਚ ਵਿੱਚ ਪੈਂਦਾ ਹੈ। ਇਹ, ਗੁਰੂ ਗੋਬਿੰਦ ਸਿੰਘ ਦੁਆਰਾ ਸਥਾਪਿਤ ਕੀਤੀ ਗਈ ਇੱਕ ਪਰੰਪਰਾ ਦੁਆਰਾ, ਹੋਲੀ ਦੇ ਹਿੰਦੂ ਤਿਉਹਾਰ ਦਾ ਇੱਕ ਦਿਨ ਬਾਅਦ ਚੱਲਦਾ ਹੈ; ਹੋਲਾ ਇਸਤਰੀ ਧੁਨੀ ਹੋਲੀ ਦਾ ਪੁਲਿੰਗ ਰੂਪ ਹੈ।

ਮੂਹੱਲਾ ਸ਼ਬਦ ਅਰਬੀ ਰੂਟ ਹਾਲ (ਉੱਠਣਾ, ਉਤਰਨਾ) ਤੋਂ ਲਿਆ ਗਿਆ ਹੈ ਅਤੇ ਇਹ ਇੱਕ ਪੰਜਾਬੀ ਸ਼ਬਦ ਹੈ ਜੋ ਫੌਜੀ ਕਾਲਮ ਦੇ ਰੂਪ ਵਿੱਚ ਇੱਕ ਸੰਗਠਿਤ ਜਲੂਸ ਨੂੰ ਦਰਸਾਉਂਦਾ ਹੈ। ਪਰ ਹੋਲੀ ਦੇ ਉਲਟ, ਜਦੋਂ ਲੋਕ ਖੇਡਦੇ ਹੋਏ ਰੰਗਦਾਰ ਪਾਊਡਰ, ਸੁੱਕਾ ਜਾਂ ਪਾਣੀ ਵਿੱਚ ਰਲਾ ਕੇ, ਇੱਕ ਦੂਜੇ ਉੱਤੇ ਛਿੜਕਦੇ ਹਨ, ਤਾਂ ਗੁਰੂ ਨੇ ਹੋਲਾ ਮੂਹੱਲਾ ਨੂੰ ਸਿੱਖਾਂ ਲਈ ਨਕਲੀ ਲੜਾਈਆਂ ਵਿੱਚ ਆਪਣੇ ਜੰਗੀ ਹੁਨਰ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਬਣਾਇਆ।

ਇਕੱਠੇ ਸ਼ਬਦ ਹੋਲਾ ਮੂਹੱਲਾ ਦਾ ਅਰਥ ਹੈ ਨਕਲੀ ਲੜਾਈ। ਇਸ ਤਿਉਹਾਰ ਦੇ ਦੌਰਾਨ, ਜੰਗੀ-ਢੋਲ ਅਤੇ ਮਿਆਰੀ-ਧਾਰਕਾਂ ਦੇ ਨਾਲ ਫੌਜੀ ਕਿਸਮ ਦੇ ਕਾਲਮਾਂ ਦੇ ਰੂਪ ਵਿੱਚ ਜਲੂਸ ਕੱਢੇ ਜਾਂਦੇ ਹਨ ਅਤੇ ਇੱਕ ਦਿੱਤੇ ਸਥਾਨ ਤੇ ਜਾਂ ਇੱਕ ਗੁਰਦੁਆਰੇ ਤੋਂ ਦੂਜੇ ਗੁਰਦੁਆਰੇ ਵਿੱਚ ਚਲੇ ਜਾਂਦੇ ਹਨ। ਇਹ ਰਿਵਾਜ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਸ਼ੁਰੂ ਹੋਇਆ ਸੀ ਜਿਨ੍ਹਾਂ ਨੇ ਫਰਵਰੀ 1701 ਵਿਚ ਅਨੰਦਪੁਰ ਵਿਖੇ ਪਹਿਲੀ ਵਾਰ ਅਜਿਹਾ ਨਕਲੀ ਲੜਾਈ ਦਾ ਆਯੋਜਨ ਕੀਤਾ ਸੀ।

ਪੰਜਾਬ ਦੇ ਉੱਤਰ-ਪੂਰਬੀ ਖੇਤਰ ਦੇ ਰੋਪੜ ਜ਼ਿਲ੍ਹੇ ਵਿੱਚ ਸ਼ਿਵਾਲਿਕਾਂ ਦੀਆਂ ਪਹਾੜੀਆਂ, ਖਾਸ ਕਰਕੇ ਆਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਦੀਆਂ ਇਤਿਹਾਸਕ ਨਗਰਾਂ ਦੇ ਆਲੇ-ਦੁਆਲੇ, 1701 ਤੋਂ ਹੋਲੇ ਮੁਹੱਲੇ ਦੀ ਮੇਜ਼ਬਾਨੀ ਕਰਦੇ ਆ ਰਹੇ ਹਨ। ਹਾਲ ਹੀ ਵਿੱਚ, ਭਾਰਤ ਸਰਕਾਰ ਨੇ ਇਸਨੂੰ ਇੱਕ ਰਾਸ਼ਟਰੀ ਤਿਉਹਾਰ ਦਾ ਦਰਜਾ ਦਿੱਤਾ ਹੈ। ਫੌਜੀ ਅਭਿਆਸ, ਜਿਸ ਦੀ ਨਿੱਜੀ ਤੌਰ @ਤੇ ਗੁਰੂ ਦੁਆਰਾ ਨਿਗਰਾਨੀ ਕੀਤੀ ਗਈ ਸੀ, ਚਰਨ ਗੰਗਾ ਨਦੀ ਦੇ ਬਿਸਤਰੇ @ਤੇ ਸ਼ਿਵਾਲਿਕ ਵਿੱਚ ਮਾਤਾ ਨੈਣਾ ਦੇਵੀ ਦੇ ਪ੍ਰਸਿੱਧ ਹਿੰਦੂ ਮੰਦਰ ਦੇ ਪਿਛੋਕੜ ਵਜੋਂ ਕੀਤੀ ਗਈ ਸੀ।

ਇਹ ਸਾਲਾਨਾ ਤਿਉਹਾਰ ਪੰਜਾਬ ਦੇ ਆਨੰਦਪੁਰ ਸਾਹਿਬ ਵਿਖੇ ਆਯੋਜਿਤ ਕੀਤਾ ਗਿਆ ਸੀ ਅਤੇ ਹੁਣ ਦੁਨੀਆ ਭਰ ਦੇ ਹੋਰ ਗੁਰਦੁਆਰਿਆਂ ਵਿੱਚ ਦੁਹਰਾਇਆ ਜਾਂਦਾ ਹੈ, ਦਸਵੇਂ ਪਾਤਿਸ਼ਾਹ ਦੁਆਰਾ, ਆਨੰਦਪੁਰ ਸਾਹਿਬ ਵਿਖੇ ਹੋਲੀ ਦੇ ਤਿਉਹਾਰ ਤੋਂ ਅਗਲੇ ਦਿਨ ਫੌਜੀ ਅਭਿਆਸਾਂ ਅਤੇ ਨਕਲੀ ਲੜਾਈਆਂ ਲਈ ਸਿੱਖਾਂ ਦੇ ਇਕੱਠ ਵਜੋਂ ਸ਼ੁਰੂ ਕੀਤਾ ਗਿਆ ਸੀ। ਇਹ ਲੋਕਾਂ ਨੂੰ ਬਹਾਦਰੀ ਅਤੇ ਰੱਖਿਆ ਤਿਆਰੀਆਂ, ਦਸਵੇਂ ਗੁਰੂ ਦੇ ਪਿਆਰੇ ਸੰਕਲਪਾਂ



ਸੁਰਜੀਤ ਸਿੰਘ ਫਲੋਰਾ

ਦੀ ਯਾਦ ਦਿਵਾਉਂਦਾ ਹੈ ਜੋ ਉਸ ਸਮੇਂ ਮੁਗਲ ਸਾਮਰਾਜ ਅਤੇ ਪਹਾੜੀ ਰਾਜਿਆਂ ਦੇ ਹਮਲਿਆਂ ਤੋਂ ਸਿੱਖਾਂ ਦੀ ਰੱਖਿਆ ਕਰ ਰਹੇ ਸਨ।

ਇਸ ਤਿੰਨ ਰੋਜ਼ਾ ਮਹਾਂਉਤਸਵ ਮੌਕੇ ਕੀਰਤਨ, ਸੰਗੀਤ ਅਤੇ ਕਵੀਸ਼ਰੀ ਮੁਕਾਬਲੇ ਤੋਂ ਬਾਅਦ ਨੋਕ-ਝੋਕ, ਸ਼ਸਤਰ ਪ੍ਰਦਰਸ਼ਨੀ, ਹਥਿਆਰਾਂ ਦੀ ਪ੍ਰਦਰਸ਼ਨੀ ਆਦਿ ਕਰਵਾਈਆਂ ਜਾਂਦੀਆਂ ਹਨ। ਪ੍ਰਤੀਭਾਗੀ ਦਲੇਰਾਨਾ ਕਾਰਨਾਮੇ ਕਰਦੇ ਹਨ, ਜਿਵੇਂ ਕਿ ਗੱਤਕਾ (ਅਸਲੀ ਹਥਿਆਰਾਂ ਨਾਲ ਨਕਲੀ ਮੁਕਾਬਲੇ), ਟੈਂਟ ਪੈਗਿੰਗ, ਨੰਗੇ ਬੈਕ ਘੋੜ ਸਵਾਰੀ, ਦੋ ਤੇਜ਼ ਰਫਤਾਰ ਘੋੜਿਆਂ ’ਤੇ ਖੜ੍ਹੇ ਹੋਣਾ ਅਤੇ ਬਹਾਦਰੀ ਦੇ ਕਈ ਹੋਰ ਕਾਰਨਾਮੇ।

ਦੂਜੇ ਪਾਸੇ ਹੋਲੀ ਇੱਕ ਪ੍ਰਾਚੀਨ ਹਿੰਦੂ ਧਾਰਮਿਕ ਤਿਉਹਾਰ ਹੈ ਜੋ ਗੈਰ-ਹਿੰਦੂਆਂ ਦੇ ਨਾਲ-ਨਾਲ ਦੱਖਣੀ ਏਸ਼ੀਆ ਦੇ ਕਈ ਹਿੱਸਿਆਂ ਦੇ ਨਾਲ-ਨਾਲ ਏਸ਼ੀਆ ਤੋਂ ਬਾਹਰ ਹੋਰ ਭਾਈਚਾਰਿਆਂ ਦੇ ਲੋਕਾਂ ਵਿੱਚ ਵੀ ਪ੍ਰਸਿੱਧ ਹੋ ਗਿਆ ਹੈ। ਭਾਰਤ ਅਤੇ ਨੇਪਾਲ ਤੋਂ ਇਲਾਵਾ, ਇਹ ਤਿਉਹਾਰ ਜਮਾਇਕਾ, ਸੂਰੀਨਾਮ, ਗੁਆਨਾ, ਤ੍ਰਿਨੀਦਾਦ ਅਤੇ ਟੋਬੈਗੋ, ਦੱਖਣੀ ਅਫਰੀਕਾ, ਮਲੇਸ਼ੀਆ, ਯੂਨਾਈਟਿਡ ਕਿੰਗਡਮ, ਸੰਯੁਕਤ ਰਾਜ, ਕੈਨੇਡਾ, ਮਾਰੀਸ਼ਸ ਅਤੇ ਫਿਜੀ ਵਰਗੇ ਦੇਸ਼ਾਂ ਵਿੱਚ ਭਾਰਤੀ ਉਪ ਮਹਾਂਦੀਪ ਦੇ ਪ੍ਰਵਾਸੀਆਂ ਦੁਆਰਾ ਮਨਾਇਆ ਜਾਂਦਾ ਹੈ। ਹਾਲ ਹੀ ਦੇ ਸਾਲਾਂ ਵਿੱਚ ਇਹ ਤਿਉਹਾਰ ਪਿਆਰ, ਰੌਣਕ ਅਤੇ ਰੰਗਾਂ ਦੇ ਬਸੰਤ ਦੇ ਜਸ਼ਨ ਵਜੋਂ ਯੂਰਪ ਅਤੇ ਉੱਤਰੀ ਅਮਰੀਕਾ ਦੇ ਕੁਝ ਹਿੱਸਿਆਂ ਵਿੱਚ ਫੈਲ ਗਿਆ ਹੈ।

ਹੋਲੀ ਦਾ ਤਿਉਹਾਰ ਹੋਲੀ ਤੋਂ ਪਹਿਲਾਂ ਰਾਤ ਨੂੰ ਹੋਲਿਕਾ ਦਹਨ ਨਾਲ ਸ਼ੁਰੂ ਹੁੰਦਾ ਹੈ ਜਿੱਥੇ ਲੋਕ ਇਕੱਠੇ ਹੁੰਦੇ ਹਨ, ਅੱਗ ਦੇ ਸਾਹਮਣੇ ਧਾਰਮਿਕ ਗੀਤੀ ਰਿਵਾਜ ਕਰਦੇ ਹਨ, ਅਤੇ ਪ੍ਰਾਰਥਨਾ ਕਰਦੇ ਹਨ ਕਿ ਉਨ੍ਹਾਂ ਦੀ ਅੰਦਰੂਨੀ ਬੁਰਾਈ ਨੂੰ ਤਬਾਹ ਕੀਤਾ ਜਾਵੇ ਜਿਸ ਤਰ੍ਹਾਂ ਦੈਂਤ ਰਾਜੇ ਹਰਣਾਸਿ ?ਕ ਦੀ ਭੈਣ ਹੋਲਿਕਾ, ਅੱਗ ਵਿੱਚ ਮਾਰੀ ਗਈ ਸੀ। ਅਗਲੀ ਸਵੇਰ ਨੂੰ ਰੰਗਵਾਲੀ ਹੋਲੀ ਵਜੋਂ ਮਨਾਇਆ ਜਾਂਦਾ ਹੈ - ਰੰਗਾਂ ਦਾ ਇੱਕ ਮੁਫਤ ਤਿਉਹਾਰ, ਜਿੱਥੇ ਲੋਕ ਇੱਕ ਦੂਜੇ ਤੇ ਰੰਗ ਪਾਉਂਦੇ ਹਨ। ਵਾਟਰ ਗਨ ਅਤੇ ਪਾਣੀ ਨਾਲ ਭਰੇ ਗੁਬਾਰੇ ਵੀ ਇੱਕ ਦੂਜੇ ਨੂੰ ਖੇਡਣ ਅਤੇ ਰੰਗ ਦੇਣ ਲਈ ਵਰਤੇ ਜਾਂਦੇ ਹਨ। ਕੋਈ ਵੀ ਅਤੇ ਹਰ ਕੋਈ ਨਿਰਪੱਖ ਖੇਡ ਹੈ, ਦੋਸਤ ਜਾਂ ਅਜਨਬੀ, ਅਮੀਰ ਜਾਂ ਗਰੀਬ, ਆਦਮੀ ਜਾਂ ਔਰਤ, ਬੱਚੇ ਅਤੇ ਬਜ਼ੁਰਗ। ਖੁੱਲ੍ਹੀਆਂ ਗਲੀਆਂ, ਪਾਰਕਾਂ, ਮੰਦਰਾਂ ਅਤੇ ਇਮਾਰਤਾਂ ਦੇ ਬਾਹਰ ਰੰਗਾਂ ਨਾਲ ਝਗੜਾ ਅਤੇ ਲੜਾਈ ਹੁੰਦੀ ਹੈ। ਸਮੂਹ ਢੋਲ ਅਤੇ ਹੋਰ ਸੰਗੀਤਕ ਸਾਜ਼ ਵਜਾਉਂਦੇ ਹਨ, ਥਾਂ-ਥਾਂ ਜਾਂਦੇ ਹਨ, ਗਾਉਂਦੇ ਹਨ ਅਤੇ ਨੱਚਦੇ ਹਨ। ਲੋਕ ਪਰਿਵਾਰ, ਦੋਸਤ ਅਤੇ ਦੁਸ਼ਮਣ ਇੱਕ ਦੂਜੇ @ਤੇ ਪਾਊਡਰ ਸੁੱਟਣ, ਹੱਸਣ ਅਤੇ ਗੱਪਾਂ ਮਾਰਨ ਲਈ ਇਕੱਠੇ ਹੁੰਦੇ ਹਨ, ਫਿਰ ਹੋਲੀ ਦੇ ਪਕਵਾਨਾਂ, ਭੋਜਨ ਅਤੇ ਪੀਣ ਵਾਲੇ ਪਦਾਰਥ ਸਾਂਝੇ ਕਰਦੇ ਹਨ। ਕੁਝ ਰਵਾਇਤੀ ਪੀਣ ਵਾਲੇ ਪਦਾਰਥਾਂ ਵਿੱਚ ਭੰਗ ਸ਼ਾਮਲ ਹੁੰਦਾ ਹੈ, ਜੋ ਕਿ ਨਸ਼ਾ ਹੈ। ਸ਼ਾਮ ਨੂੰ, ਸੌਣ ਤੋਂ ਬਾਅਦ, ਲੋਕ ਤਿਆਰ ਹੋ ਕੇ ਦੋਸਤਾਂ ਅਤੇ ਪਰਿਵਾਰ ਨੂੰ ਮਿਲਣ ਜਾਂਦੇ ਹਨ ਅਤੇ ਖਾਣੇ ਦੀਆਂ ਦਾਵਤਾਂ ਤੇ ਸੱਦੇ ਦਿੰਦੇ ਹਨ।

ਪਰ ਅੱਜਕਲ੍ਹ ਰੰਗਾ ਵਿਚ ਬਹੁਤ ਮਿਲਾਵਟ ਆ ਚੁਕੀ ਹੈ, ਜੋ ਚਮੜੀ ਨੂੰ ਜਾ ਇਹ ਕਹਿ ਲਉ ਕਿ ਸਿਹਤ ਲਈ ਹਾਨੀਕਾਰਕ ਸਿੱਧ ਹੁੰਦੇ ਹਨ। ਜਿਸ ਲਈ ਬਹੁਤ ਸਾਵਧਾਨ ਰਹਿਣ ਦੀ ਲੋੜ ਹੁੰਦੀ ਹੈ। ਜਿਸ ਲਈ ਸਿਰਫ਼ ਕੁਦਰਤੀ ਅਤੇ ਸੁਰੱਖਿਅਤ ਰੰਗਾਂ ਦੀ ਵਰਤੋਂ ਕਰੋ ਜੋ ਫੁੱਲਾਂ, ਸਬਜ਼ੀਆਂ ਜਾਂ ਹੋਰ ਜੈਵਿਕ ਪਦਾਰਥਾਂ ਤੋਂ ਬਣੇ ਹੁੰਦੇ ਹਨ। ਰਸਾਇਣਕ ਆਧਾਰਿਤ ਰੰਗਾਂ ਜਾਂ ਭਾਰੀ ਧਾਤਾਂ ਵਾਲੇ ਰੰਗਾਂ ਦੀ ਵਰਤੋਂ ਕਰਨ ਤੋਂ ਪਰਹੇਜ਼ ਕਰੋ ਕਿਉਂਕਿ ਇਹ ਚਮੜੀ ਦੀ ਐਲਰਜੀ, ਅੱਖਾਂ ਦੀ ਜਲਣ ਅਤੇ ਹੋਰ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦੇ ਹਨ।

ਆਪਣੀ ਚਮੜੀ ਦੀ ਰੱਖਿਆ ਕਰੋ: ਰੰਗਾਂ ਨਾਲ ਖੇਡਣ ਤੋਂ ਪਹਿਲਾਂ ਆਪਣੀ ਚਮੜੀ @ਤੇ ਤੇਲ ਜਾਂ ਮਾਇਸਚਰਾਈਜ਼ਰ ਲਗਾਓ। ਇਹ ਤੁਹਾਡੀ ਚਮੜੀ ਅਤੇ ਰੰਗਾਂ ਦੇ ਵਿਚਕਾਰ ਇੱਕ ਰੁਕਾਵਟ ਪੈਦਾ ਕਰੇਗਾ, ਜਿਸ ਨਾਲ ਬਾਅਦ ਵਿੱਚ ਰੰਗਾਂ ਨੂੰ ਧੋਣਾ ਆਸਾਨ ਹੋ ਜਾਵੇਗਾ। ਆਪਣੀ ਚਮੜੀ ਦੇ ਕਿਸੇ ਵੀ ਕੱਟ, ਜ਼ਖ਼ਮ, ਜਾਂ ਸੰਵੇਦਨਸ਼ੀਲ ਖੇਤਰਾਂ ਨੂੰ ਪੱਟੀ ਜਾਂ ਕੱਪੜੇ ਨਾਲ ਢੱਕੋ।

ਆਪਣੀਆਂ ਅੱਖਾਂ ਦੀ ਰੱਖਿਆ ਕਰੋ: ਆਪਣੀਆਂ ਅੱਖਾਂ ਨੂੰ ਰੰਗਾਂ ਅਤੇ ਪਾਣੀ ਤੋਂ ਬਚਾਉਣ ਲਈ ਸਨਗਲਾਸ ਜਾਂ ਚਸ਼ਮਾ ਪਹਿਨੋ। ਜੇਕਰ ਤੁਹਾਡੀਆਂ ਅੱਖਾਂ @ਚ ਕੋਈ ਰੰਗ ਆ ਜਾਵੇ ਤਾਂ ਤੁਰੰਤ ਉਨ੍ਹਾਂ ਨੂੰ ਸਾਫ਼ ਅਤੇ ਠੰਢੇ ਪਾਣੀ ਨਾਲ ਧੋ ਲਉ।

ਹਾਈਡਰੇਟਿਡ ਰਹੋ: ਦਿਨ ਭਰ ਹਾਈਡਰੇਟਿਡ ਰਹਿਣ ਲਈ ਬਹੁਤ ਸਾਰਾ ਪਾਣੀ ਪੀਓ, ਖਾਸ ਕਰਕੇ ਜੇਕਰ ਤੁਸੀਂ ਧੁੱਪ ਵਿੱਚ ਬਾਹਰ ਖੇਡ ਰਹੇ ਹੋ। ਇਸ ਦੇ ਨਾਲ ਹੀ ਦੂਜਿਆਂ ਦੀਆਂ ਸੀਮਾਵਾਂ ਦਾ ਆਦਰ ਕਰੋ ਅਤੇ ਕਿਸੇ ਨੂੰ ਵੀ ਹੋਲੀ ਖੇਡਣ ਲਈ ਮਜਬੂਰ ਨਾ ਕਰੋ ਜੇਕਰ ਉਹ ਆਰਾਮਦਾਇਕ ਨਹੀਂ ਹਨ।

ਇਸ ਦੇ ਨਾਲ ਹੀ ਆਪਣੀ ਚਮੜੀ ਅਤੇ ਵਾਲਾਂ ਦਾ ਧਿਆਨ ਰੱਖੋ, ਪਰ ਆਪਣੇ ਨਹੁੰਆਂ ਨੂੰ ਨਾ ਭੁੱਲੋ। ਪਾਣੀ ਅਤੇ ਸਿੰਥੈਟਿਕ ਰੰਗਾਂ ਕਾਰਨ ਨਹੁੰ ਵੀ ਕਮਜ਼ੋਰ ਅਤੇ ਭੁਰਭੁਰਾ ਹੋ ਸਕਦੇ ਹਨ। ਰੰਗਾਂ ਨਾਲ ਮਿਲਾਇਆ ਪਾਣੀ ਬੈਕਟੀਰੀਆ ਲਈ ਪ੍ਰਜਨਨ ਦਾ ਸਥਾਨ ਬਣ ਸਕਦਾ ਹੈ। ਇਹ ਫੰਗਲ ਜਾਂ ਬੈਕਟੀਰੀਆ ਦੀ ਲਾਗ ਦਾ ਕਾਰਨ ਬਣ ਸਕਦਾ ਹੈ, ਜਿਸ ਦੀ ਵਿਸ਼ੇਸ਼ਤਾ ਨਹੁੰਆਂ ਦੇ ਆਲੇ-ਦੁਆਲੇ ਰੰਗ, ਸੋਜ ਜਾਂ ਦਰਦ ਹੁੰਦੀ ਹੈ।



# ਮਾਰਕ ਕਾਰਨੀ ਲਿਬਰਲ ਨੇਤਾ ਚੁਣੇ ਗਏ, ਟਰੂਡੋ ਦੀ ਜਗਾ ਪ੍ਰਧਾਨ ਮੰਤਰੀ ਬਣਨਗੇ




ਮਾਰਕ ਕਾਰਨੀ ਕੈਨੇਡਾ ਦੇ ਅਗਲੇ ਪ੍ਰਧਾਨ ਮੰਤਰੀ ਹੋਣਗੇ। ਉਹ ਜਸਟਿਨ ਟਰੂਡੋ ਦੀ ਥਾਂ ਲੈਣਗੇ। ਲਿਬਰਲ ਪਾਰਟੀ ਨੇ ਐਤਵਾਰ ਸ਼ਾਮੀ ਉਨ੍ਹਾਂ ਨੂੰ ਆਪਣਾ ਨੇਤਾ ਚੁਣਿਆ। ਕਾਰਨੀ ਨੂੰ 85.9% ਵੋਟਾਂ ਮਿਲੀਆਂ। ਕਾਰਨੀ ਨੇ ਪ੍ਰਧਾਨ ਮੰਤਰੀ ਅਹੁਦੇ ਦੀ ਦੌੜ ਵਿੱਚ ਸਾਬਕਾ ਵਿੱਤ ਮੰਤਰੀ ਕ੍ਰਿਸਟੀਆ ਫ ?ਰੀਲੈਂਡ, ਸਾਬਕਾ ਸਰਕਾਰੀ ਹਾਊਸ ਲੀਡਰ ਕਰੀਨਾ ਗੋਲਡ ਅਤੇ ਸਾਬਕਾ ਸੰਸਦ ਮੈਂਬਰ ਫਰੈਂਕ ਬੇਲਿਸ ਨੂੰ ਹਰਾਇਆ। ਉਹ ਪਹਿਲੇ ਕੈਨੇਡੀਅਨ ਪ੍ਰਧਾਨ ਮੰਤਰੀ ਹੋਣਗੇ ਜਿਨ੍ਹਾਂ ਨੂੰ ਕੋਈ ਵਿਧਾਨਕ ਜਾਂ ਕੈਬਨਿਟ ਤਜ਼ਰਬਾ ਨਹੀਂ ਹੋਵੇਗਾ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪਾਰਟੀ ਅਤੇ ਆਪਣੇ ਸਮਰਥਕਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਕਿਹਾ ਕਿ ਮੈਨੂੰ ਗਲਤ ਨਾ ਸਮਝੋ, ਪਿਛਲੇ 10 ਸਾਲਾਂ ਵਿੱਚ ਅਸੀਂ ਜੋ ਕੀਤਾ ਹੈ ਉਸ 'ਤੇ ਮੈਨੂੰ ਬਹੁਤ ਮਾਣ ਹੈ, ਪਰ ਅੱਜ ਰਾਤ ਇੱਕ ਪਾਰਟੀ ਦੇ ਰੂਪ ਵਿੱਚ, ਇੱਕ ਦੇਸ਼ ਦੇ ਰੂਪ ਵਿੱਚ ਸਾਡੇ ਭਵਿੱਖ ਬਾਰੇ ਹੈ।

ਟਰੂਡੋ ਨੇ ਸਮਰਥਕਾਂ ਨੂੰ ਸਰਗਰਮ ਰਹਿਣ ਦੀ ਅਪੀਲ ਕੀਤੀ। ਤੁਹਾਡੇ ਦੇਸ਼ ਨੂੰ ਤੁਹਾਡੀ ਪਹਿਲਾਂ ਨਾਲੋਂ ਵੀ ਵੱਧ ਲੋੜ ਹੈ। ਲੋਕਤੰਤਰ ਅਤੇ ਆਜ਼ਾਦੀ ਲਈ ਨਿਰੰਤਰ ਯਤਨਾਂ ਦੀ ਲੋੜ ਹੁੰਦੀ ਹੈ। ਇਸ ਲਈ ਹਿੰਮਤ, ਕੁਰਬਾਨੀ, ਉਮੀਦ ਅਤੇ ਸਖ਼ਤ ਮਿਹਨਤ ਦੀ ਲੋੜ ਹੁੰਦੀ ਹੈ ਸ਼ਾਇਦ ਟਰੂਡੋ ਦਾ ਇਸ਼ਾਰਾ ਗੁਆਂਢੀ ਦੇਸ਼ ਦੇ ਨਵੇਂ ਰਾਸਟਰਪਤੀ ਵੱਲ ਸੀ ਜੋ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਨਾਉਣ ਦੀ ਮਨਸਾ ਰੱਖਦਾ ਹੈ ਤੇ ਕੈਨੇਡਾ ਤੇ ਟੈਰਿਫ ਲਗਾ ਕੇ ਇਥੋਂ ਦੀਆਂ ਨੌਕਰੀਆਂ ਅਤੇ ਇਕੌਨਮੀ ਨੂੰ ਨਸਟ ਕਰਨ ਤੇ ਤੁਲਿਆਂ ਹੋਇਆ ਹੈ। ਟਰੂਡੋ ਨੇ ਕਿਹਾ ਕਿ ਸਾਨੂੰ ਪਿਛਲੇ 10 ਸਾਲਾਂ ਵਿੱਚ ਪ੍ਰਾਪਤ ਕੀਤੀਆਂ ਗਈਆਂ ਸਾਰੀਆਂ ਮਹਾਨ ਚੀਜ਼ਾਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਇਸ ਦੀ ਬਜਾਏ, ਸਾਨੂੰ ਅਗਲੇ 10 ਸਾਲਾਂ ਅਤੇ ਆਉਣ ਵਾਲੇ ਦਹਾਕਿਆਂ ਵਿੱਚ ਹੋਰ ਵੀ ਪ੍ਰਾਪਤੀ ਲਈ ਪ੍ਰੇਰਿਤ ਹੋਣਾ ਚਾਹੀਦਾ ਹੈ।

**ਇੱਕ ਜ਼ਮੀਨ ਖਿਸਕਾਉਣ ਵਾਲੀ ਜਿੱਤ**

ਕਾਰਨੀ ਨੇ ਦੌੜ ਵਿੱਚ ਦਬਦਬਾ ਬਣਾਇਆ, ਤੇ 86% ਦੇ ਕਰੀਬ ਵੋਟਾਂ ਹਾਂਸਿਲ ਕੀਤੀਆਂ। ਜਿਥੇ ਕਿ ਉਸ ਦੇ ਵਿਰੋਧੀ ਮੈਬਰਾਂ ਵਿਚੋਂ ਕ੍ਰਿਸਟੀਆ ਫ ?ਰੀਲੈਂਡ ਸਾਬਕਾ ਡਿਪਟੀ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਨੂੰ ਸਿਰਫ਼ 8% ਵੋਟਾਂ ਮਿਲਿਆ। ਕਰੀਨਾ ਗੋਲਡ ਜੋ ਪਹਿਲਾਂ ਲਿਬਰਲ ਹਾਊਸ ਲੀਡਰ ਰਹਿ ਚੁਕੀ ਹੈ ਅਤੇ ਫ ?ਰੈਂਕ ਬੇਲਿਸ ਕਾਰੋਬਾਰੀ ਅਤੇ ਸਾਬਕਾ ਸੰਸਦ ਮੈਂਬਰ ਨੂੰ ਸਿਰਫ 3-3% ਵੋਟਾਂ ਹੀ ਪਾਇਆ। ਲੀਡਰਸ਼ਿਪ ਦੌੜ ਵਿੱਚ 151,000 ਤੋਂ ਵੱਧ ਲਿਬਰਲ ਮੈਂਬਰਾਂ ਨੇ ਵੋਟ ਪਾਈ, ਜਿਸ ਨਾਲ ਕਾਰਨੀ ਅਗਲੀਆਂ ਸੰਘੀ ਚੋਣਾਂ ਵਿੱਚ ਪਾਰਟੀ ਦੀ ਅਗਵਾਈ ਕਰਨ ਲਈ ਸਪੱਸ਼ਟ ਵਿਕਲਪ ਵਜੋਂ ਉੱਭਰ ਕੇ ਸਾਹਮਣੇ ਆਏ—ਇੱਕ ਚੋਣ ਜੋ ਹਫ਼ਤਿਆਂ ਦੇ ਅੰਦਰ ਬੁਲਾਈ ਜਾ ਸਕਦੀ ਹੈ।

**ਟਰੂਡੋ ਦਾ ਅੰਤਿਮ ਭਾਸ਼ਣ**

ਨਤੀਜਿਆਂ ਦਾ ਐਲਾਨ ਹੋਣ ਤੋਂ ਪਹਿਲਾਂ, ਜਸਟਿਨ ਟਰੂਡੋ ਨੇ ਇੱਕ ਭਾਵੁਕ ਵਿਦਾਇਗੀ ਭਾਸ਼ਣ ਦਿੱਤਾ, ਜਿਸ ਵਿੱਚ ਲਿਬਰਲ ਨੇਤਾ ਵਜੋਂ ਉਨ੍ਹਾਂ ਦੇ ਲਗਭਗ 12 ਸਾਲਾਂ ਦੀ ਕਾਰਗੁਜਾਰੀ ਨੂੰ ਦਰਸਾਇਆ ਗਿਆ। ਮਾਰਕ ਕਾਰਨੀ ਨੂੰ ਅਧਿਕਾਰਤ ਤੌਰ 'ਤੇ ਲਿਬਰਲ ਪਾਰਟੀ ਆਫ਼ ਕੈਨੇਡਾ ਦਾ ਨਵਾਂ ਆਗੂ ਚੁਣਿਆ ਗਿਆ ਹੈ, ਜਿਸਨੇ 85.9% ਵੋਟਾਂ ਨਾਲ ਪਹਿਲੀ ਵੋਟਿੰਗ ਵਿੱਚ ਫੈਸਲਾਕੁੰਨ ਜਿੱਤ ਪ੍ਰਾਪਤ ਕੀਤੀ। ਬੈਂਕ ਆਫ਼ ਕੈਨੇਡਾ ਅਤੇ ਬੈਂਕ ਆਫ਼ ਇੰਗਲੈਂਡ ਦੇ ਸਾਬਕਾ ਗਵਰਨਰ ਜਲਦੀ ਹੀ ਕੈਨੇਡਾ ਦੇ ਅਗਲੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣਗੇ, ਜਸਟਿਨ ਟਰੂਡੋ ਦੀ ਥਾਂ ਲੈਣਗੇ, ਜਿਨ੍ਹਾਂ ਨੇ ਇਸ ਸਾਲ ਦੇ ਸ਼ੁਰੂ ਵਿੱਚ ਆਪਣੇ ਅਸਤੀਫ਼ੇ ਦਾ ਐਲਾਨ ਕੀਤਾ ਸੀ।

ਸਾਬਕਾ ਪ੍ਰਧਾਨ ਮੰਤਰੀ ਜੀਨ ਕ੍ਰੇਟੀਅਨ ਨੇ ਵੀ ਟਰੂਡੋ ਦੀ ਲੀਡਰਸ਼ਿਪ ਦੀ ਪ੍ਰਸ਼ੰਸਾ ਕੀਤੀ, ਹਾਲ ਹੀ ਵਿੱਚ ਆਰਥਿਕ ਗੜਬੜ ਦੇ ਬਾਵਜੂਦ ਕੈਨੇਡਾ ਦੀ ਮਜ਼ਬੂਤ ਵਿੱਤੀ ਸਥਿਤੀ ਨੂੰ ਉਜਾਗਰ ਕੀਤਾ।

**ਮਾਰਕ ਕਾਰਨੀ ਕੌਣ ਹੈ ?**

ਉੱਤਰ-ਪੱਛਮੀ ਪ੍ਰਦੇਸ਼ਾਂ ਵਿੱਚ ਜਨਮੇ ਅਤੇ ਐਡਮੰਟਨ ਵਿੱਚ ਵੱਡੇ ਹੋਏ, ਕਾਰਨੀ ਇੱਕ ਅਰਥਸ਼ਾਸਤਰੀ ਅਤੇ ਸਾਬਕਾ ਬੈਂਕਰ ਹਨ ਜਿਨ੍ਹਾਂ ਨੂੰ ਵਿਸ਼ਵਵਿਆਪੀ ਸੰਕਟਾਂ ਨੂੰ ਸੰਭਾਲਣ ਦਾ ਤਜਰਬਾ ਹੈ, ਜਿਸ ਵਿੱਚ ਸ਼ਾਮਲ ਹਨ: ਬੈਂਕ ਆਫ਼ ਕੈਨੇਡਾ ਦੇ ਗਵਰਨਰ ਵਜੋਂ 2008 ਦੇ ਵਿੱਤੀ ਕਰੈਸ਼ ਰਾਹੀਂ ਕੈਨੇਡਾ ਦੀ ਆਰਥਿਕਤਾ ਦੀ ਅਗਵਾਈ ਕਰਨਾ। ਬ੍ਰੈਕਸਿਟ ਦੌਰਾਨ ਬੈਂਕ ਆਫ਼ ਇੰਗਲੈਂਡ ਦੇ ਗਵਰਨਰ ਵਜੋਂ ਸੇਵਾ ਨਿਭਾਉਂਦੇ ਹੋਏ। 2020 ਵਿੱਚ ਕੈਨੇਡਾ ਦੀ ਮਹਾਂਮਾਰੀ ਦੀ ਰਿਕਵਰੀ ਬਾਰੇ ਟਰੂਡੋ ਸਰਕਾਰ ਨੂੰ ਸਲਾਹ ਦਿੰਦੇ ਹੋਏ। 2021 ਵਿੱਚ, ਕਾਰਨੀ ਨੇ ਅਧਿਕਾਰਤ ਤੌਰ 'ਤੇ ਲਿਬਰਲ ਪਾਰਟੀ ਨਾਲ ਆਪਣੇ ਆਪ ਨੂੰ ਜੋੜ ਲਿਆ, ਲੱਖਾਂ ਮੁਹਿੰਮ ਫੰਡ ਇਕੱਠੇ ਕੀਤੇ ਅਤੇ ਮੁੱਖ ਕੈਬਨਿਟ ਮੰਤਰੀਆਂ ਤੋਂ ਸਮਰਥਨ ਪ੍ਰਾਪਤ ਕੀਤਾ।

**ਅੱਗੇ ਕੀ ਹੈ ?**

ਜਦੋਂ ਕਿ ਕਾਰਨੀ ਹੁਣ ਲਿਬਰਲ ਨੇਤਾ ਹਨ, ਉਨ੍ਹਾਂ ਨੂੰ ਅਹੁਦਾ ਸੰਭਾਲਣ ਤੋਂ ਪਹਿਲਾਂ ਟਰੂਡੋ ਦੇ ਰਸਮੀ ਅਸਤੀਫ਼ੇ ਦੀ ਉਡੀਕ ਕਰਨੀ ਪਵੇਗੀ। ਟਰੂਡੋ ਗਵਰਨਰ ਜਨਰਲ ਮੈਰੀ ਸਾਈਮਨ ਨੂੰ ਆਪਣਾ ਅਸਤੀਫ਼ਾ ਸੌਂਪਣ ਲਈ ਇਕ ਦੋ ਦਿਨ ਵਿਚ ਮਿਲਣਗੇ। ਫਿਰ ਕਾਰਨੀ ਨੂੰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ ਲਈ ਰਿਡੋ ਹਾਲ ਵਿੱਚ ਸੱਦਾ ਦਿੱਤਾ ਜਾਵੇਗਾ। ਜੋ ਬਾਅਦ ਵਿਚ ਇੱਕ ਨਵਾਂ ਮੰਤਰੀ ਮੰਡਲ ਇਕੱਠਾ ਕਰਨਾ ਅਤੇ ਸਰਕਾਰ ਬਣਾਉਣਗੇ।

**ਕੀ ਕੈਨੇਡਾ ਚੋਣਾਂ ਵੱਲ ਵਧੇਗਾ ?**

ਜਲਦੀ ਹੀ ਚੋਣ ਹੋਣ ਦੀ ਉਮੀਦ ਦੇ ਨਾਲ, ਕਾਰਨੀ ਨੂੰ ਜਲਦੀ ਫੈਸਲਾ ਕਰਨਾ ਚਾਹੀਦਾ ਹੈ ਕਿ ਕੀ: 24 ਮਾਰਚ ਨੂੰ ਸੰਸਦ ਨੂੰ ਵਾਪਸ ਬੁਲਾਉਣ ਅਤੇ ਬਿਨਾਂ ਸੀਟ ਦੇ ਸ਼ਾਸਨ ਕਰਨ ਦੀ ਕੋਸ਼ਿਸ਼ ਕਰਨ। ਇਸ ਦੇ ਨਾਲ ਹੀ ਸੰਸਦ ਨੂੰ ਭੰਗ ਕਰਕੇ ਅਤੇ ਚੋਣ ਕਰਵਾਉਣ ਦਾ ਐਲਾਨ ਕਰਨਗੇ। ਜਿਵੇਂ ਕਿ ਕੈਨੇਡਾ ਵਧਦੀ ਆਰਥਿਕ ਅਨਿਸ਼ਚਿਤਤਾ, ਵਪਾਰਕ ਵਿਵਾਦਾਂ ਅਤੇ ਬਦਲਦੇ ਰਾਜਨੀਤਿਕ ਗਤੀਸ਼ੀਲਤਾ ਦਾ ਸਾਹਮਣਾ ਕਰ ਰਿਹਾ ਹੈ, ਕਾਰਨੀ ਦੀ ਲੀਡਰਸ਼ਿਪ ਦੀ ਪਹਿਲੇ ਦਿਨ ਤੋਂ ਹੀ ਪਰਖ ਕੀਤੀ ਜਾਵੇਗੀ। ਕੀ ਉਨ੍ਹਾਂ ਦੀ ਆਰਥਿਕ ਮੁਹਾਰਤ ਚੋਣ ਸਫਲਤਾ ਵਿੱਚ ਬਦਲ ਸਕਦੀ ਹੈ, ਇਹ ਦੇਖਣਾ ਬਾਕੀ ਹੈ। ਸਾਬਕਾ ਕੈਨੇਡੀਅਨ ਪ੍ਰਧਾਨ ਮੰਤਰੀ ਜੀਨ ਕ੍ਰੇਚੀਅਨ ਨੇ ਟਰੰਪ ਨੂੰ 'ਇਸ ਬਕਵਾਸ ਨੂੰ ਰੋਕਣ' ਦੀ ਅਪੀਲ ਕੀਤੀ ਐਤਵਾਰ ਨੂੰ ਨਵੇਂ ਲਿਬਰਲ ਨੇਤਾ ਦੀ ਘੋਸ਼ਣਾ ਤੋਂ ਠੀਕ ਪਹਿਲਾਂ, ਸਾਬਕਾ ਪ੍ਰਧਾਨ ਮੰਤਰੀ ਜੀਨ ਕ੍ਰੇਟੀਅਨ ਨੇ ਦਰਸ਼ਕਾਂ ਨੂੰ ਸੰਬੋਧਨ ਕੀਤਾ, ਟੈਰਿਫ ਅਤੇ ਕੈਨੇਡਾ ਦੀ ਪ੍ਰਭੂਸੱਤਾ ਲਈ ਪ੍ਰਭਾਵਾਂ ਬਾਰੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਆਲੋਚਨਾ ਕੀਤੀ। ਕ੍ਰੇਚੀਅਨ ਨੇ ਉਟਵਾ ਵਿੱਚ ਲਿਬਰਲਾਂ ਦੇ ਇਕੱਠ ਨੂੰ ਚੇਤਾਵਨੀ ਦਿੱਤੀ ਕਿ ਟਰੰਪ ਪ੍ਰਸ਼ਾਸਨ ਤੋਂ ਪੈਦਾ ਹੋ ਰਹੀ ਦੁਸ਼ਮਣੀ ਕਾਰਨ ਕੈਨੇਡਾ ਦੇ ਅਮਰੀਕਾ ਨਾਲ ÷ਲੰਬੇ ਅਤੇ ਫਲਦਾਇਕ÷ ਰਿਸ਼ਤੇ ਵਿਗੜ ਰਹੇ ਹਨ।

**ਸੁਰਜੀਤ ਸਿੰਘ ਫਲੋਰਾ**
**647-829-9397**

ਸਾਬਕਾ ਪ੍ਰਧਾਨ ਮੰਤਰੀ ਨੇ ਟਰੰਪ ਦੀਆਂ ਧਮਕੀਆਂ ਦਾ ਸਾਹਮਣਾ ਕਰਨ ਵਿੱਚ ਉਨ੍ਹਾਂ ਦੀ ਹਾਲੀਆ ਅਗਵਾਈ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਪ੍ਰਸ਼ਾਸਨ ਅਤੇ ਕੈਨੇਡਾ ਦੇ ਸੂਬਾਈ ਆਗੂਆਂ ਦੀ ਸ਼ਲਾਘਾ ਵੀ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਦਾ ਜਵਾਬ ਜਾਇਜ਼ ਹੈ ਅਤੇ ਸੁਝਾਅ ਦਿੱਤਾ ਕਿ ਕੈਨੇਡੀਅਨ ਪ੍ਰਸ਼ਾਸਨ ਤੇਲ ਅਤੇ ਗੈਸ, ਪੋਟਾਸ਼, ਸਟੀਲ, ਐਲੂਮੀਨੀਅਮ ਅਤੇ ਬਿਜਲੀ 'ਤੇ ਨਿਰਯਾਤ ਟੈਕਸ ਲਾਗੂ ਕਰਕੇ ਅਮਰੀਕੀਆਂ ਨੂੰ ÷ਜਿੱਥੇ ਇਹ ਸੱਚਮੁੱਚ ਦੁਖਦਾਈ ਹੈ÷ ਨਿਸ਼ਾਨਾ ਬਣਾਉਂਦੇ ਹੋਏ ਹੋਰ ਵੀ ਸਖ਼ਤ ਕਦਮ ਚੁੱਕ ਸਕਦਾ ਹੈ। ਉਨ੍ਹਾਂ ਪ੍ਰਸਤਾਵ ਦਿੱਤਾ ਕਿ ਫੰਡ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਅਲਾਟ ਕੀਤੇ ਜਾ ਸਕਦੇ ਹਨ।

ਕ੍ਰੇਚੀਅਨ ਨੇ ਕਿਹਾ ਕਿ ÷ਅਣਉਚਿਤ÷ ਡਿਊਟੀਆਂ ਕੈਨੇਡੀਅਨਾਂ ਅਤੇ ਅਮਰੀਕੀਆਂ ਦੋਵਾਂ ਲਈ ਨੁਕਸਾਨਦੇਹ ਨਤੀਜੇ ਵਜੋਂ ਨਿਕਲਣਗੀਆਂ, ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਕਿ ਕੈਨੇਡਾ ਲਈ, ਇਹ ਮੁੱਦਾ ਸਿਰਫ਼ ਵਿੱਤੀ ਵਿਚਾਰਾਂ ਤੋਂ ਪਰੇ ਹੈ। ਉਨ੍ਹਾਂ ਨੇ ਕੈਨੇਡੀਅਨਾਂ ਨੂੰ ਆਪਣੇ ਦੇਸ਼ ਦੀ ਵਕਾਲਤ ਕਰਨ ਲਈ ਉਤਸ਼ਾਹਿਤ ਕੀਤਾ, ਇਸ ਗੱਲ 'ਤੇ ਜ਼ੋਰ ਦਿੱਤਾ ਕਿ ਜਦੋਂ ਕਿ ਕੈਨੇਡਾ ਇੱਕ ਸ਼ਲਾਘਾਯੋਗ ਗੁਆਂਢੀ ਹੈ, ਇਸ ਵਿੱਚ ਮਾਣ ਅਤੇ ਆਜ਼ਾਦੀ ਦੀ ਮਜ਼ਬੂਤ ਭਾਵਨਾ ਵੀ ਹੈ।

ਉਹਨਾਂ ਅੱਗੇ ਬੋਲਦੇ ਹੋਏ ਕਿਹਾ ਕਿ ਇਕ ਬਜੁਰਗ ਸਾਥੀ ਨੂੰ ਦੂਜੇ ਬਜੁਰਗ ਸਾਥੀ ਹੋਣ ਦੇ ਨਾਤੇ, ਮੈਂ ਤੁਹਾਨੂੰ ਇਸ ਮੂਰਖਤਾ ਨੂੰ ਖਤਮ ਕਰਨ ਦੀ ਤਾਕੀਦ ਕਰਦਾ ਹਾਂ। ਉਹਨਾਂ ਬਜੁਰਗ ਹਰਫ਼ ਇਸ ਲਈ ਵਰਤਿਆਂ ਕਿਉਂਕਿ ਜੀਨ ਕ੍ਰੇਚੀਅਨ 91 ਸਾਲ ਦੇ ਹਨ ਟਰੰਪ 78। ÷ਕੈਨੇਡਾ ਸੰਯੁਕਤ ਰਾਜ ਅਮਰੀਕਾ ਦਾ ਹਿੱਸਾ ਨਹੀਂ ਬਣੇਗਾ।÷

ਕ੍ਰੇਟੀਅਨ ਨੇ ਜ਼ੋਰ ਦੇ ਕੇ ਕਿਹਾ ਕਿ ਕੈਨੇਡਾ ÷ਦੁਨੀਆ ਦਾ ਸਭ ਤੋਂ ਵਧੀਆ ਦੇਸ਼÷ ਬਣਿਆ ਰਹੇਗਾ। ਉਸਨੇ ਟਰੰਪ ਦਾ ਧੰਨਵਾਦ ਕੀਤਾ ਕਿ ਉਸਨੇ ਕੈਨੇਡੀਅਨਾਂ ਨੂੰ ÷ਪਹਿਲਾਂ ਕਦੇ ਨਹੀਂ÷ ਇਕੱਠੇ ਕੀਤਾ ਅਤੇ ਹਾਸੇ-ਮਜ਼ਾਕ ਨਾਲ ਸੁਝਾਅ ਦਿੱਤਾ ਕਿ ਉਸਨੂੰ ਆਰਡਰ ਆਫ਼ ਕੈਨੇਡਾ ਨਾਲ ਸਨਮਾਨਿਤ ਕੀਤਾ ਜਾਣਾ ਚਾਹੀਦਾ ਹੈ।

ਇਤਿਹਾਸ ਦੌਰਾਨ, ਸਾਡੀ ਦੋਸਤੀ ਦੇ ਬਾਵਜੂਦ, ਅਸੀਂ ਚੁਣੌਤੀਆਂ ਦਾ ਸਾਹਮਣਾ ਕੀਤਾ ਹੈ, ਫਿਰ ਵੀ ਅਸੀਂ ਲਗਾਤਾਰ ਉਹਨਾਂ ਨੂੰ ਹੱਲ ਕਰਨ ਦੇ ਸਾਧਨ ਲੱਭੇ ਹਨ,÷ ਉਸਨੇ ਕਿਹਾ। ÷ਅਸੀਂ ਪਹਿਲਾਂ ਵੀ ਅਮਰੀਕਾ ਨਾਲ ਸਹਿਯੋਗ ਵਿੱਚ ਲੱਗੇ ਹੋਏ ਹਾਂ, ਅਤੇ ਮੈਂ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ ਕਿ ਅਸੀਂ ਅੱਗੇ ਵਧਦੇ ਹੋਏ ਅਜਿਹਾ ਕਰਦੇ ਰਹਾਂਗੇ।

ਅਸੀਂ ਮਹੱਤਵਪੂਰਨ ਚੁਣੌਤੀਆਂ ਦੇ ਦੌਰ ਵਿੱਚ ਦਾਖਲ ਹੋ ਰਹੇ ਹਾਂ, ਫਿਰ ਵੀ ਮੈਂ ਆਸ਼ਾਵਾਦੀ ਹਾਂ। ਮੇਰਾ ਪੱਕਾ ਵਿਸ਼ਵਾਸ ਹੈ ਕਿ ਆਉਣ ਵਾਲਾ ਪ੍ਰਧਾਨ ਮੰਤਰੀ ਸੂਬਾਈ ਨੇਤਾਵਾਂ, ਹਾਊਸ ਆਫ਼ ਕਾਮਨਜ਼ ਵਿੱਚ ਸਾਰੇ ਰਾਜਨੀਤਿਕ ਪਾਰਟੀਆਂ ਦੇ ਮੁਖੀਆਂ ਅਤੇ ਅੰਤਰਰਾਸ਼ਟਰੀ ਸਹਿਯੋਗੀਆਂ ਨਾਲ ਮਿਲ ਕੇ ਉਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਲਈ ਇੱਕਜੁੱਟ ਹੋਣਗੇ ਜੋ ਸ਼ ?ਰੀ ਟਰੰਪ ਵਿਸ਼ਵ ਪੱਧਰ 'ਤੇ ਪੇਸ਼ ਕਰ ਰਹੇ ਹਨ। ਟਰੰਪ ਨੇ ਕੈਨੇਡਾ ਨੂੰ ਟੈਰਿਫ ਅਤੇ ÷ਆਰਥਿਕ ਤਾਕਤ÷ ਸੰਬੰਧੀ ਧਮਕੀਆਂ ਦਿੱਤੀਆਂ ਹਨ ਤਾਂ ਜੋ ਉਸਨੂੰ 51ਵਾਂ ਰਾਜ ਬਣਨ ਲਈ ਮਜਬੂਰ ਕੀਤਾ ਜਾ ਸਕੇ। ਮੈਕਸੀਕੋ ਅਤੇ ਕੈਨੇਡਾ ਤੋਂ ਆਯਾਤ 'ਤੇ 25 ਪ੍ਰਤੀਸ਼ਤ ਟੈਰਿਫ ਲਾਗੂ ਕਰਨ ਅਤੇ ਬਾਅਦ ਵਿੱਚ ਮੁਅੱਤਲ ਕਰਨ ਤੋਂ ਬਾਅਦ, ਜਿਸ ਕਾਰਨ ਵਪਾਰ ਯੁੱਧ ਦੇ ਡਰ ਕਾਰਨ ਬਾਜ਼ਾਰ ਵਿੱਚ ਮਹੱਤਵਪੂਰਨ ਉਤਰਾਅ-ਚੜ੍ਹਾਅ ਆਏ, ਟਰੰਪ ਨੇ ਫੌਕਸ ਨਿਊਜ਼ ਚੈਨਲ ਦੇ ÷ਸੰਡੇ ਮਾਰਨਿੰਗ ਫਿਊਚਰਜ਼÷ ਨਾਲ ਇੱਕ ਰਿਕਾਰਡ ਕੀਤੀ ਇੰਟਰਵਿਊ ਵਿੱਚ ਕਿਹਾ ਕਿ ਵਧੇਰੇ ਵਿਆਪਕ ÷ਪਰਸਪਰ÷ ਟੈਰਿਫਾਂ ਲਈ ਉਸਦੇ ਇਰਾਦੇ 2 ਅਪ੍ਰੈਲ ਤੋਂ ਸ਼ੁਰੂ ਹੋਣਗੇ।

# ਪੰਜਾਬੀ ਭਾਸ਼ਾ ਬਨਾਮ ਮਸਨੂਈ ਬੁੱਧੀ

ਭਾਸ਼ਾ ਸੰਚਾਰ ਦੀ ਸ਼ਕਤੀਸ਼ਾਲੀ ਮਾਧਿਅਮ ਹੁੰਦੀ ਹੈ, ਜੋ ਕਿਸੇ ਕੌਮੀਅਤ ਦੇ ਹਾਵਾਂ-ਭਾਵਾਂ ਤੇ ਵਿਚਾਰਾਂ ਦਾ ਆਪਸੀ ਅਦਾਨ ਪ੍ਰਦਾਨ ਕਰਦੀ ਹੈ। ਹਰ ਭਾਸ਼ਾ ਦੀ ਧੁਨੀ ਉਸ ਦੀ ਸੰਸਕ੍ਰਿਤ, ਸਮਾਜ ਤੇ ਇਤਿਹਾਸ ਮੁਤਾਬਿਕ ਸਿਰਜਤ ਹੁੰਦੀ ਹੈ। ਪੰਜਾਬੀ ਸੂਬੇ ਨੂੰ 62 ਵਰ੍ਹੇ ਘੋਸ਼ਿਤ ਹੋਣ ਅਤੇ ਪੰਜਾਬ ਰਾਜ ਭਾਸ਼ਾ ਐਕਟ 1967 ਨੂੰ 2008 ਵਿੱਚ ਸੋਧ ਅਨੁਸਾਰ ਕੋਈ ਵੀ ਕਾਨੂੰਨ ਪੰਜਾਬ ਦੀਆਂ ਅਦਾਲਤਾਂ, ਦਫਤਰਾਂ, ਸਕੂਲਾਂ ਤੇ ਸਰਕਾਰੀ ਅਦਾਰਿਆਂ ਵਿੱਚ ਪੰਜਾਬੀ ਭਾਸ਼ਾ ਨੂੰ ਲਾਗੂ ਕਰਨ ਵਿੱਚ ਰੁਕਾਵਟ ਨਹੀਂ ਬਣ ਸਕਦਾ÷ ਦੇ ਲਾਗੂ ਹੋਣ ਦੇ ਬਾਵਜੂਦ ਕੋਈ ਸਾਕਾਰਾਤਮਿਕ ਵਿਕਾਸ ਸਾਹਮਣੇ ਨਹੀਂ ਆਏ। ਇਸ ਤੋਂ ਇਲਾਵਾ ਦੁਨੀਆਂ ਭਰ ਦੀ ਪ੍ਰਤੀਨਿਧ ਸੰਸਥਾ ਯੂਨੈਸਕੋ ਦੀ ਰਿਪੋਰਟ ਅਨੁਸਾਰ ਪੰਜਾਬੀ ਸਮੇਤ ਅਨੇਕਾਂ ਖੇਤਰੀ ਭਾਸ਼ਾਵਾਂ ਦੇ ਆਉਂਦੇ 50 ਸਾਲਾਂ ਵਿੱਚ ਖਤਮ ਹੋਣ ਦਾ ਖਾਦਸ਼ਾ ਪ੍ਰਗਟਾਇਆ ਗਿਆ ਜਿਸ ਤਹਿਤ ਪੰਜਾਬੀ ਭਾਸ਼ਾ ਦੀ ਹੋਂਦ ਨੂੰ ਕਾਇਮ ਰੱਖਣ ਹਿੱਤ ਸਾਹਿਤਕ ਵਿਚਾਰ ਗੋਸ਼ਟੀਆਂ ਤੇ ਕਾਨਫਰੰਸਾਂ ਦੀਆਂ ਲੜੀਆਂ ਦੀ ਸ਼ੁਰੂਆਤ ਹੋਈ।

**ਲੇਖਕ: ਗੁਰਵੀਰ ਸਿੰਘ ਸਰੌਦ**
**ਸੰਪਰਕ: 9417971451**

ਇਸ ਸਭ ਦੇ ਬਾਵਜੂਦ ਵਰਤਮਾਨ ਸਮੇਂ ਪੰਜਾਬੀ ਭਾਸ਼ਾ, ਪੰਜਾਬੀ ਬੋਲਦੇ ਖੇਤਰਾਂ ਦੀ ਨਹੀਂ ਬਲਕਿ ਹੱਦਾਂ-ਸਰਹੱਦਾਂ ਤੋਂ ਪਾਰ ਹੁੰਦਿਆਂ 150 ਮੁਲਖਾਂ ਵਿੱਚ ਵੱਸਦੇ 15 ਕਰੋੜ ਲੋਕਾਂ ਦੀ ਭਾਸ਼ਾ ਬਣ ਚੁੱਕੀ ਹੈ। ਜੋ ਦੁਨੀਆਂ ਵਿੱਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚੋਂ 10ਵੇਂ ਸਥਾਨ @ਤੇ ਆਉਂਦੀ ਹੈ।

ਪਰ ਹੁਣ ਫਿਰ ਤਕਨੀਕੀ ਯੁੱਗ ਵਿੱਚ ਆਰਟੀਫੀਸਲ ਇੰਟੈਲੀਜੈਂਸ (ਏਆਈ) ਦੇ ਵੱਖ-ਵੱਖ ਪ੍ਰੋਗਰਾਮਾਂ ਦੇ ਰੀਲੀਜ਼ ਹੋਣ ਤੋਂ ਬਾਅਦ ਖ਼ਾਸਕਰ ਗੂਗਲ ਵੱਲੋਂ ਜੇਮਿਨੀ ਪ੍ਰੋ (ਬਾਰਡ) ਲਾਂਚ ਕੀਤਾ ਗਿਆ ਜਿਸ ਤੋਂ ਬਾਅਦ ਸਾਹਿਤਿਕ ਖੇਤਰਾਂ ਵਿੱਚ ਪੰਜਾਬੀ ਭਾਸ਼ਾ ਦੀ ਹੋਂਦ ਤੇ ਇਸ ਦੀ ਭਵਿੱਖੀ ਸੰਭਾਵਨਾਵਾਂ ਦੀ ਮੁੜ ਚਰਚਾ ਸ਼ੁਰੂ ਹੋਈ ਹੈ। ਕਿਉਂਕਿ ਇਸ ਪ੍ਰੋਗਰਾਮ ਵਿੱਚ ਭਾਰਤ ਦੀਆਂ 9 ਭਾਸ਼ਾਵਾਂ ਹਿੰਦੀ, ਬੰਗਾਲੀ, ਮਰਾਠੀ, ਤਾਮਿਲ, ਤੇਲਗੂ, ਗੁਜਰਾਤੀ, ਮਲਿਆਲਮ, ਕੰਨੜ ਤੇ ਉਰਦੂ ਨੂੰ ਸ਼ਾਮਿਲ ਕੀਤਾ ਗਿਆ ਹੈ। ਜਦੋਂ ਕਿ ਹਿੰਦੀ ਤੇ ਬੰਗਾਲੀ ਮਗਰੋਂ ਪੰਜਾਬੀ ਅਜਿਹੀ ਭਾਸ਼ਾ ਹੈ, ਜਿਸ ਦੇ 15 ਕਰੋੜ ਬੁਲਾਰੇ ਹਨ।

ਪੰਜਾਬੀ ਭਾਸ਼ਾ ਨੂੰ ਇਸ ਪ੍ਰੋਗਰਾਮ ਵਿੱਚ ਨਾ ਸ਼ਾਮਿਲ ਕਰਨ ਦਾ ਪ੍ਰਮੁੱਖ ਕਾਰਨ ਪੰਜਾਬੀ ਦੇ ਵਰਤੋਂਕਾਰਾਂ ਦਾ ਵੱਖ- ਵੱਖ ਲਿੱਪੀਆਂ ਵਿੱਚ ਵੰਡਿਆ ਹੋਣਾ ਹੈ ਕਿਉਂਕਿ ਪੰਜਾਬੀ ਭਾਸ਼ਾ ਨੂੰ ਲਿਖਤੀ ਰੂਪ ਵਿੱਚ ਗੁਰਮੁਖੀ, ਸ਼ਾਹਮੁਖੀ, ਰੋਮਨ ਥੋੜਾ ਬਹੁਤ ਦੇਵਨਗਰੀ ਰਾਹੀਂ ਲਿਖਿਆ ਜਾਂਦਾ ਹੈ। ਜੋ ਸੱਮਗਰੀ ਇੰਟਰਨੈੱਟ ਤੇ ਅਪਲੋਡ ਹੁੰਦੀ ਹੈ, ਉਹ ਸਾਰੀ ਗੁਰਮੁਖੀ ਵਿੱਚ ਨਹੀਂ ਬਲਕਿ ਵੱਖ-ਵੱਖ ਲਿੱਪੀਆਂ ਵਿੱਚ ਖ਼ਾਸਕਰ ਰੋਮਨ ਲਿਪੀ ਵਿੱਚ ਹੁੰਦੀ ਹੈ। ਭਾਵ ਜਿੰਨ੍ਹੇ ਡਾਟਾ ਦੀ ਜ਼ਰੂਰਤ ਹੈ ਉਹ ਡਿਜੀਟਲ ਰੂਪ ਵਿੱਚ ਖ਼ਾਸਕਰ ਗੁਰਮੁਖੀ ਲਿੱਪੀ ਵਿੱਚ ਮੌਜੂਦ ਨਹੀਂ ਹੈ।

ਦੂਸਰਾ ਪੰਜਾਬ ਦੇ ਸਰਕਾਰੀ ਤੇ ਅਰਧ ਸਰਕਾਰੀ ਦਫ਼ਤਰਾਂ ਦੀਆਂ ਵੱਖ-ਵੱਖ ਜਨਤਕ ਵੈਬਸਾਈਟਾਂ ਤੇ ਮੌਜੂਦ ਸਮੱਗਰੀ ਵੀ ਗੁਰਮੁਖੀ ਵਿੱਚ ਨਹੀਂ ਹੈ। ਤੀਸਰਾ ਪੰਜਾਬੀ ਸਾਹਿਤ ਨਾਲ ਸਬੰਧਿਤ ਕੁਝ ਕੁ ਡਿਜੀਟਲ ਵੈਬਸਾਈਟ ਹੋਂਦ ਵਿੱਚ ਆਈਆਂ ਹਨ, ਜਿਨ੍ਹਾਂ ਤੋਂ ਸਾਹਿਤਿਕ ਸਮੱਗਰੀ ਪ੍ਰਾਪਤ ਹੁੰਦੀ ਹੈ। ਗਿਆਨ-ਵਿਗਿਆਨ, ਕਾਨੂੰਨ, ਡਾਕਟਰੀ, ਗਣਿਤ ਨਾਲ ਸੰਬੰਧਿਤ ਕਿਤਾਬਾਂ ਵੀ ਸਾਨੂੰ ਗੁਰਮੁਖੀ ਲਿੱਪੀ ਵਿੱਚ ਪ੍ਰਾਪਤ ਨਹੀਂ ਹੁੰਦੀਆਂ। ਇਸ ਲਈ ਜੋ ਡਾਟਾ ਇੰਟਰਨੈੱਟ ਦੀਆਂ ਵੱਖ-ਵੱਖ ਸਾਈਟਾਂ @ਤੇ ਮੌਜੂਦ ਹੈ ਉਹ ਬਹੁਤ ਥੋੜੀ ਸੰਖਿਆ ਵਿੱਚ ਹੈ ਜੋ ਡਾਟਾ ਮੌਜੂਦ ਵੀ ਹੈ ਉਹਨਾਂ ਵਿੱਚ ਵੱਖ-ਵੱਖ ਫੌਂਟਾਂ ਦੀ ਸਮੱਸਿਆ ਹੈ, ਤਾਂ ਅਜਿਹੇ ਵਿੱਚ ਤਾਂ ਡਾਟਾ ਬਹੁਤ ਹੀ ਥੋੜੀ ਸੰਖਿਆ ਵਿੱਚ ਮੌਜੂਦ ਰਹਿ ਜਾਂਦਾ ਹੈ।

ਇਸ ਲਈ ਸਾਨੂੰ ਏਆਈ ਦੇ ਦੌਰ ਵਿੱਚ ਪੰਜਾਬੀ ਭਾਸ਼ਾ ਨੂੰ ਸਮੇਂ ਦੇ ਹਾਣ ਦੀ ਬਣਾਉਣ ਦੀ ਲੋੜ ਹੈ ਜਿਸ ਨਾਲ ਸਾਨੂੰ ਇੰਟਰਨੈੱਟ ਤੇ ਵੱਖ-ਵੱਖ ਸਾਈਟਾਂ ਤੇ ਵਰਤੋਂ ਕਰਦੇ ਸਮੇਂ ਗੁਰਮੁਖੀ ਲਿਪੀ ਦੀ ਵਰਤੋਂ ਕਰੀਏ। ਜੋ ਸਵਾਲ ਜਵਾਬ ਜਾਂ ਟਿੱਪਣੀ ਕਰਨੀ ਹੈ, ਉਹ ਵੀ ਗੁਰਮੁਖੀ ਵਿੱਚ ਕੀਤੀ ਜਾਵੇ। ਪੰਜਾਬੀ ਸਾਹਿਤ ਤੋਂ ਇਲਾਵਾ ਗਿਆਨ-ਵਿਗਿਆਨ, ਗਣਿਤ, ਕਾਨੂੰਨ, ਡਾਕਟਰੀ ਨਾਲ ਸੰਬੰਧਿਤ ਕਿਤਾਬਾਂ ਪੰਜਾਬੀ ਵਿੱਚ ਤਿਆਰ ਕਰਕੇ ਵੈੱਬਸਾਈਟ @ਤੇ ਅਪਲੋਡ ਕਰਨੀਆਂ ਚਾਹੀਦੀਆਂ ਹਨ। ਸਰਕਾਰ ਆਪਣੀਆਂ ਸਾਰੀਆਂ ਜਨਤਕ ਵੈਬਸਾਈਟਾਂ @ਤੇ ਡਿਜੀਟਲ ਡਾਟਾ ਪੰਜਾਬੀ ਵਿੱਚ ਅਪਲੋਡ ਕਰਨ ਦੀਆਂ ਨਵੀਆਂ ਯੋਜਨਾਵਾਂ ਉਲੀਕੀਆਂ ਜਾਣੀਆਂ ਚਾਹੀਦੀਆਂ ਹਨ। ਜਿਨ੍ਹਾਂ ਵੀ ਡਾਟਾ ਅਪਲੋਡ ਕੀਤਾ ਜਾਵੇ ਉਹ ਇੱਕ ਯੂਨੀਕੋਡ ਫੋਂਟ ਰਾਹੀਂ ਹੀ ਕੀਤਾ ਜਾਵੇ ਤਾਂ ਜੋ ਵਰਤੋਂਕਾਰ ਤੇ ਅਪਲੋਡ ਕਰਤਾ ਦਾ ਸਾਂਝਾ ਫੋਂਟ ਹੋਵੇ। ਇਸ ਤੋਂ ਇਲਾਵਾ ਸਾਨੂੰ ਵਿਸ਼ਵੀਕਰਨ ਦੇ ਦੌਰ ਵਿੱਚ ਬਾਜ਼ਾਰ ਨੂੰ ਪੰਜਾਬੀ ਸਮੱਗਰੀ ਦੀ ਲੋੜ ਮਹਿਸੂਸ ਕਰਵਾਉਣੀ ਹੋਵੇਗੀ। ਵੈਸੇ ਵੀ ਅਸੀਂ ਆਪਣੇ ਪੰਜਾਬੀ ਏਆਈ (ਬਾਰਡ), ਚੈਟ, ਜੀਪੀਟੀ ਪ੍ਰੋਗਰਾਮ ਲਾਂਚ ਕਰ ਸਕਦੇ ਹਾਂ।

ਅੰਤ ਸਾਨੂੰ ਸਾਡੀ ਮਾਨਸਿਕਤਾ ਬਦਲਣ ਦੀ ਲੋੜ ਹੈ। ਗੂਗਲ @ਚ ਪੰਜਾਬੀ ਹੈ ਜਾਂ ਨਹੀਂ ਹੈ...! ਇਹ ਕੋਈ ਵੱਡਾ ਮਸਲਾ ਨਹੀਂ ਬਲਕਿ ਪੰਜਾਬੀ ਭਾਸ਼ਾ ਪ੍ਰਤੀ ਆਪਣੀ ਸੁਹਿਰਦਤਾ, ਤਕਨੀਕੀ ਯੁੱਗ ਦੀਆਂ ਲੋੜਾਂ, ਰੁਜ਼ਗਾਰ ਤੇ ਗਿਆਨ-ਵਿਗਿਆਨ ਦੀ ਭਾਸ਼ਾ ਵਜੋਂ ਸਥਾਪਿਤ ਕਰਨ ਦੀ ਲੋੜ ਹੈ।

# ਬੇਔਲਾਦ




ਜੀਤੀ ਦੀ ਮਾਂ ਅਮਰੋ ਪੁਰਾਣੇ ਖ਼ਿਆਲਾਂ ਵਾਲੀ ਔਰਤ ਸੀ। ਜਦੋਂ ਤੋਂ ਉਸਦੀ ਧੀ ਵਿਦਾ ਹੋ ਕੇ ਪੇਕੇ ਘਰ ਆਈ ਉਦੋਂ ਤੋਂ ਹੀ ਉਸਦੇ ਵਹਿਮਾਂ-ਭਰਮਾਂ ਦੀ ਨਿੱਤ ਨਵੀਂ ਪਿਟਾਰੀ ਖੁੱਲ੍ਹਣੀ ਸ਼ੁਰੂ ਹੋ ਗਈ। ਕਦੇ ਧਾਰਮਿਕ ਸਥਾਨਾਂ 'ਤੇ ਨੱਕ ਰਗੜ ਕੇ ਧੀ ਦੇ ਪੁੱਤ ਜੰਮਣ ਦੀ ਫ਼ਰਿਆਦ ਕਰਦੀ,ਕਦੇ ਕੁਝ ਖ਼ਾਸ ਔਰਤਾਂ ਨੂੰ ਨਜ਼ਰ ਲਗਾਉਣ ਵਾਲੀਆਂ ਕਹਿ ਕੇ ਧੀ ਨੂੰ ਉਹਨਾਂ ਨਾਲ ਮਿਲਣ ਤੋਂ ਵਰਜਦੀ। ਇੱਕ ਦਿਨ ਅਚਾਨਕ ਘਰੇ ਜੀਤੀ ਦੀ ਭੂਆ ਬਲਜਿੰਦਰ ਆਈ। ਭੂਆ ਨੇ ਖ਼ੁਸ਼ੀ ਜਾਹਰ ਕਰਦਿਆਂ ਕਿਹਾ," ਜੀਤੀ ਪੁੱਤ! ਰੱਬ ਨੇ ਘਰੇ ਖ਼ੁਸ਼ੀ ਲਿਆਂਦੀ ਹੈ, ਵਾਹਿਗੁਰੂ ਬੱਚੇ ਤੇ ਤੈਨੂੰ ਤੰਦਰੁਸਤ ਰੱਖੇ।" ਇਸ ਤਰ੍ਹਾਂ ਹੀ ਕਾਫ਼ੀ ਸਮਾਂ ਗੱਲਾਂ ਹੁੰਦੀਆਂ ਰਹੀਆਂ ਪਰ ਜੀਤੀ ਦੀ ਮਾਂ ਦੀ ਘਬਰਾਹਟ ਪਲ-ਪਲ ਵਧ ਰਹੀ ਸੀ ਕਿਉਂਕਿ ਜੀਤੀ ਦੀ ਭੂਆ ਦੇ ਕੋਈ ਔਲਾਦ ਨਹੀਂ ਸੀ। ਜਦੋਂ ਸ਼ਾਮ ਨੂੰ ਜੀਤੀ ਦੀ ਭੂਆ ਚਲੀ ਗਈ ਤਾਂ ਮਗਰੋਂ ਅਮਰੋ ਦਾ ਗੁੱਸਾ ਸੱਤਵੇਂ ਅਸਮਾਨ 'ਤੇ ਪੁੱਜ ਗਿਆ। "ਲੈ ਦੱਸ, ਆ ਗਈ ਇੱਥੇ ਮੱਤਾਂ ਦੇਣ, ਆਪ ਨੂੰ ਰੱਬ ਨੇ ਦਿੱਤਾ ਨਹੀਂ, ਦੂਜੇ ਦਾ ਜਰਿਆ ਨੀਂ ਜਾਂਦਾ, ਭਲਾ ਹੁਣ ਇੱਕੋ ਥਾਂ ਥੋੜ੍ਹੀ ਢੇਰੀ ਹੋਏ ਰਹਿਣਾ? ਇਹ ਨਹੀਂ ਵੀ ਹਾਲ ਪੁੱਛ ਲਿਆ ਮੁੜ ਜਾਈਏ", ਅੱਗ ਬਬੂਲਾ ਹੋਈ ਅਮਰੋ ਬੋਲਣ ਲੱਗੀ। "ਲੈ ਮਾਤਾ, ਫਿਰ ਕੀ ਹੋ ਗਿਆ? ਭੂਆ ਤਾਂ ਹਾਲ ਪੁੱਛਣ ਆਈ ਸੀ, ਜੇ ਕੋਈ ਨਹੀਂ ਆਉਂਦਾ ਫਿਰ ਤੂੰ ਦੂਜੇ ਲੋਟ ਹੋ ਜਾਨੀ ਆਂ।" ਜੀਤੀ ਨੇ ਮੱਥੇ 'ਤੇ ਹੱਥ ਮਾਰਦਿਆਂ ਕਿਹਾ। ਅਮਰੋ ਬੋਲੀ, "ਚੁੱਪ ਕਰ, ਤੈਨੂੰ ਨਹੀਂ ਪਤਾ, ਐਵੇਂ ਹੌਂਕਾ ਲੈਜੂ।" ਜੀਤੀ ਬੋਲੀ, "ਮਾਂ ਛੱਡ ਦੇ ਇਹ ਸਭ, ਭੂਆ ਇਸ ਘਰ ਦੀ ਕੁੜੀ ਆ, ਉਹ ਆਪਣਾ ਮਾੜਾ ਨਹੀਂ ਸੋਚਦੀ, ਜੇ ਹੌਂਕਾ ਲੈਂਦੀ ਹੁੰਦੀ ਤਾਂ ਤੇਰੇ ਇੱਕ ਕੁੜੀ ,ਦੋ ਮੁੰਡੇ ਕਿੱਥੇ ਹੋ ਜਾਂਦੇ?" ਇਹ ਸੁਣ ਕੇ ਅਮਰੋ ਬੋਲੀ, "ਮੈਨੂੰ ਨਾ ਸਮਝਾ ਚੁੱਪ ਕਰਕੇ ਅਰਾਮ ਕਰਲਾ।"

ਜੀਤੀ ਅੰਦਰ ਜਾ ਕੇ ਸੌਂ ਗਈ। ਇਸ ਘਟਨਾ ਤੋਂ ਕੁਝ ਦਿਨਾਂ ਬਾਅਦ ਹੀ ਜੀਤੀ ਦੇ ਮੁੰਡਾ ਹੋਇਆ। ਟੱਬਰ ਸਣੇ ਅਮਰੋ ਦਾ ਵੀ ਧਰਤੀ ਪੈਰ ਨਹੀਂ ਸੀ ਲੱਗ ਰਿਹਾ। ਜਦੋਂ ਅਮਰੋ ਨੂੰ ਪਤਾ ਲੱਗਿਆ ਕਿ ਉਸਦਾ ਪੁੱਤ ਆਪਣੀ ਭੂਆ ਨੂੰ ਫ਼ੋਨ ਲਗਾਈ ਬੈਠਾ ਹੈ ਤਾਂ ਉਸਨੇ ਪੁੱਤ ਨੂੰ ਕਿਹਾ, " ਹੁਣੇ ਕਾਹਤੋਂ ਲਗਾ ਲਿਆ, ਜੇ ਪਤਾ ਲੱਗ ਗਿਆ ਕਿ ਆਪਾਂ ਘਰ ਹਾਂ ਤਾਂ ਨਾਲ ਭੱਜ ਲੈਣਾ ਉਸਨੇ, ਮੈਂ ਨਹੀਂ ਚਾਹੁੰਦੀ ਮੇਰੇ ਦੋਹਤੇ 'ਤੇ ਉਸਦਾ ਪਰਛਾਵਾਂ ਵੀ ਪਵੇ। "ਮਾਤਾ ਤੂੰ ਨਾ ਆਹ ਕੁਝ ਛੱਡੀਂ ਸਾਰੀ ਉਮਰ", ਮੁੰਡੇ ਨੇ ਖਿਝਦਿਆਂ ਕਿਹਾ। ਜਿਵੇਂ ਹੀ ਉਹ ਹਸਪਤਾਲ ਪਹੁੰਚੇ ਤਾਂ ਵੇਖਦਿਆਂ-ਵੇਖਦਿਆਂ ਅਚਾਨਕ ਜੀਤੀ ਦੀ ਤਬੀਅਤ ਖ਼ਰਾਬ ਹੋ ਗਈ ਤੇ ਉਸਨੂੰ ਐਮਰਜੈਂਸੀ 'ਚ ਲਿਜਾਇਆ ਗਿਆ। ਡਾਕਟਰ ਨੇ ਬਾਹਰ ਆ ਕੇ ਕਿਹਾ," ਜਲਦੀ ਤੋਂ ਜਲਦੀ 'ਓ' ਗਰੁੱਪ ਬਲੱਡ ਦਾ ਪ੍ਰਬੰਧ ਕਰੋ", ਪੇਸੈਂਟ ਦੀ ਹਾਲਤ ਗੰਭੀਰ ਹੋ ਰਹੀ ਹੈ।" ਇਹ ਸੁਣਦਿਆਂ ਅਮਰੋ ਤਾਂ ਸੁੰਨ ਹੀ ਹੋ ਗਈ, ਸਾਰੇ ਟੱਬਰ ਨੂੰ ਭਾਜੜਾਂ ਪੈ ਗਈਆਂ। ਸਮਝ ਨਹੀਂ ਸੀ ਆ ਰਿਹਾ ਕਿ ਕੀ ਕੀਤਾ ਜਾਵੇ। ਅਮਰੋ ਦੇ ਮੁੰਡੇ ਨੇ ਤੁਰੰਤ ਭੂਆ ਨੂੰ ਫ਼ੋਨ ਕਰ ਦਿੱਤਾ ਕਿਉਂਕਿ ਉਹ ਜਾਣਦਾ ਸੀ ਕਿ ਪੂਰੇ ਪਰਿਵਾਰ 'ਚੋਂ ਸਿਰਫ਼ ਭੂਆ ਦਾ ਹੀ ਬਲੱਡ ਗਰੁੱਪ 'ਓ' ਸੀ। ਭੂਆ ਤਰੁੰਤ ਪਹੁੰਚ ਗਈ ਅਤੇ ਉਸਨੇ ਆ ਕੇ ਆਪਣਾ ਬਲੱਡ ਦੇ ਕੇ ਜੀਤੀ ਨੂੰ ਮੌਤ ਦੇ ਮੂੰਹ 'ਚੋਂ ਬਾਹਰ ਕੱਢ ਲਿਆਂਦਾ। ਸੁੰਨ ਹੋਈ ਅਮਰੋ ਜੋ ਦਵਾਈ ਲੈ ਕੇ ਦੂਜੇ ਕਮਰੇ 'ਚ ਬੈਠੀ ਸੀ, ਨੂੰ ਉਸਦੇ ਪੁੱਤ ਨੇ ਝਿਜੋੜਦਿਆਂ ਕਿਹਾ, "ਮਾਤਾ! ਉੱਠ ਕੇ ਵੇਖ ਓਧਰ, ਅੱਜ ਤੇਰੀ ਧੀ ਦੀ ਜਾਨ ਉਸੇ ਨੇ ਬਚਾਈ ਆ, ਜਿਸਦਾ ਪਰਛਾਵਾਂ ਨਹੀਂ ਸੀ ਪੈਣ ਦਿੰਦੀ। ਤੂੰ ਤਾਂ ਪਰਛਾਵਾਂ ਵੀ ਨਹੀਂ ਸੀ ਪੈਣ ਦਿੱਤਾ, ਭਲਾ ਫਿਰ ਇਹ ਔਖੀ ਘੜੀ ਕਿਉਂ ਆਈ?

ਤੂੰ ਸਾਡੀ ਭੂਆ ਨੂੰ ਸਿਰਫ਼ ਇਸੇ ਕਰਕੇ ਹੀ ਨਹੀ ਸੀ ਆਉਣ ਦਿੰਦੀ ਕਿ ਉਹਦੇ ਔਲਾਦ ਨਹੀਂ। ਔਲਾਦ ਹੋਣਾ ਨਾ ਹੋਣਾ ਇਹ ਸਭ ਤਾਂ ਰੱਬ ਦੇ ਹੱਥ ਹੁੰਦਾ। ਪਰ ਅਜਿਹੇ ਬੰਦੇ ਨੂੰ ਸਗੋਂ ਮੂਹਰੇ ਕਰਨਾ ਚਾਹੀਦਾ ਤਾਂ ਕਿ ਉਸਨੂੰ ਵੀ ਉਹ ਖ਼ੁਸ਼ੀਆਂ ਮਾਨਣ ਦਾ ਮੌਕਾ ਮਿਲੇ ਜੋ ਅੰਦਰੇ ਅੰਦਰ ਦੱਬੀਆਂ ਹੋਈਆਂ ਤੁਹਾਡੇ ਵਰਗੀ ਸਮਾਜਿਕ ਰੂੜੀਵਾਦੀ ਸੋਚ ਨੇ।" ਅਮਰੋ ਸੁਣ ਸਭ ਰਹੀ ਸੀ ਪਰ ਸ਼ਰਮਿੰਦਾ ਹੋਈ ਕੁਝ ਬੋਲ ਨਹੀਂ ਸੀ ਪਾ ਰਹੀ।

ਐਨੇ ਨੂੰ ਜੀਤੀ ਦੀ ਹਾਲਤ ਲਗਭਗ ਠੀਕ ਹੋ ਗਈ ਅਤੇ ਮਹੌਲ ਮੁੜ ਤੋਂ ਪਹਿਲਾਂ ਵਰਗਾ ਹੋਣ ਲੱਗਿਆ।

ਸ਼ਾਮ ਨੂੰ ਭੂਆ ਨੇ ਆਪਣੇ ਭਤੀਜੇ ਨੂੰ ਕਿਹਾ,"ਬੇਟੇ ਜੇ ਮੇਰੀ ਜ਼ਰੂਰਤ ਹੈ ਤਾਂ ਰੁਕ ਜਾਂਦੀ ਹਾਂ, ਨਹੀਂ ਫਿਰ ਮੈਂ ਚੱਲਾਂ ਘਰੇ (ਕਿਉਂਕਿ ਬੇਔਲਾਦ ਹੋਣ ਕਾਰਨ ਉਹ ਮੁੜ ਕਿਸੇ ਦੇ ਮੱਥੇ ਦੀ ਤਿਊੜੀ ਨਹੀਂ ਸੀ ਬਣਨਾ ਚਾਹੁੰਦੀ) ਜੀਤੀ ਬੋਲੀ, "ਭੂਆ ਜੀ ਐਸ ਵੇਲੇ ਕਿੱਧਰ ਜਾਣਾ? ਨਾਲੇ ਗੱਲ ਸੁਣੋ, ਹੁਣ ਮੁੰਡੇ ਦਾ ਕੋਈ ਵਧੀਆ ਜਾ ਨਾਮ ਸੋਚ ਕੇ ਦੱਸਿਓ, ਜੋ ਤੁਸੀਂ ਦੱਸੋਂਗੇ ਮੈਂ ਉਹੀ ਰਖੂੰਗੀ। ਇਹ ਸੁਣਦਿਆਂ ਹੀ ਭੂਆ ਨੇ ਆਪਣੇ ਅੰਦਰ ਮਹਿਸੂਸ ਕੀਤਾ ਜਿਵੇਂ ਉਸਦੇ ਅੰਦਰ ਦੱਬੀਆਂ ਰੀਝਾਂ ਨੂੰ ਖੁੱਲ੍ਹ ਮਿਲ ਗਈ ਹੋਵੇ ਅਤੇ ਖ਼ੁਸ਼ੀਆਂ ਨੇ ਸ਼ਰੀਕ ਹੋਣ ਲਈ ਸਾਰੇ ਰਾਹ ਖੋਲ੍ਹ ਦਿੱਤੇ ਹੋਣ। ਔਲਾਦ ਨਾ ਹੋਣ ਕਾਰਨ ਉਸਦੇ ਅੰਦਰ ਪਲ-ਪਲ ਕੇ ਵੱਡੀਆਂ ਹੋਈਆਂ ਪਤਾ ਨਹੀਂ ਕਿੰਨੀਆਂ ਹੀ ਰੋਕਾਂ ਤੇ ਝਿਜਕਾਂ ਨੇ ਅੱਜ ਦਮ ਤੋੜ ਦਿੱਤਾ ਸੀ।

**ਹਰਪ੍ਰੀਤ ਕੌਰ ਘੁੰਨਸ**
**ਮੋ:9779520194**

(ਸਾਡਾ ਪੁਰਾਤਨ ਪੰਜਾਬ)

# ਇਥੋਂ ਸਹਿਜੇ ਹੀ ਅੰਦਾਜਾ ਲੱਗ ਜਾਂਦੈ ਕਿ ਕਿੰਨੀ ਕੁ ਸੀ ਓਦੋਂ ਸਰੀਰਾਂ ਚ ਜਾਨ

ਆਹ ਸਮੇਂ ਵੀ ਸਨ ਕਿਸੇ ਸਮੇਂ ਪੰਜਾਬ ਵਿੱਚ, ਵੈਸੇ ਤਾਂ ਇਹ ਕੰਮ ਮਰਦਾਂ ਦੇ ਹਿਸੇ ਦਾ ਸੀ,ਪਰ ਦੋਸਤੋ ਕਿਸੇ ਕਿਸੇ ਘਰ ਆਦਮੀਆਂ ਦੀ ਘਾਟ ਵੀ ਹੋਇਆ ਕਰਦੀ ਸੀ। ਜਿਥੇ ਫਿਰ ਘਰ ਦੇ ਗ੍ਰਿਸਤੀ ਜੀਵਨ ਦੀ ਗੱਡੀ ਰਲਮਿਲ ਕੇ ਚਲਾਉਣੀ ਪੈਂਦੀ ਸੀ।ਆਮ ਰਿਵਾਜ ਤਾਂ ਇਹੀ ਹੋਇਆ ਕਰਦਾ ਸੀ ਕਿ ਬਾਹਰ ਖੇਤਾਂ ਦਾ ਕੰਮ ਧੰਦਾ ਆਦਮੀ ਅਤੇ ਘਰ ਦੇ ਸਾਰੇ ਕੰਮ ਘਰਾਂ ਦੀਆਂ ਬੀਬੀਆਂ ਮਾਵਾਂ ਭੈਣਾਂ ਕਰਦੀਆਂ ਸਨ।ਪਰ ਮਜਬੂਰੀ ਵੱਸ ਜਦੋਂ ਵਾਹਿਗੁਰੂ ਵੱਲੋਂ ਕੋਈ ਬੰਦਿਆਂ ਦੀ ਘਾਟ ਹੋਣੀ ਤਾ ਸੰਯੁਕਤ ਪਰਿਵਾਰਾਂ ਵਿੱਚ ਸਾਰਾ ਕੰਮ ਧੰਦਾ ਰਲਮਿਲ ਕਰਨਾ, ਕਈ ਭੈਣਾਂ ਦੇ ਕੁੱਛੜ ਜੁਆਕ ਹੁੰਦਾ ਜੋ ਆਪ ਫੋਟੋ ਵਿੱਚ ਵੇਖ ਰਹੇ ਹੋਂ। ਨੂੰਹ ਸੱਸ ਰਲਮਿਲ ਘਰ ਦੇ ਸਾਰੇ ਕੰਮ ਕਰਨ ਨੂੰ ਆਪਣਾ ਫਖਰ ਮਹਿਸੂਸ ਕਰਦੀਆਂ ਸਨ।ਜੁਆਕ ਕੁੱਛੜ ਚੱਕੇ ਚੁਕਾਏ ਹਰੇ ਚਾਰੇ ਦੇ ਰੁੱਗ ਲਾਉਣੇ ਤੇ ਸੱਸ ਨੇ ਅੱਗੇ ਲੱਗ ਕੇ ਹੱਥੀਂ ਮਸੀਨ ਗੇੜ ਕੇ ਪੱਠੇ ਕੁਤਰਣੇ ਤੇ ਫਿਰ ਡੰਗਰਾਂ ਨੂੰ ਪਾਉਣੇ। ਜੇਕਰ ਘਰ ਵਿੱਚ ਕੋਈ ਸੱਜਰ ਸੂਈ ਮੱਝ ਗਾਂ ਹੋਣੀ ਤਾਂ ਇਸ ਤੋਂ ਵੀ ਜਰੂਰੀ ਤੇ ਪੂਰੀ ਜੰਮੇਵਾਰੀ ਅਤੇ ਟਾਈਮ ਸਿਰ ਪੱਠੇ ਕੁਤਰ ਕੇ ਪਸੂਆਂ ਨੂੰ ਪਾਉਣੇ ਕਿਉਂਕਿ ਸੁਭਾ ਤੇ ਸਾਮੀ ਧਾਰਾਂ ਕੱਢਣ ਦੀ ਡਿਊਟੀ ਵੀ ਬੀਬੀਆਂ ਭੈਣਾਂ ਦੀ ਹੀ ਹੁੰਦੀ ਸੀ। ਜਿਵੇਂ ਕਿ ਆਪਾਂ ਨੂੰ ਭਲੀਭਾਂਤ ਪਤਾ ਹੈ ਕਿ ਦੁਧਾਰੂ ਪਸੂ ਨੂੰ ਜੇਕਰ ਟਾਈਮ ਨਾਲ ਗਤਾਵਾ ਜਾ ਹਰੇ ਪੱਠੇ ਪਾਵਾਂਗੇ ਤਾਂ ਹੀ ਓਹ ਦੁੱਧ ਦੇਣਗੇ।

ਸੋ ਇਹ ਪੁਰਾਤਨ ਪੰਜਾਬ ਦੇ ਅਨਿਖੜਵੇਂ ਅੰਗ ਦਾ ਹੀ ਇੱਕ ਹਿੱਸਾ ਹੋਇਆ ਕਰਦਾ ਸੀ। ਹੁਣ ਤੁਸੀਂ ਆਪ ਹੀ ਅੰਦਾਜਾ ਲਗਾ ਸਕਦੇ ਹੋ ਕਿ ਐਨੀ ਹੱਥੀਂ ਮਿਹਨਤ ਕਰਨ ਵਾਲਿਆਂ ਦੇ ਕਦੇ ਕੋਈ ਬੀਮਾਰੀ ਨੇੜੇ ਆਵੇਗੀ? ਬਿਲਕੁਲ ਵੀ ਨਹੀਂ। ਹੁਣ ਅਸੀਂ ਸਾਰੇ ਹੀ ਸੋਹਲ ਹੋ ਚੁੱਕੇ ਹਾਂ, ਹੱਥੀਂ ਕੰਮ ਕਰਨਾ ਤਾਂ ਇੱਕ ਸੁਪਨਾ ਹੀ ਬਣ ਚੁੱਕਿਆ ਹੈ। ਪਾਣੀ ਦਾ ਗਿਲਾਸ ਵੀ ਹੱਥੀਂ ਲੈ ਕੇ ਕੋਈ ਵੀ ਨਹੀਂ ਪੀਂਦਾ ਸਗੋਂ ਕਿਸੇ ਦੂਸਰੇ ਤੇ ਨਿਰਭਰ ਹੋ ਚੁੱਕੇ ਹਾਂ। ਇਸੇ ਕਰਕੇ ਹੀ ਸਾਨੂੰ ਤਰਾਂ ਤਰਾਂ ਦੀਆਂ ਬੀਮਾਰੀਆਂ ਨੇ ਘੇਰਾ ਪਾਇਆ ਹੋਇਆ ਹੈ। ਹਰੇਕ ਘਰ ਵਿੱਚ ਕੋਈ ਨਾ ਕੋਈ ਜੀਅ ਪੱਕਾ ਬੀਮਾਰੀ ਕਾਰਨ ਦੁੱਖੀ ਹੈ,ਤੇ ਉਸ ਦੀ ਬੀਮਾਰੀ ਤੇ ਲੱਖਾਂ ਰੁਪਏ ਲੱਗ ਰਹੇ ਹਨ। ਕਿਉਂਕਿ ਟੈਸਟਾਂ ਰਾਹੀਂ ਇਲਾਜ ਪ੍ਰਣਾਲੀ ਚੱਲ ਰਹੀ ਹੈ ਜਿਨ੍ਹਾਂ ਤੇ ਹਜਾਰਾਂ ਰੁਪਏ ਲੱਗ ਰਹੇ ਹਨ। ਓਨਾਂ ਸਮਿਆਂ ਵਿੱਚ ਹੱਥੀਂ ਕੰਮ ਕਰਨ ਕਰਕੇ ਹੀ ਅਸੀਂ ਬੀਮਾਰੀਆਂ ਤੋਂ ਬਚੇ ਹੋਏ ਸਾਂ। ਅਜੋਕੇ ਸਮਿਆਂ ਵਿੱਚ ਕਿਤੇ ਕਿਸੇ ਨੂੰ ਬਾਹਰ ਪੰਦਰਾਂ ਵੀਹ ਕਿਲੋਮੀਟਰ ਤੱਕ ਹੀ ਜਾਣਾ ਪਵੇ ਤੇ ਓਹ ਵੀ ਕਾਰ ਚ, ਤੇ ਫਿਰ ਦੋਸਤੋ ਵਾਪਸ ਆਕੇ ਜਨਾਨੀਆਂ ਘਰੀਂ ਰੋਟੀ ਵੀ ਨਹੀਂ ਬਣਾਉਂਦੀਆਂ ਸਗੋਂ ਹੋਟਲਾਂ ਤੋਂ ਹੀ ਆਉਂਦੀ ਹੈ।ਘਰ ਆਕੇ ਸਾਡੀਆਂ ਅਜੋਕੀਆਂ ਬੀਬੀਆਂ ਭੈਣਾਂ ਇਉਂ ਬੈਡ ਤੇ ਡਿਗਦੀਆਂ ਹਨ ਜਿਵੇਂ ਹਜਾਰਾਂ ਮੀਲ ਦਾ ਸਫਰ ਤਹਿ ਕਰਕੇ ਆਈਆਂ ਹੋਣ।ਧੰਨ ਸੀ ਓਦੋਂ ਦੀਆਂ ਬੀਬੀਆਂ ਭੈਣਾਂ ਤੇ ਸਾਡੇ ਵੱਡ ਵਡੇਰੇ ਭਾਵ ਪੁਰਖੇ, ਜਿਹੜੇ ਕਿਤੇ ਬਾਹਰ ਰਿਸਤੇਦਾਰੀ ਵਿੱਚ ਜਾਣਾ ਤਾਂ ਓਹ ਵੀ ਤੁਰ ਕੇ,ਕੰਮ ਹੱਥੀਂ ਕਰਨੇ ਤੇ ਕਦੇ ਕਿਸੇ ਕਿਸਮ ਦੀ ਥਕਾਵਟ ਹੀ ਮਹਿਸੂਸ ਨਹੀਂ ਸੀ ਕਰਦੇ। ਇਸੇ ਤਰ੍ਹਾਂ ਹੀ ਸਾਰੇ ਪਰਿਵਾਰ ਦੇ ਮੈਂਬਰਾਂ ਨੇ ਆਪੋ-ਆਪਣੇ ਹਿੱਸੇ ਦਾ ਕੰਮ ਆਪਣੇ ਹਿਸਾਬ ਨਾਲ ਹੀ ਵੰਡ ਵੰਡਾ ਕੇ ਕਰਨਾ।ਘਰ ਵਿੱਚ ਇੱਕ ਜੀਅ ਭਾਵ ਵੱਡੇ ਦਾ ਹੁਕਮ ਚੱਲਦਾ ਸੀ।ਹਾੜੀ ਸਾਉਣੀ ਸਾਰੇ ਪਰਿਵਾਰ ਦੇ ਕੱਪੜੇ ਬਣਿਆਂ ਕਰਦੇ ਸਨ। ਕਿਸੇ ਵਿਆਹ ਸਾਦੀ ਜਾਂ ਫਿਰ ਕਿਸੇ ਮਰਗ ਤੇ ਜਾਣਾ ਤਾ ਘਰ ਦੇ ਮੁਖੀਏ ਨੇ ਜਿਸ ਦੀ ਵੀ ਡਿਊਟੀ ਲਗਾਉਣੀ,ਉਸ ਦੀ ਕੋਈ ਮਜਾਲ ਹੀ ਨਹੀਂ ਸੀ ਕਿ ਕਹਿਣਾ ਨਾ ਮੰਨਣਾ, ਜੇਕਰ ਕਿਤੇ ਨੇੜੇ ਜਾਣਾ ਹੁੰਦਾ ਤਾਂ ਆਕੇ ਆਪਦੇ ਹਿੱਸੇ ਦਾ ਕੰਮ ਵੀ ਕਰਨਾ ਇਹ ਸਮੇਂ ਰਹੇ ਨੇ ਸਾਡੇ ਪੁਰਾਤਨ ਪੰਜਾਬ ਵਿੱਚ।

ਸੋ ਦੋਸਤੋ ਇਹ ਸਾਰੀਆਂ ਗੱਲਾਂ ਬਾਤਾਂ ਸਾਡੀ ਅਜੋਕੀ ਪੀੜ੍ਹੀ ਨੂੰ ਫਜੂਲ ਜਿਹੀਆਂ ਲੱਗਦੀਆਂ ਹਨ ਜਦੋਂ ਕਿ ਪੁਰਾਤਨ ਪੰਜਾਬ ਦਾ ਕੌੜਾ ਸੱਚ ਇਹੀ ਸੀ। ਅਤੇ ਇਹ ਸਾਰੇ ਸਮੇਂ ਸਾਡੇ ਪੁਰਖਿਆਂ ਨੇ ਆਪਣੇ ਹੱਡੀਂ ਹੰਢਾਏ ਸਨ।

**ਜਸਵੀਰ ਸਰਮਾਂ ਦੱਦਾਹੂਰ**
**ਸ੍ਰੀ ਮੁਕਤਸਰ ਸਾਹਿਬ**
**95691-49556**

# 'ਸੁੰਦਰਤਾਨੂੰਗਹਿਣਿਆਂਦੀ ਲੋੜਨਹੀਂ'

'ਸੁੰਦਰਤਾਨੂੰਗਹਿਣਿਆਂ ਦੀ ਲੋੜਨਹੀਂ'ਇਹਮਾਟੋ ਭਾਰਤੀ ਨਾਰੀ ਲਈ ਅੱਜ ਦੇ ਸਾਇੰਸ ਯੁੱਗ ਵਿੱਚ ਮਹੱਤਵਪੂਰਨ ਥਾਂ ਰੱਖਦਾ ਹੈ। ਭਾਰਤੀ ਨਾਰੀ ਦਾ ਗਹਿਣਿਆਂ ਨਾਲ ਲੱਦੇ ਜਾਣਾ ਪੁਰਾਤਨ ਰਵਾਇਤਾਂ ਅਨੁਸਾਰ ਅੱਜ ਵੀ ਪੜ੍ਹੇ ਲਿਖੇ ਯੁੱਗ ਵਿਚ ਪ੍ਰਚੱਲਤ ਹੈ। ਕੀ ਸੁੰਦਰਤਾ ਸਿਰਫ ਗਹਿਣਿਆਂ ਨਾਲ ਸ਼ਿੰਗਾਰ ਕਰਕੇ ਹੀ ਹੁੰਦੀ ਹੈ? ਇਹ ਪ੍ਰਸ਼ਨ ਅੱਜ ਦੀ ਨਾਰੀ ਸਾਹਮਣੇ ਵਿਚਾਰਨਯੋਗ ਹੈ।ਜਦੋਂ ਕਿ ਤੇਜ਼ ਰਫਤਾਰ ਯੁੱਗ ਵਿਚ ਬਾਹਰਲੇ ਦੇਸ਼ ਅਗਾਂਹ ਲੰਘ ਚੁੱਕੇ ਹਨ। ਗਹਿਣਿਆਂ ਦੇ ਜ਼ਿਆਦਾ ਨੁਕਸਾਨ ਹੀ ਹਨ, ਫਾਇਦੇ ਤਾਂ ਸ਼ਾਇਦ ਹੀ ਕੋਈ ਹੋਣ।



ਗਹਿਣਿਆਂ ਦੇਸਿਲਸਿਲੇਵਿਚਪਰਿਵਾਰ ਦੀ ਆਰਥਿਕ ਦਸ਼ਾ ਕਮਜ਼ੋਰ ਹੋ ਜਾਂਦੀਹੈ। ਵਿਆਹ ਨੂੰ ਲੜਕੀ ਲਈ ਦੋਹਾਂ ਪਾਸਿਆਂ ਤੋਂ ਗਹਿਣੇ ਪਾਏ ਜਾਂਦੇ ਹਨ। ਇਸ ਤਰ੍ਹਾਂ ਪੈਸੇ ਦੀ ਬਰਬਾਦੀ ਹੁੰਦੀ ਹੈ। ਲੜਕੀ ਵਾਲੇ 'ਨੱਕ ਰੱਖਣ' ਕਰਕੇ ਆਪਣੇ ਵਿਤੋਂ ਬਾਹਰ ਹੋ ਕੇ ਗਹਿਣੇ ਬਣਵਾਉਂਦੇ ਹਨ। ਪਿੰਡਾਂ ਵਿਚ ਤਾਂ ਜ਼ਿਮੀਂਦਾਰ ਜ਼ਮੀਨਾਂ ਗਹਿਣੇ ਕਰਕੇ ਜਾਂ ਵੇਚ ਕੇ ਵਿਆਹ ਉੱਪਰ ਰੀਸੋ-ਰੀਸ ਇਕ ਦੂਜੇ ਤੋਂ ਵੱਧ ਪੈਸਾ ਖਰਚਦੇ ਹਨ ਜਿਹੜਾ ਕਿ ਜਿਆਦਾ ਗਹਿਣਿਆਂ ਉੱਪਰ ਖਰਚਿਆ ਜਾਂਦਾ ਹੈ। ਗਹਿਣੇ ਬਣਵਾ ਕੇ ਉਨ੍ਹਾਂ ਨੂੰ ਸੰਭਾਲਣ ਲਈ ਸਮੱਸਿਆ ਪੈਦਾ ਹੋ ਜਾਂਦੀ ਹੈ। ਅਗਰ ਕਿਸੇ ਕੋਲ ਜ਼ਿਆਦਾ ਕੀਮਤੀ ਗਹਿਣੇ ਹਨ ਤਾਂ ਉਸ ਨੂੰ ਰਾਤ ਨੂੰ ਚੋਰੀ ਦੇ ਡਰ ਕਾਰਨ ਨੀਂਦ ਵੀ ਨਹੀਂ ਆਉਂਦੀ। ਬਾਹਰ ਰਸਤੇ ਵਿਚ ਸਫਰ ਕਰਦੇ ਸਮੇਂ ਹਮੇਸ਼ਾ ਮਨ ਅੰਦਰ ਇਹੋ ਡਰ ਰਹੇਗਾ। ਬੱਸਾਂ, ਮੇਲਿਆਂ, ਭੀੜ-ਭੜੱਕੇ ਵਾਲੀਆਂ ਥਾਵਾਂ ਅੰਦਰ ਅਕਸਰ ਜ਼ਨਾਨੀਆਂ ਦੀਆਂ ਚੇਨੀਆਂ, ਗਲ ਦੇ ਹਾਰ, ਕੰਨਾਂ ਦੇ ਵਾਲੇ ਆਦਿ ਅੱਖ ਝਮਕਦਿਆਂ ਲਾਹੁਣ ਜਾਂ ਭੀੜ ਕਾਰਨ ਡਿੱਗਣ ਦੀਆਂ ਘਟਨਾਵਾਂ ਸਾਡੇ ਸਾਹਮਣੇ ਆਮ ਵਾਪਰਦੀਆਂ ਹਨ। ਗਹਿਣੇ ਅਕਸਰ ਭੁੱਖੇ ਮਰ ਰਹੇ ਬੰਦੇ ਨੂੰ ਚੋਰੀ ਅਤੇ ਲੁੱਟ ਲਈ ਉਕਸਾਉਂਦੇ ਹਨ। ਕਈ ਜ਼ਨਾਨੀਆਂ ਗਿਰੋਹ ਬਣਾ ਕੇ ਅਕਸਰ ਬੱਸਾਂ ਅਤੇ ਹੋਰ ਜਨਤਕ ਥਾਵਾਂ ਅੰਦਰ ਗਹਿਣੇ ਚੁਰਾਉਣ ਜਾਂ ਲਾਹੁਣ ਦੀ ਭਾਲ ਵਿਚ ਫਿਰਦੀਆਂ ਰਹਿੰਦੀਆਂ ਹਨ। ਸਾਨੂੰ ਆਪਣੇ ਅੰਦਰ ਝਾਤ ਮਾਰ ਕੇ ਵੇਖਣਾ ਚਾਹੀਦਾ ਹੈ ਕਿ ਕੀ ਅਸੀਂ ਚੋਰ ਅਤੇ ਲੁਟੇਰੇ ਬਣਾਉਣ ਵਿਚ ਜ਼ਿੰਮੇਵਾਰ ਤਾਂ ਨਹੀਂ?

ਗਹਿਣੇਪਾਉਣਨਾਲ ਕੰਮ-ਕਾਰ ਕਰਨ ਵਿਚ ਰੁਕਾਵਟ ਪੈਂਦੀ ਹੈ। ਇਕ ਸਾਦਾ ਇਸਤਰੀ ਫੈਕਟਰੀ ਵਿਚ ਜਾਂ ਕਿਤੇ ਵੀ ਹੱਥ ਨਾਲ ਕੰਮ ਕਰਨ ਸਮੇਂ ਲਾਜ਼ਮੀ ਵੱਧ ਕੰਮ ਕਰੇਗੀ। ਗਹਿਣੇ ਮਨ ਦੀ ਇਕਾਗਰਤਾ ਨੂੰ ਭੰਗ ਕਰਦੇ ਹਨ। ਗਹਿਣੇ ਛਣਕਦੇ ਰਹਿਣ ਕਾਰਨ ਦਫਤਰੀ ਕੰਮ-ਕਾਰ ਵਿਚ ਵਿਘਨ ਪੈਂਦਾ ਹੇ। ਦੂਸਰਿਆਂ ਦਾ ਧਿਆਨ ਵੀ ਖਿੱਚਿਆ ਜਾਂਦਾ ਹੈ। ਮਰਦ ਮੁਲਾਜ਼ਮਾਂ ਨੂੰ ਗਹਿਣਿਆਂ ਦੇ ਛਣਕਣ ਦੀ ਆਵਾਜ਼ ਮੱਲੋ-ਮੱਲੀ ਉਕਸਾਉਂਦੀ ਹੈ ਜਿਸ ਨਾਲ ਕੰਮ 'ਚ ਰੁਕਾਵਟ ਪੈਦਾ ਹੁੰਦੀ ਹੈ।

ਹਰਸਮੇਂਗਹਿਣੇਪਾਉਣਨਾਲ ਇਹ ਘਸਦੇ ਰਹਿੰਦੇ ਹਨ। ਕਈ ਵਾਰੀ ਟੁੱਟ ਵੀ ਜਾਂਦੇ ਹਨ। ਇਸ ਤਰ੍ਹਾਂ ਦੁਬਾਰਾ- ਦੁਬਾਰਾ ਬਣਾਉਣ ਨਾਲ ਇਹ ਸੁਨਿਆਰੇ ਜੋਗੇ ਹੀ ਰਹਿ ਜਾਂਦੇ ਹਨ। ਇਨ੍ਹਾਂ ਦੀ ਕੀਮਤ ਤੇ ਵਜ਼ਨ ਘੱਟ ਜਾਂਦਾ ਹੈ। ਅੱਜ-ਕੱਲ੍ਹ ਸੋਨੇ ਦੇ ਗਹਿਣਿਆਂ ਦੀ ਨਕਲ ਵੀ ਚੱਲ ਪਈ ਹੈ। [illegible] ਵੱਲੋਂਗਹਿਣੇਲੁੱਟਕੇਫਰਾਰ ਹੋਣ ਦੀਆਂ ਖਬਰਾਂ ਪੜ੍ਹਦੇ ਹਾਂ। ਭੋਲੀਆਂ ਜ਼ਨਾਨੀਆਂ ਗੱਲਾਂ ਵਿਚ ਆ ਕੇ ਸਾਰੇ ਗਹਿਣੇ ਉਤਾਰ ਕੇ ਜਾਂ ਅੰਦਰੋਂ ਕੱਢ ਕੇ ਬਾਬੇ ਨੂੰ ਦੇ ਦਿੰਦੀਆਂ ਹਨ। ਬਾਬਾ ਦੁੱਗਣਾ ਕਰਨ ਦਾ ਲਾਲਚ ਦੇ ਕੇ ਰਫੂ-ਚੱਕਰ ਹੋ ਜਾਂਦਾ ਹੈ। ਬਾਅਦ ਵਿਚ ਇਹੋ ਜਿਹੀਆਂ ਜ਼ਨਾਨੀਆਂ ਫਿਕਰ ਵਿਚ ਮਾਨਸਿਕ ਰੋਗਾਂ ਦੀ ਜਕੜ ਵਿਚ ਆ ਜਾਂਦੀਆਂ ਹਨ।

ਬੱਚਿਆਂ ਅੰਦਰ ਗਹਿਣਿਆਂ ਦਾ ਸ਼ੌਕ ਵੱਡਿਆਂ ਨੂੰ ਦੇਖ ਕੇ ਕੁਦਰਤੀ ਹੋ ਜਾਂਦਾ ਹੈ। ਕਈ ਮਾਪੇ ਸਕੂਲੀ ਬੱਚਿਆਂ ਨੂੰ ਲਾਡ-ਲਾਡ ਵਿਚ ਗਹਿਣੇ ਪਾਉਣ ਦੀ ਆਦਤ ਪਾ ਦਿੰਦੇ ਹਨ। ਇਹ ਬੱਚੇ ਪਹਿਲਾਂ ਤਾਂ ਫੈਸ਼ਨ ਮੁਤਾਬਿਕ ਡੁਪਲੀਕੇਟ ਗਹਿਣੇ ਪਾਉਂਦੇ ਹਨ ਪਰ ਬਾਅਦ ਵਿਚ ਅਸਲੀ ਗਹਿਣੇ ਮੰਗਣ ਲੱਗ ਪੈਂਦੇ ਹਨ। ਇਹੋ ਜਿਹੇ ਰੁਝਾਨ ਕਾਰਨ ਪੜ੍ਹਾਈ ਵੱਲੋਂ ਉਨ੍ਹਾਂ ਬੱਚਿਆਂ ਦਾ ਧਿਆਨ ਪਾਸੇ ਚਲਾ ਜਾਂਦਾ ਹੈ। ਅਗਰ ਸਕੂਲ ਅਧਿਆਪਕਾਂ ਦੇ ਗਹਿਣੇ ਪਾਏ ਹੋਣਗੇ, ਸੁਭਾਵਿਕ ਹੀ ਬੱਚੇ ਉੱਪਰ ਇਸ ਦਾ ਪ੍ਰਭਾਵ ਪਵੇਗਾ। ਬੱਚਿਆਂ ਦਾ ਧਿਆਨ ਵੀ ਪੜ੍ਹਾਈ ਵਿਚ ਨਹੀਂ ਲੱਗੇਗਾ। ਸਾਦਗੀਗਹਿਣਿਆਂਨਾਲੋਂਕਿਤੇ ਵੱਧਪ੍ਰਭਾਵਿਤਕਰਦੀਹੈਬਸ਼ਰਤੇ ਕਿਔਰਤਬਾਕੀਗੁਣਾਂ ਨਾਲ ਮਾਲੋ-ਮਾਲ ਹੋਵੇ। ਤਿੱਖੇ ਨੈਣ-ਨਕਸ਼, ਗੋਰਾ ਰੰਗ, ਸੁਹੱਪਣਤਾ ਦਾ ਜ਼ਰੂਰ ਪ੍ਰਤੀਕ ਹਨ ਪਰ ਸ਼ਖਸੀਅਤ ਦਾ ਪ੍ਰਭਾਵ ਅੰਦਰਲੇ ਗੁਣਾਂ ਕਰਕੇ ਹੀ ਪੈਂਦਾ ਹੇ। ਨੈਣ-ਨਕਸ਼ ਤੇ ਰੰਗ-ਰੂਪ ਜੋ ਕੁਦਰਤ ਨੇ ਦਿੱਤੇ ਹਨ ਉਨ੍ਹਾਂ ਨੂੰ ਹੀ ਸਵੀਕਾਰ ਕਰਨਾ ਚਾਹੀਦਾ ਹੈ ਨਾ ਕਿ ਬਿਊਟੀ ਪਾਰਲਰਾਂ ਵਿਚ ਜਾ ਕੇ ਉਨ੍ਹਾਂ ਵਿਚ ਤਬਦੀਲੀ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਬਾਅਦ ਵਿਚ ਸਮਾਂ ਬੀਤਣ ਨਾਲ ਚਿਹਰੇ ਦੀ ਚਮੜੀ ਹੋਰ ਵੀ ਖਰਾਬ ਹੋ ਜਾਂਦੀ ਹੈ। ਇਹੋ ਜਿਹੀਆਂ ਆਦਤਾਂ ਪਾਉਣਾ ਜ਼ਿੰਦਗੀ ਨੂੰ ਨੀਰਸ ਬਣਾਉਣ ਤੋਂ ਸਿਵਾਏ ਕੁਝ ਪੱਲੇ ਨਹੀਂ ਪਾਉਂਦੀਆਂ। ਸਾਦਗੀ ਵਿਚ ਰਹਿ ਰਹੀਆਂ ਔਰਤਾਂ ਮਾਨਸਿਕ ਸ਼ਾਂਤੀ ਦਾ ਆਨੰਦਮਈ ਜੀਵਨ ਬਤੀਤ ਕਰਦੀਆਂ ਹਨ। ਪਹਿਰਾਵਾ, ਗੱਲਬਾਤ ਦਾ ਢੰਗ, ਸੁਭਾਅ ਅਤੇ ਕਿੱਤਾ ਆਦਿ ਸ਼ਖਸੀਅਤ ਨੂੰ ਚੰਗਾ ਬਣਾਉਣ ਲਈ ਸਹਾਈ ਹੁੰਦੇ ਹਨ ਨਾ ਕਿ ਗਹਿਣੇ।

**ਮੇਜਰਸਿੰਘਨਾਭਾ**

# ਸਰੀਰ ਲਈ ਰਾਮਬਾਣ ਹੈ ਕੋਸਾ ਪਾਣੀ




ਵਰਸ਼ਾ ਵਰਮਾ (ਪਟਿਆਲਾ)

ਆਮ ਤੌਰ 'ਤੇ ਹਰ ਮਨੁੱਖ ਦੇ ਦਿਨ ਦੀ ਸ਼ੁਰੂਆਤ ਇੱਕ ਕੱਪ ਚਾਹ ਜਾਂ ਕਾਫੀ ਨਾਲ ਹੁੰਦੀ ਹੈ। ਉਹ ਭਲੀ-ਭਾਂਤ ਜਾਣਦੇ ਹਨ ਕਿ ਖਾਲੀ ਪੇਟ ਚਾਹ ਜਾਂ ਕਾਫੀ ਸਿਹਤ ਲਈ ਬਹੁਤ ਨੁਕਸਾਨਦਾਇਕ ਹੁੰਦੀ ਹੈ। ਇਸ ਲਈ ਸਾਨੂੰ ਹਰ ਰੋਜ਼ ਸਵੇਰੇ ਖਾਲੀ ਪੇਟ ਕੋਸੇ ਪਾਣੀ ਦਾ ਸੇਵਨ ਜ਼ਰੂਰ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਬਿਮਾਰੀਆਂ ਤੋਂ ਦੂਰ ਰਹਿ ਸਕੀਏ। ਕਿਸੇ ਵੀ ਰੋਗ ਤੋਂ ਬਚਣ ਲਈ ਡਾਕਟਰ ਜ਼ਿਆਦਾ ਪਾਣੀ ਪੀਣ ਦੀ ਸਲਾਹ ਦਿੰਦੇ ਹਨ। ਸਿਹਤਮੰਦ ਰਹਿਣ ਲਈ ਸਾਨੂੰ ਦਿਨ ਵਿੱਚ ਘੱਟੋ-ਘੱਟ 8-10 ਗਿਲਾਸ ਪਾਣੀ ਪੀਣਾ ਚਾਹੀਦਾ ਹੈ। ਸਰਦੀਆਂ ਦੇ ਮੌਸਮ ਵਿੱਚ ਜ਼ਿਆਦਾ ਪਿਆਸ ਤਾਂ ਨਹੀਂ ਲੱਗਦੀ ਪਰ ਫਿਰ ਵੀ ਸਾਨੂੰ ਕੋਸਾ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ। ਅਸੀਂ ਸਾਰੇ ਇਹ ਚੰਗੀ ਤਰੈਹਾਂ ਜਾਣਦੇ ਹਾਂ ਕਿ ਪਾਣੀ ਸਾਡੇ ਸਰੀਰ ਲਈ ਕਿੰਨਾ ਜ਼ਰੂਰੀ ਹੈ। ਪਰ ਜੇ ਦਿਨ 'ਚ 3 ਤੋਂ 4 ਵਾਰ ਗਰਮ ਜਾਂ ਕੋਸਾ ਪਾਣੀ ਪੀਣ ਦੀ ਆਦਤ ਪਾ ਲਈ ਜਾਵੇ ਤਾਂ ਅਸੀਂ ਖੁਦ ਨੂੰ ਕਈ ਬੀਮਾਰੀਆਂ ਤੋਂ ਬਚਾ ਸਕਦੇ ਹਾਂ। ਕੋਸਾ ਪਾਣੀ ਸਰੀਰ ਚੋਂ ਅਨੇਕਾ ਰੋਗਾਂ ਨੂੰ ਬਾਹਰ ਕੱਢਣ ਦੀ ਸਮਰੱਥਾ ਰੱਖਦਾ ਹੈ। ਕੋਸਾ ਪਾਣੀ ਪੀਣ ਦੇ ਅਨੇਕਾਂ ਫਾਇਦੇ ਹਨ। ਆਓ ਇਹਨਾਂ ਵੱਲ ਇੱਕ ਝਾਤ ਮਾਰੀਏ :-

**ਵਜ਼ਨ ਘੱਟ ਕਰੇ**

ਜੇਕਰ ਤੁਸੀਂ ਤੇਜ਼ੀ ਨਾਲ ਵਜ਼ਨ ਘਟਾਉਣਾ ਚਾਹੁੰਦੇ ਹੋ ਤਾਂ ਰੋਜ਼ਾਨਾ ਸਵੇਰੇ ਖਾਲੀ ਪੇਟ 1-2 ਗਿਲਾਸ ਗਰਮ ਪਾਣੀ ਦਾ ਸੇਵਨ ਕਰੋ। ਗਰਮ ਪਾਣੀ ਲਗਾਤਾਰ ਵਧ ਰਹੇ ਭਾਰ ਨੂੰ ਘਟਾਉਣ ਵਿੱਚ ਮਦਦਗਾਰ ਸਾਬਿਤ ਹੁੰਦਾ ਹੈ। ਸ਼ਹਿਦ ਤੇ ਨਿੰਬੂ ਨੂੰ ਕੋਸੇ ਪਾਣੀ ਵਿੱਚ ਮਿਲਾ ਕੇ ਤਿੰਨ ਮਹੀਨਿਆਂ ਤੱਕ ਲਗਾਤਾਰ ਪੀਣ ਨਾਲ ਸਰੀਰ ਵਿੱਚ ਜਮੈਹਾਂ ਹੋਈ ਵਾਧੂ ਚਰਬੀ ਜਲਦੀ ਪਿਘਲਾ ਕੇ ਵਜ਼ਨ ਘੱਟ ਕਰਨ ਵਿੱਚ ਮਦਦ ਕਰਦਾ ਹੈ।





**ਬਲੱਡ ਪੈਰੈਸ਼ਰ ਕੰਟਰੋਲ ਕਰੇ**

ਜ਼ਿਆਦਾ ਮਾਤਰਾ 'ਚ ਪਾਣੀ ਪੀਣ ਨਾਲ ਬਲੱਡ ਪੈਰੈਸ਼ਰ ਠੀਕ ਰਹਿੰਦਾ ਹੈ। ਸਾਡੇ ਵੱਲੋਂ ਪੀਤਾ ਪਾਣੀ ਖ਼ੂਨ ਦੇ ਸੰਘਣੇਪਨ ਨੂੰ ਘਟਾਉਂਦਾ ਹੈ ਤੇ ਨਾੜੀਆਂ 'ਚ ਇਸ ਦੇ ਦਬਾਅ ਜਾਂ ਰਫ਼ਤਾਰ ਨੂੰ ਕਾਬੂ 'ਚ ਰੱਖਦਾ ਹੈ।

**ਸਰਦੀ-ਜ਼ੁਕਾਮ ਤੋਂ ਰਾਹਤ**

ਬਦਲਦੇ ਮੌਸਮ ਦੌਰਾਨ ਸਰਦੀ-ਜ਼ੁਕਾਮ ਦੀ ਸਮੱਸਿਆ ਆਮ ਦੇਖਣ ਨੂੰ ਮਿਲਦੀ ਹੈ। ਇਹਨਾਂ ਦਿਨਾਂ ਵਿੱਚ ਗਰਮ ਪਾਣੀ ਪੀਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਇਹ ਕਿਸੇ ਰਾਮਬਾਣ ਤੋਂ ਘੱਟ ਨਹੀਂ। ਇਸ ਨਾਲ ਕਦੇ ਵੀ ਸਰਦੀ-ਜ਼ੁਕਾਮ ਦੀ ਸਮੱਸਿਆ ਨਹੀਂ ਹੁੰਦੀ। ਇਸ ਦੇ ਨਾਲ ਹੀ ਗਰਮ ਪਾਣੀ ਤੁਹਾਨੂੰ ਗਲੇ ਦੀ ਜਕੜਨ ਤੋਂ ਵੀ ਰਾਹਤ ਦਿੰਦਾ ਹੈ। ਕੋਸਾ ਪਾਣੀ ਪੀਣ ਨਾਲ ਤੁਹਾਡਾ ਗਲਾ ਵੀ ਠੀਕ ਹੋ ਜਾਂਦਾ ਹੈ। ਇਸ ਦੀ ਵਰਤੋਂ ਨਾਲ ਰਾਹਤ ਮਿਲਦੀ ਹੈ।

**ਕਬਜ਼ ਤੋਂ ਰਾਹਤ**

ਜਿਨੈਹਾਂ ਲੋਕਾਂ ਨੂੰ ਅਕਸਰ ਕਬਜ਼ ਦੀ ਸਮੱਸਿਆ ਰਹਿੰਦੀ ਹੈ ਉਨੈਹਾਂ ਲਈ ਗਰਮ ਪਾਣੀ ਕਿਸੇ ਦਵਾਈ ਤੋਂ ਘੱਟ ਨਹੀਂ। ਸਵੇਰੇ ਖਾਲੀ ਪੇਟ ਇਕ ਗਲਾਸ ਗਰਮ ਪਾਣੀ ਪੀਣ ਨਾਲ ਕਬਜ਼ ਦੇ ਨਾਲ-ਨਾਲ ਐਸੀਡਿਟੀ ਅਤੇ ਗੈਸ ਦੀਆਂ ਸਮੱਸਿਆਵਾਂ ਵੀ ਠੀਕ ਹੋ ਜਾਂਦੀਆਂ ਹਨ।

**ਭੁੱਖ ਵਧਾਵੇ**

ਜ਼ਿਨੈਹਾਂ ਵਿਅਕਤੀਆਂ ਨੂੰ ਭੁੱਖ ਨਹੀਂ ਲੱਗਦੀ ਉਹ ਗਰਮ ਪਾਣੀ ਵਿਚ ਕਾਲੀ ਮਿਰਚ, ਲੂਣ ਅਤੇ ਨਿੰਬੂ ਦਾ ਰਸ ਮਿਲਾ ਕੇ ਪੀਣ। ਇਸ ਨਾਲ ਭੁੱਖ ਲੱਗਣੀ ਸ਼ੁਰੂ ਹੋ ਜਾਵੇਗੀ।

**ਹਾਈ ਕੋਲੈਸਟੈਰੋਲ**

ਜਿਨੈਹਾਂ ਲੋਕਾਂ ਦਾ ਕਲੈਸਟੈਰੋਲ ਹਾਈ ਰਹਿੰਦਾ ਹੈ। ਉਨੈਹਾਂ ਨੂੰ ਸਵੇਰੇ ਖਾਲੀ ਪੇਟ ਗਰਮ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ। ਕਿਉਂਕਿ ਗਰਮ ਪਾਣੀ ਖ਼ੂਨ ਨੂੰ ਕੁਦਰਤੀ ਰੂਪ ਵਿੱਚ ਪਤਲਾ ਕਰਦਾ ਹੈ ਜਿਸ ਨਾਲ ਖ਼ੂਨ ਨਹੀਂ ਜੰਮਦਾ ਅਤੇ ਦਿਲ ਦੀਆਂ ਸਮੱਸਿਆਵਾਂ ਵੀ ਨਹੀਂ ਹੁੰਦੀਆਂ।



**ਜੋੜਾਂ ਦੀਆਂ ਸਮੱਸਿਆਵਾਂ**

ਜਿਨੈਹਾਂ ਲੋਕਾਂ ਨੂੰ ਥਕਾਵਟ ਅਤੇ ਸਰੀਰ ਵਿੱਚ ਦਰਦ ਰਹਿੰਦਾ ਹੈ ਜਾਂ ਫਿਰ ਜੋੜਾਂ ਦੇ ਦਰਦ ਦੀ ਸਮੱਸਿਆ ਰਹਿੰਦੀ ਹੈ, ਉਨੈਹਾਂ ਲਈ ਗਰਮ ਪਾਣੀ ਬਹੁਤ ਲਾਭਕਾਰੀ ਹੈ। ਗਰਮ ਪਾਣੀ ਇੱਕ ਪੇਨ ਕਿੱਲਰ ਦੀ ਤਰੈਹਾਂ ਕੰਮ ਕਰਦਾ ਹੈ। ਜਦੋਂ ਵੀ ਕੋਈ ਦਰਦ ਹੁੰਦਾ ਹੈ ਤਾਂ ਇੱਕ ਗਲਾਸ ਗਰਮ ਪਾਣੀ ਪੀਓ, ਇਸ ਨਾਲ ਦਰਦ 70% ਠੀਕ ਹੋ ਜਾਵੇਗਾ।

**ਚਮੜੀ ਲਈ ਫਾਇਦੇਮੰਦ**

ਕਿਸੇ ਵੀ ਤਰੈਹਾਂ ਦੀ ਚਮੜੀ ਦੀ ਸਮੱਸਿਆ ਹੋਣ 'ਤੇ ਗਰਮ ਪਾਣੀ ਬਹੁਤ ਫਾਇਦੇਮੰਦ ਹੈ। ਸਵੇਰੇ ਖਾਲੀ ਪੇਟ ਗਰਮ ਪਾਣੀ ਪੀਣ ਨਾਲ ਕਿੱਲ, ਮੁਹਾਸੇ, ਫਿੰਸੀਆਂ ਤੋਂ ਛੁਟਕਾਰਾ ਮਿਲ ਜਾਂਦਾ ਹੈ ਅਤੇ ਕੋਸਾ ਪਾਣੀ ਪੀਣ ਨਾਲ ਝੁਰੜੀਆਂ, ਢਿੱਲੀ ਚਮੜੀ, ਕਾਲੇ ਘੇਰੇ ਦੀ ਸਮੱਸਿਆ ਵੀ ਦੂਰ ਹੁੰਦੀ ਹੈ। ਜੇਕਰ ਰੋਜ਼ਾਨਾ ਕੋਸਾ ਪਾਣੀ ਪੀਤਾ ਜਾਵੇ ਤਾਂ ਚਮੜੀ ਵਿੱਚ ਚਮਕ ਆਉਣ ਲੱਗਦੀ ਹੈ।

**ਸਰੀਰ ਡਿਟਾਕਸ ਕਰੇ**

ਸਵੇਰੇ ਖਾਲੀ ਪੇਟ ਕੋਸਾ ਪਾਣੀ ਪੀਣ ਨਾਲ ਸਰੀਰ ਦੇ ਡਿਟੋਕਸ ਕਰਨ ਵਿੱਚ ਮਦਦ ਮਿਲਦੀ ਹੈ। ਕਿਉਂਕਿ ਗਰਮ ਪਾਣੀ ਪੀਣ ਨਾਲ ਸਰੀਰ ਦਾ ਤਾਪਮਾਨ ਵਧ ਜਾਂਦਾ ਹੈ ਜਿਸ ਨਾਲ ਪਸੀਨਾ ਆਉਣ ਲੱਗਦਾ ਹੈ ਅਤੇ ਇਸ ਦੇ ਜ਼ਰੀਏ ਸਰੀਰ ਵਿੱਚ ਮੌਜੂਦ ਵਿਸ਼ੈਲੇ ਤੱਤ ਬਾਹਰ ਨਿਕਲ ਜਾਂਦੇ ਹਨ।

**ਖ਼ੂਨ ਸਾਫ ਕਰੇ**

ਕੋਸਾ ਪਾਣੀ ਪੀਣ ਨਾਲ ਸਰੀਰ ਦੇ ਸਾਰੇ ਗੰਦੇ ਟਾਕਸਿਨ ਵੀ ਪਿਸ਼ਾਬ ਅਤੇ ਪਸੀਨੇ ਰਾਹੀਂ ਬਾਹਰ ਨਿਕਲਦੇ ਹਨ। ਇਸ ਦੇ ਨਾਲ ਖ਼ੂਨ ਦੀ ਸ਼ੁੱਧੀ ਵੀ ਹੁੰਦੀ ਹੈ।

**ਮਹਾਵਾਰੀ ਦੀ ਸਮੱਸਿਆ**

ਜਿੰਨੈਹਾਂ ਔਰਤਾਂ ਨੂੰ ਮਹਾਵਾਰੀ ਦੇ ਦਿਨਾਂ 'ਚ ਪੇਟ ਦਰਦ ਜਾਂ ਕਮਰ ਦਰਦ ਦੀ ਸਮੱਸਿਆ ਰਹਿੰਦੀ ਹੈ, ਉਨੈਹਾਂ ਨੂੰ ਗਰਮ ਪਾਣੀ ਪੀਣਾ ਚਾਹੀਦਾ ਹੈ। ਨਾਲ ਹੀ ਇਸ ਦੌਰਾਨ ਗਰਮ ਪਾਣੀ ਨਾਲ ਪੇਟ ਦੀ ਸਿਕਾਈ ਕਰਨ 'ਚ ਕਾਫੀ ਫਾਇਦਾ ਮਿਲਦਾ ਹੈ।

**ਵਾਲਾਂ ਲਈ ਫਾਇਦੇਮੰਦ**

ਇਸ ਤੋਂ ਇਲਾਵਾ ਕੋਸਾ ਪਾਣੀ ਵਾਲਾਂ ਲਈ ਵੀ ਬਹੁਤ ਲਾਭਦਾਇਕ ਹੈ। ਇਸ ਨਾਲ ਵਾਲ ਚਮਕਦਾਰ ਹੁੰਦੇ ਹਨ ਅਤੇ ਇਨੈਹਾਂ ਦੀ ਲੰਬਾਈ ਵੀ ਤੇਜ਼ੀ ਨਾਲ ਵਧਦੀ ਹੈ।

# ਸਰਦੀ ਜੁਕਾਮ ਹੈ ਤਾਂ ਬੱਚਿਆਂ ਨੂੰ ਖਾਣ ਤੋਂ ਰੋਕੋ ਇਹ ਚਾਰ ਚੀਜਾਂ



ਜੇ ਬੱਚਿਆਂ ਨੂੰ ਜੁਕਾਮ ਜਾਂ ਫਲੂ ਹੈ, ਤਾਂ ਉਨ੍ਹਾਂ ਦੀ ਭੁੱਖ ਪ੍ਰਭਾਵਿਤ ਹੋਵੇਗੀ। ਫਲੂ ਜਾਂ ਜੁਕਾਮ ਹੋਣ 'ਤੇ ਭੁੱਖ ਦੀ ਘੱਟ ਲੱਗਣਾ ਆਮ ਹੈ ਪਰ ਅਜਿਹੀ ਸਥਿਤੀ ਵਿੱਚ ਊਰਜਾ ਲਈ ਕਾਫੀ ਮਾਤਰਾ ਵਿੱਚ ਭੋਜਨ ਖਾਣਾ ਬਹੁਤ ਮਹੱਤਵਪੂਰਨ ਹੈ। ਅਜਿਹੀ ਸਥਿਤੀ ਵਿੱਚ ਬੱਚਿਆਂ ਨੂੰ ਫਲੂ ਤੋਂ ਠੀਕ ਕਰਨ ਲਈ ਛੋਟੇ ਅੰਤਰਾਲਾਂ ਤੇ ਸਹੀ ਭੋਜਨ ਦੇਣਾ ਵੀ ਮਹੱਤਵਪੂਰਨ ਹੁੰਦਾ ਹੈ। ਅਜਿਹੀ ਸਥਿਤੀ ਵਿੱਚ, ਸਹੀ ਖਾਣਾ ਚੁਣਨਾ ਇੱਕ ਬਹੁਤ ਮੁਸਕਲ ਤੇ ਮਹੱਤਵਪੂਰਨ ਕਾਰਜ ਵੀ ਹੁੰਦਾ ਹੈ। ਬੱਚਿਆਂ ਨੂੰ ਸੁੱਕੇ ਫਲ, ਮੀਟ ਜਾਂ ਡੇਅਰੀ ਉਤਪਾਦਾਂ ਤੋਂ ਕੀ ਦੇਣਾ ਹੈ। ਇਸ ਬਾਰੇ ਜਾਣਕਾਰੀ ਬਹੁਤ ਮਹੱਤਵਪੂਰਨ ਹੈ, ਖਾਸ ਕਰਕੇ ਸਰਦੀਆਂ ਦੇ ਮੌਸਮ ਵਿੱਚ। ਅੱਜ, ਅਸੀਂ ਤੁਹਾਨੂੰ ਦੱਸਾਂਗੇ ਕਿ ਸਰਦੀਆਂ ਦੇ ਮੌਸਮ ਵਿੱਚ ਤੁਹਾਡੇ ਬੱਚਿਆਂ ਲਈ ਸਹੀ ਭੋਜਨ ਕੀ ਹੈ ਤੇ ਸਮੱਸਿਆ ਦਾ ਹੱਲ ਕੀ ਹੋ ਸਕਦਾ ਹੈ।

**ਮਿੱਠੀਆ ਚੀਜਾਂ ਤੋਂ ਪਰਹੇਜ ਕਰਨਾ**

ਸਰਦੀਆਂ ਵਿੱਚ ਕਈ ਕਿਸਮਾਂ ਦੇ ਸੰਕਰਮਣ ਦਾ ਜੋਖਮ ਵੱਧ ਜਾਂਦਾ ਹੈ। ਤੁਹਾਡੇ ਬੱਚਿਆਂ ਨੂੰ ਸੰਕਰਮਣ ਦੇ ਜੋਖਮ ਤੋਂ ਬਚਾਉਣ ਲਈ, ਮਠਿਆਈਆਂ ਦੀ ਮਾਤਰਾ ਨੂੰ ਘਟਾਉਣਾ ਚਾਹੀਦਾ ਹੈ। ਆਮ ਤੌਰ 'ਤੇ ਬੱਚਿਆਂ ਲਈ ਬਹੁਤ ਮਿੱਠਾ ਪਹਿਲਾਂ ਹੀ ਗਲਤ ਮੰਨਿਆ ਜਾਂਦਾ ਹੈ। ਖੰਡ ਦੀ ਜਆਿਦਾ ਮਾਤਰਾ ਬੱਚਿਆਂ ਵਿੱਚ ਚਿੱਟੇ ਲਹੂ ਦੇ ਸੈੱਲਾਂ ਦੀ ਮਾਤਰਾ ਨੂੰ ਘਟਾਉਂਦੀ ਹੈ। ਜੋ ਇਨਫੈਕਸਨ ਅਤੇ ਇਸ ਨਾਲ ਜੁੜੀਆਂ ਬਿਮਾਰੀਆਂ ਦੇ ਜੋਖਮ ਨੂੰ ਵਧਾਉਂਦਾ ਹੈ। ਇਸ ਮੌਸਮ ਦੌਰਾਨ ਬੱਚਿਆਂ ਨੂੰ ਸਾਫਟ ਡਰਿੰਕ, ਕੈਂਡੀਜ, ਚਾਕਲੇਟ ਦੇਣ ਵਾਲੀਆਂ ਚੀਜਾਂ ਤੋਂ ਪਰਹੇਜ ਕਰੋ।

**ਦੁੱਧ ਉਤਪਾਦਾਂ ਦੀ ਸੀਮਤ ਵਰਤੋਂ**

ਪਸ਼ੂ ਪ੍ਰੋਟੀਨ ਦੀ ਮਾਤਰਾ ਦੁੱਧ ਉਤਪਾਦਾਂ ਵਿੱਚ ਬਹੁਤ ਜਿਆਦਾ ਹੁੰਦੀ ਹੈ। ਸਰਦੀਆਂ ਵਿੱਚ, ਉਹ ਕਨਜੇਸਨ ਦਾ ਕਾਰਨ ਬਣ ਸਕਦੇ ਹਨ। ਜੁਕਾਮ ਵਿਚ, ਦੁੱਧ ਦੇ ਉਤਪਾਦ ਬਲਗਮ ਦੇ ਵਧਣ ਦਾ ਕਾਰਨ ਬਣ ਸਕਦੇ ਹਨ, ਜੋ ਸਥਿਤੀ ਨੂੰ ਖਰਾਬ ਕਰ ਸਕਦੇ ਹਨ। ਅਜਿਹੀ ਸਥਿਤੀ ਵਿਚ ਬੱਚਿਆਂ ਨੂੰ ਪਨੀਰ, ਕਰੀਮ, ਦੁੱਧ, ਦਹੀ ਵਰਗੀਆਂ ਚੀਜਾਂ ਦੇਣ ਤੋਂ ਪਰਹੇਜ ਕਰੋ ਜਾਂ ਉਨ੍ਹਾਂ ਨੂੰ ਸੀਮਤ ਮਾਤਰਾ ਵਿਚ ਦਿਓ।


**ਹਿਸਟਾਮਾਈਨ ਦੀ ਵਧੇਰੇ ਮਾਤਰਾ ਪਰੇਸਾਨ ਕਰੇਗੀ**

ਹਿਸਟਾਮਾਈਨ ਇੱਕ ਰਸਾਇਣ ਹੈ ਜੋ ਪੇਟ ਦੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ। ਉਸੇ ਹੀ ਸਮੇਂ ਸਰਦੀਆਂ ਵਿਚ ਹਿਸਟਾਮਾਈਨ ਨਾਲ ਭਰਪੂਰ ਭੋਜਨ ਖਾਣ ਨਾਲ ਬਲਗਮ ਵਿਚ ਵਾਧਾ ਹੁੰਦਾ ਹੈ। ਜਿਸ ਕਾਰਨ ਜੁਕਾਮ ਦੇ ਦੌਰਾਨ ਤੁਹਾਡੇ ਬੱਚਿਆਂ ਦਾ ਫਲੂ ਹੋਰ ਵਧ ਸਕਦਾ ਹੈ। ਅਜਿਹੀ ਸਥਿਤੀ ਵਿੱਚ ਬੱਚਿਆਂ ਨੂੰ ਮੇਅਨੀਜ, ਮਸੂਮ, ਸਿਰਕਾ, ਕੇਲਾ, ਸੋਇਆ ਸਾਸ, ਅਚਾਰ, ਸਟ੍ਰਾਬੇਰੀ, ਪਪੀਤਾ, ਧੂੰਆਂ ਪੀਤੀ ਮੱਛੀ, ਦਹੀਂ ਵਰਗੀਆਂ ਚੀਜਾਂ ਦੇਣ ਤੋਂ ਪਰਹੇਜ ਕਰੋ।

**ਤਲੇ ਹੋਏ ਖਾਣੇ ਤੋਂ ਦੂਰੀ ਬਣਾਓ**

ਜਿਆਦਾ ਤਲੇ ਭੋਜਨ ਫਲੂ ਦੇ ਦੌਰਾਨ ਸਮੱਸਿਆਵਾਂ ਦਾ ਕਾਰਨ ਬਣ ਸਕਦੇ ਹਨ। ਸਰਦੀਆਂ ਦੇ ਦੌਰਾਨ ਤਲੇ ਹੋਏ ਖਾਣੇ ਦੀ ਵਰਤੋਂ ਬਲਗਮ ਦਾ ਕਾਰਨ ਬਣ ਸਕਦਾ ਹੈ। ਅਜਿਹੀ ਸਥਿਤੀ ਵਿੱਚ, ਫਲੂ ਨਾਲ ਜੂਝ ਰਹੇ ਬੱਚਿਆਂ ਦੀ ਸਿਹਤ ਵਿਗੜ ਸਕਦੀ ਹੈ। ਅਜਿਹੀ ਸਥਿਤੀ ਵਿੱਚ ਬੱਚਿਆਂ ਨੂੰ ਤਲੇ ਦਾ ਭੋਜਨ ਨਾ ਦਿਓ।

# ਕੀ ਸਰਾਬ ਪੀਣ ਨਾਲ ਘੱਟ ਹੋ ਜਾਵੇਗਾ ਕਰੋਨਾ ਵੈਕਸੀਨ ਦਾ ਅਸਰ



ਕੋਵਿਡ ਵੈਕਸੀਨ ਦੀ ਮੁਹਿੰਮ ਸਾਰੇ ਵਿਸਵ ਵਿੱਚ ਸੂਰੂ ਹੋ ਗਈ ਹੈ। ਬਹੁਤ ਸਾਰੇ ਦੇਸਾਂ ਵਿੱਚ ਵੈਕਸੀਨ ਮੂਹਿੰਮ ਦਾ ਪਹਿਲਾ ਪੜਾਅ ਵੀ ਪੂਰਾ ਹੋਣ ਦੇ ਨੇੜੇ ਹੈ। ਭਾਰਤ ਵਿੱਚ ਵੀ ਪਹਿਲੇ ਪੜਾਅ ਦੀ ਸੂਰੂਆਤ ਹੋ ਗਈ ਹੈ। ਅਜਿਹੀ ਸਥਿਤੀ ਵਿੱਚ, ਲੋਕਾਂ ਦੇ ਟੀਕੇ ਬਾਰੇ ਬਹੁਤ ਸਾਰੇ ਪ੍ਰਸਨ ਹਨ। ਕੁਝ ਅਫਵਾਹਾਂ ਵੀ ਫੈਲਾਈਆਂ ਜਾ ਰਹੀਆਂ ਹਨ, ਤੇ ਕੁਝ ਲੋਕ ਆਪਣੀ ਜਾਣਕਾਰੀ ਦੇ ਅਧਾਰ ਤੇ ਸਿੱਟੇ ਕੱਢ ਰਹੇ ਹਨ। ਅਜਿਹੀ ਸਥਿਤੀ ਵਿੱਚ, ਇੱਕ ਸਭ ਤੋਂ ਵੱਧ ਵਿਚਾਰਿਆ ਸਵਾਲ ਇਹ ਹੈ ਕਿ ਕੀ ਅਲਕੋਹਲ ਪੀਣ ਨਾਲ ਟੀਕੇ ਉੱਤੇ ਕੋਈ ਅਸਰ ਪੈਂਦਾ ਹੈ ਜਾਂ ਕੋਈ ਮਾੜੇ ਪ੍ਰਭਾਵ ਸਾਹਮਣੇ ਆਉਂਦੇ ਹਨ ? ਯੂਨਾਈਟਿਡ ਕਿੰਗਡਮ ਦੇ ਮਾਹਰਾਂ ਅਨੁਸਾਰ, ਟੀਕੇ ਤੋਂ ਕੁਝ ਦਿਨ ਪਹਿਲਾਂ ਤੇ ਬਾਅਦ ਵਿੱਚ ਸਰਾਬ ਤੋਂ ਦੂਰੀ ਤੈਅ ਕਰਨੀ ਜਰੂਰੀ ਹੈ। ਇਸ ਬਾਰੇ, ਮਾਹਰ ਕਹਿੰਦੇ ਹਨ ਕਿ ਟੀਕੇ ਦੇ ਵਧੀਆ ਨਤੀਜਿਆਂ ਲਈ, ਤੁਹਾਡਾ ਇਮਊਨ ਸਿਸਟਮ ਬਿਹਤਰ ਸਥਿਤੀ ਵਿੱਚ ਹੋਣੀ ਚਾਹੀਦਾ ਹੈ। ਜੇ ਤੁਸੀਂ ਵੈਕਸੀਨ ਤੋਂ ਇਕ ਰਾਤ ਪਹਿਲਾਂ ਸਰਾਬ ਪੀਤੀ ਹੈ, ਤਾਂ ਟੀਕੇ ਦੇ ਪ੍ਰਭਾਵਸਾਲੀ ਹੋਣ ਵਿੱਚ ਮੁਸਕਲ ਹੋ ਸਕਦੀ ਹੈ।

ਉਸੇ ਸਮੇਂ, ਰੂਸ ਦੇ ਸਿਹਤ ਮਾਹਰਾਂ ਨੇ ਇੱਕ ਕਦਮ ਅੱਗੇ ਜਾਣ ਦੀ ਚਿਤਾਵਨੀ ਦਿੱਤੀ ਹੈ। ਸਪੂਟਿਕ ਵੀ ਦੀ ਵਰਤੋਂ ਰੂਸ ਵਿੱਚ ਕੀਤੀ ਜਾ ਰਹੀ ਹੈ ਤੇ ਟੀਕੇ ਦੇ ਬਿਹਤਰ ਨਤੀਜਿਆਂ ਲਈ ਟੀਕਾਕਰਨ ਤੋਂ ਦੋ ਮਹੀਨੇ ਪਹਿਲਾਂ ਸਰਾਬ ਛੱਡਣ ਲਈ ਕਿਹਾ ਗਿਆ ਹੈ। ਹਾਲਾਂਕਿ, ਇਸ ਮੁੱਦੇ 'ਤੇ ਅਮਰੀਕੀ ਮਾਹਰਾਂ ਦੀ ਰਾਏ ਵੱਖਰੀ ਹੈ। ਉਨ੍ਹਾਂ ਕਿਹਾ ਕਿ ਇਹ ਜਰੂਰੀ ਨਹੀਂ ਹੈ ਕਿ ਜਿਹੜੇ ਲੋਕ ਥੋੜ੍ਹੀ ਮਾਤਰਾ ਵਿੱਚ ਸਰਾਬ ਲੈਂਦੇ ਹਨ, ਉਨ੍ਹਾਂ ਤੇ ਕੋਈ ਮਾੜੇ ਪ੍ਰਭਾਵ ਨਹੀਂ ਹੋਣੇ ਚਾਹੀਦੇ ਜਾਂ ਟੀਕਾ ਪ੍ਰਭਾਵਸਾਲੀ ਨਹੀਂ ਹੋਣਾ ਚਾਹੀਦਾ ਹੈ। ਦਰਅਸਲ, ਮਾਹਰ ਕਹਿੰਦੇ ਹਨ ਕਿ ਜੋ ਲੋਕ ਵੱਡੀ ਮਾਤਰਾ ਵਿਚ ਸਰਾਬ ਪੀਂਦੇ ਹਨ, ਉਹ ਆਪਣੀ ਬਿਮਾਰੀ ਨਾਲ ਲੜਨ ਦੀ ਤਾਕਤ ਨੂੰ ਘਟਾਉਂਦੇ ਹਨ

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 295

Website: www.preetnama.com Email preetnamausa@gmail.com

14 MARCH TO 20 MARCH, 2025